
INTERNATIONAL MAGAZINE
RNI No. 61816/95
ਬ੍ਰਹਮੁ ਦੀਸੈ ਬ੍ਰਹਮੁ ਸੁਣੀਐ ਏਕੁ ਏਕੁ ਵਖਾਣੀਐ॥
ਆਤਮ ਪਸਾਰਾ ਕਰਣਹਾਰਾ ਪ੍ਰਭ ਬਿਨਾ ਨਹੀ ਜਾਣੀਐ॥
ਆਤਮ ਮਾਰਗ
ਅਪ੍ਰੈਲ 2017
ਸੰਨ 1699 ਦੀ ਵਿਸਾਖੀ ਨੂੰ
ਸ੍ਰੀ ਗੁਰੂ ਗੋਬਿੰਦ ਸਿੰਘ ਜੀ
ਖਾਲਸਾ ਪੰਥ ਦੀ ਸਾਜਨਾ ਸਮੇਂ
ਇਕ ਸੀਸ ਦੀ ਮੰਗ ਕਰਦੇ ਹੋਏ।

# ਆਤਮ ਮਾਰਗ

ਸਾਲ-ਤੇਈਵਾਂ, ਮਹੀਨਾ-ਅਪ੍ਰੈਲ, 2017

ਗੁਰਦੁਆਰਾ ਈਸ਼ਰ ਪ੍ਰਕਾਸ਼ ਰਤਵਾੜਾ ਸਾਹਿਬ



**ਸੰਚਾਲਕ**

ਸੱਚਖੰਡ ਵਾਸੀ ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ ਮਹਾਰਾਜ

ਸੰਤ ਮਾਤਾ (ਬੀਜੀ) ਰਣਜੀਤ ਕੌਰ ਜੀ

| ਚੇਅਰਮੈਨ | ਐਡੀਟਰ-ਇਨ-ਚੀਫ |
|---|---|
| ਸੰਤ ਬਾਬਾ ਲਖਬੀਰ ਸਿੰਘ ਜੀ | ਬਾਬਾ ਹਰਪਾਲ ਸਿੰਘ ਜੀ |
| ਮੈਨੇਜਿੰਗ ਐਡੀਟਰ | ਚੀਫ ਐਡੀਟਰ |
| ਭਾਈ ਸੁਖਵਿੰਦਰ ਸਿੰਘ | ਡਾ. ਜਗਜੀਤ ਸਿੰਘ (ਫੋਨ ਨੰ. 9779816909) |


## ਮੈਗਜ਼ੀਨ ਸੰਬੰਧੀ ਹਰ ਤਰ੍ਹਾਂ ਦੀ ਪੁੱਛਗਿੱਛ

ਜੇਕਰ ਆਪ ਜੀ ਨੂੰ ਮਹੀਨੇ ਦੀ 15 ਤਰੀਕ ਤੱਕ ਮੈਗਜ਼ੀਨ ਨਹੀਂ ਪਹੁੰਚਦਾ ਅਤੇ ਮੈਗਜ਼ੀਨ ਸਬੰਧੀ ਹਰ ਤਰ੍ਹਾਂ ਦੀ ਪੁੱਛਗਿੱਛ ਲਈ ਹੇਠ ਲਿਖੇ ਨੰਬਰਾਂ ਤੇ ਦਫਤਰੀ ਸਮਾਂ ਸਵੇਰੇ 10.00 ਵਜੇ ਤੋਂ ਸ਼ਾਮ 5.00 ਵਜੇ ਤੱਕ ਫੋਨ ਕਰਨ ਦੀ ਕ੍ਰਿਪਾਲਤਾ ਕਰੋ ਜੀ।

ਫੋਨ :- 84378-12900, 94172-14391, 94172-14379,

Email atammarg1@yahoo.co.in

**Postal Address for any Enquiry, Money Order, Cheque and drafts :**

'ATAM MARG' MAGAZINE
Gurdwara Ishar Parkash, Ratwara Sahib
(New Chandigarh) P.o. Mullanpur
Garibdas, Teh. Kharar, Distt. S.A.S
Nagar (MOHALI) - 140901, Pb. India

**SUBSCRIPTION - ਚੰਦਾ - (ਦੇਸ਼)**

| ਸਾਲਾਨਾ | ਜੀਵਨ ਕਾਲ | ਫੀ ਕਾਪੀ |
|---|---|---|
| 300/- | 3000/- | 30/- |
| 320/- | 3020/- | (For outstation cheques) |

**SUBSCRIPTION FOREIGN (ਵਿਦੇਸ਼)**

| ਸਾਲਾਨਾ | ਜੀਵਨ ਕਾਲ |
|---|---|
| $ 60/- | $ 600/- |


ਪ੍ਰਕਾਸ਼ਕ ਦੇ ਸਭ ਹੱਕ ਰਾਖਵੇਂ ਹਨ।



ਪ੍ਰਿੰਟਰ, ਪਬਲਿਸ਼ਰ ਤੇ ਐਡੀਟਰ ਬਾਬਾ ਹਰਪਾਲ ਸਿੰਘ ਰਤਵਾੜਾ ਸਾਹਿਬ ਨੇ 'ਆਤਮ ਮਾਰਗ' ਜੈ ਆਫਸੈਟ ਪ੍ਰਿੰਟਰਜ਼, 905 ਇੰਡਸਟਰੀਅਲ ਏਰੀਆ, ਫੇਜ਼-2, ਚੰਡੀਗੜ੍ਹ ਤੋਂ ਛਪਵਾ ਕੇ ਮੁੱਖ ਦਫਤਰ 'ਆਤਮ ਮਾਰਗ', ਰਤਵਾੜਾ ਸਾਹਿਬ, ਡਾਕਖਾਨਾ ਮੁੱਲਾਂਪੁਰ ਗਰੀਬਦਾਸ, ਤਹਿਸੀਲ ਖਰੜ, ਜ਼ਿਲ੍ਹਾ - ਸਾਹਿਬਜ਼ਾਦਾ ਅਜੀਤ ਸਿੰਘ ਨਗਰ (ਮੋਹਾਲੀ) ਪੰਜਾਬ ਤੋਂ ਪ੍ਰਕਾਸ਼ਿਤ ਕੀਤਾ।


Please visit us on internet at :-
For Atam Marg Email : atammarg1@yahoo.co.in,
Website & Live video -
www.ratwarasahib.in
www.ratwarasahib.org } (Every sunday)

Email :sratwarasahib.in@gmail.com

## ਵਿਦੇਸ਼ ਵਿਚ ਆਤਮ ਮਾਰਗ ਦੇ ਕੇਂਦਰ

**ਅਮਰੀਕਾ** - ਬਾਬਾ ਸਤਨਾਮ ਸਿੰਘ ਅਟਵਾਲ
ਫੋਨ ਅਤੇ ਫੈਕਸ : 001-408-263-1844

**ਕਨੇਡਾ** - ਭਾਈ ਸਰਮੁਖ ਸਿੰਘ ਪੰਨੂੰ, ਵੈਨਕੂਵਰ
ਫੋਨ : 001-604-433-0408

ਭਾਈ ਤਰਸੇਮ ਸਿੰਘ ਬੈਂਸ - ਮੋਬਾਇਲ : 001-604-862-9525
ਫੋਨ : 001-604-599-5000

ਭਾਈ ਜਸਬੀਰ ਸਿੰਘ ਰਾਣੂ ਫੋਨ : 001-604-589-9189

**ਇੰਗਲੈਂਡ** - ਬੀਬੀ ਗੁਰਬਖਸ਼ ਕੌਰ ਅਤੇ ਭਾਈ ਜਗਤਾਰ ਸਿੰਘ ਜੱਗੀ
ਫੋਨ : 0044-121-200-2818
ਫੈਕਸ : 0044-121-200-2879

ਭਾਈ ਅਰਵਿੰਦਰ ਸਿੰਘ (ਰਾਜ)
ਮੋਬਾਇਲ :0044-7968734058

ਆਸਟਰੇਲੀਆ- ਬੀਬੀ ਜਸਪ੍ਰੀਤ ਕੌਰ :
ਮੋਬਾਇਲ - 0061-406619858

## ਸੰਪਰਕ ਨੰਬਰ

1. ਆਤਮ ਮਾਰਗ ਮੈਗਜ਼ੀਨ (ਪੰਜਾਬੀ, ਹਿੰਦੀ, ਅੰਗ੍ਰੇਜ਼ੀ) 9417214391, 84378-12900, 9417214379,
2. ਗੁਰੂ ਗੋਬਿੰਦ ਸਿੰਘ ਵਿਦਿਆ ਮੰਦਰ ਸੀਨੀਅਰ ਸੈਕੰਡਰੀ ਸਕੂਲ (CBSE) , ਫੋਨ : 0160-2255003
3. ਮਾਤਾ ਸਾਹਿਬ ਕੌਰ ਫਰੀ ਸਿਲਾਈ ਸੈਂਟਰ ਮੋਬਾਇਲ : 96461-01996
4. ਸੰਤ ਵਰਿਆਮ ਸਿੰਘ ਮੈਮੋਰੀਅਲ ਪਬਲਿਕ ਸੀਨੀਅਰ ਸੈਕੰਡਰੀ ਸਕੂਲ (PSEB) ਮੋਬਾਇਲ : 95920-55581
5. ਸੰਤ ਵਰਿਆਮ ਸਿੰਘ ਚੈਰੀਟੇਬਲ ਹਸਪਤਾਲ 98786-95178, 92176-93845
6. ਇੰਟਰਨੈਸ਼ਨਲ ਡੀਵਾਇਨ ਸਕੂਲ ਆਫ ਨਰਸਿੰਗ ਮੋਬਾਇਲ : 94172-14382
7. ਇੰਟਰਨੈਸ਼ਨਲ ਡੀਵਾਇਨ ਕਾਲਜ ਆਫ ਐਜੂਕੇਸ਼ਨ (ਬੀ.ਐੱਡ) ਮੋਬਾਇਲ : 94172-14382
8. ਅਕਾਲ ਬਿਰਧ ਆਸ਼ਰਮ (ਫਰੀ) ਮੋਬਾਇਲ : 98157-28220

### ਵਿਸ਼ੇਸ਼ ਜਾਣਕਾਰੀ ਲਈ

| | |
|---|---|
| ਸ੍ਰੀ ਮਾਨ ਜੀ - | 98551-32009 |
| ਸ੍ਰੀ ਅਖੰਡਪਾਠ ਸਾਹਿਬ ਸੇਵਾ - | 94647-12900 |
| ਆਡੀਓ-ਵੀਡੀਓ ਲਾਇਬ੍ਰੇਰੀ - | 98728-14385<br>98555-28517 |
| ਕੇਬਲ ਟੀ.ਵੀ ਨੈਟਵਰਕ - | 94172-14385 |

### ਹੋਰ ਸੰਪਰਕ ਨੰਬਰ

98889-10777, 96461-01996, 9417214381

# ਤੱਤਕਰਾ


| | | |
|---|---|---|
| 1. | ਸੰਪਾਦਕੀ | 5 |
| | *ਭਾਈ ਡਾ. ਸੁਖਵਿੰਦਰ ਸਿੰਘ* | |
| 2. | ਬਾਰਹਮਾਹਾ | 6 |
| | *ਡਾ. ਜਗਜੀਤ ਸਿੰਘ* | |
| 3. | ਬਾਬਾਣੀਆਂ ਕਹਾਣੀਆਂ | 9 |
| | *ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ* | |
| 4. | ਹਰਿ ਕੀਰਤਿ ਸਾਧਸੰਗਤਿ ਹੈ ਸਿਰਿ ਕਰਮਨ ਕੈ ਕਰਮਾ॥ | 14 |
| | *ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ* | |
| 5. | ਆਤਮ ਗਿਆਨ | 22 |
| | *ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ* | |
| 6. | ਵਿਸਾਖੀ | 26 |
| | *ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ* | |
| 7. | ਅੰਮ੍ਰਿਤ ਪਵਿਹੁ ਸਦਾ ਚਿਰੁ ਜੀਵਹੁ | 43 |
| | *ਸੰਤ ਬਾਬਾ ਹਰਪਾਲ ਸਿੰਘ ਜੀ* | |
| 8. | ਗੁਰਬਾਣੀ ਅਰਥ-ਭੰਡਾਰ | 48 |
| | *ਸੰਤ ਹਰੀ ਸਿੰਘ ਜੀ, ਰੰਧਾਵੇ ਵਾਲੇ* | |
| 9. | ਨੌਂ ਰਤਨ - ਸ੍ਰੀ ਮਾਨ ਸੰਤ ਈਸ਼ਰ ਸਿੰਘ ਜੀ ਮਹਾਰਾਜ | 51 |
| | *ਗਿਆਨੀ ਮੇਹਰ ਸਿੰਘ* | |
| 10. | ਗੁਰੂ ਨਾਨਕ ਆਗਮਨ | 55 |
| | *ਡਾ. ਭਾਈ ਵੀਰ ਸਿੰਘ ਜੀ* | |
| 11. | ਜਪੁਜੀ ਦੇ ਪੰਜ ਖੰਡ | 59 |
| | *ਡਾ. ਜਗਜੀਤ ਸਿੰਘ* | |
| 12. | ਪੂਰਨ ਤੰਦਰੁਸਤੀ ਲਈ ਅਨੁਭਵੀ ਮਾਰਗ | 61 |
| | *ਡਾ. ਸਵਾਮੀ ਰਾਮ ਜੀ* | |
| 13. | ਵਿਸ਼ੇਸ਼ ਜਾਣਕਾਰੀ :- ਅਸਥਾਨ 'ਤੇ ਪ੍ਰੋਗਰਾਮ, ਇੰਟਰਨੈਟ ਵੈਬਸਾਈਟ, ਕੀਰਤਨ ਲਾਈਵ ਟੈਲੀਕਾਸਟ, ਬੈਂਕ ਅਕਾਊਂਟ, ਆਤਮ ਮਾਰਗ ਮੈਂਬਰਸ਼ਿਪ ਫਾਰਮ, ਹਸਪਤਾਲ ਅਤੇ ਪੁਸਤਕ ਸੂਚੀ | 63 |

# ਸੰਪਾਦਕੀ

*ਅੰਮ੍ਰਿਤੁ ਪੀਵਹੁ ਸਦਾ ਚਿਰੁ ਜੀਵਹੁ*
*ਹਰਿ ਸਿਮਰਤ ਅਨਦ ਅਨੰਤਾ ॥* *ਅੰਗ- ੪੯੬*

ਆਦਿ ਜੁਗਾਦਿ ਤੋਂ ਮਨੁੱਖ ਦੇ ਮਨ ਵਿਚ ਮੌਤ ਦਾ ਭੈਅ ਬਣਿਆ ਹੋਇਆ ਹੈ। ਅੱਜ ਦੇ ਪਦਾਰਥਵਾਦੀ ਯੁੱਗ ਵਿਚ ਮਨੁੱਖ ਨੇ ਭਾਵੇਂ ਅਨੇਕਾਂ ਕਾਢਾਂ ਕੱਢੀਆਂ ਹਨ, ਹਰ ਖੇਤਰ ਵਿਚ ਨਵੀਆਂ ਪੁਲਾਘਾਂ ਪੁੱਟੀਆਂ ਹਨ, ਸਾਇੰਸ, ਤਕਨੋਲਜੀ ਅਤੇ ਅਜੋਕੇ ਸਮੇਂ ਵਿਚ ਇੰਟਰਨੈਟ ਦੀਆਂ ਸੁਵਿਧਾਵਾਂ ਦੇ ਹੈਰਾਨੀਜਨਕ ਨਤੀਜੇ ਸਾਡੇ ਸਾਮ੍ਹਣੇ ਹਨ ਪਰ ਬੁੱਧੀ ਮੰਡਲ ਦੀ ਉਨਤੀ ਦੇ ਬਾਵਜੂਦ ਮੌਤ ਦਾ ਰਹੱਸ ਉਸੇ ਤਰ੍ਹਾਂ ਕਾਇਮ ਹੈ ਜਿਸ ਤਰ੍ਹਾਂ ਪਹਿਲਾਂ ਸੀ। ਜੰਮਣ ਅਤੇ ਮਰਣ ਦੇ ਰਹੱਸ ਤੋਂ ਪਰਦਾ ਉਠਾਉਣ ਦੀ ਕੋਸ਼ਿਸ਼ ਨੂੰ ਬਹੁਤਾ ਬੂਰ ਨਹੀਂ ਪਿਆ। ਵਰਤਮਾਨ ਦੇ ਵਰਤਾਰੇ ਤੋਂ ਅਚੰਭਿਤ ਹੋ ਕੇ ਮਨੁੱਖੀ ਜ਼ਿਹਨ ਵਿਚ ਪ੍ਰਸ਼ਨ ਉਠਣੇ ਸੁਭਾਵਿਕ ਹਨ ਅਤੇ ਜ਼ਰੂਰੀ ਵੀ। ਕੀ ਮੌਤ ਦੇ ਰਹੱਸ ਨੂੰ ਸਮਝਿਆ ਜਾ ਸਕਦਾ ਹੈ? ਕੀ ਮੌਤ ਤੋਂ ਉਪਰ ਵੀ ਕੋਈ ਅਵਸਥਾ ਹੈ? ਕੀ ਕਾਲ ਤੋਂ ਰਹਿਤ ਅਕਾਲ ਮੰਡਲ ਵੀ ਕੋਈ ਸਥਾਨ ਹੈ ਜਿਥੇ ਕਾਲ ਦੀ ਪਹੁੰਚ ਨਾ ਹੋਵੇ। ਕੀ ਮੌਤ ਅੱਗੇ ਮਜਬੂਰੀ, ਬੇਵਸੀ, ਲਾਚਾਰੀ ਹੈ ਜਾਂ ਇਸ ਨੂੰ ਹੱਸ ਕੇ ਗਲੇ ਮਿਲਿਆ ਜਾ ਸਕਦਾ ਹੈ? ਮੌਤ ਤੋਂ ਵਿਪਰੀਤ ਅਮਰਤਾ ਨਾਂ ਦੀ ਕੋਈ ਅਵਸਥਾ ਹੈ? ਜਨਮ ਮਰਣ ਤੋਂ ਛੁਟਕਾਰਾ ਸੰਭਵ ਹੈ? ਇਕ ਨਹੀਂ ਅਨੇਕਾਂ ਪ੍ਰਸ਼ਨ ਅਜੋਕੇ ਵਰਤਾਵੇ ਨੂੰ ਦੇਖ, ਮਾਣ ਕੇ, ਜ਼ਿਹਨ ਵਿਚ ਆਪ ਮੁਹਾਰੇ ਆ ਜਾਂਦੇ ਹਨ। ਸ੍ਰੀ ਗੁਰੂ ਨਾਨਕ ਸਾਹਿਬ ਤੋਂ ਲੈ ਕੇ ਨਿਰੰਕਾਰ ਦੀ ਦਸਮ ਜੋਤਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਸਮੁੱਚੇ ਜੀਵਨ ਅਤੇ ਜੁਗੋ ਜੁਗ ਅਟੱਲ ਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚੋਂ ਇਨ੍ਹਾਂ ਉਪਰੋਕਤ ਪ੍ਰਸ਼ਨਾਂ ਦੇ ਉਤਰ ਸਹਿਜੇ ਹੀ ਮਿਲ ਜਾਂਦੇ ਹਨ।

ਨਿਰੰਕਾਰੀ ਜੋਤਿ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਵਲੋਂ ਇਕ ਪੂਰਨ ਮਨੁੱਖ ਦੀ ਘਾੜਤ ਘੜਨ ਦਾ ਵਿਧਾਨ ਸਾਮ੍ਹਣੇ ਆਉਂਦਾ ਹੈ। ਇਸ ਪੂਰਨ ਆਦਰਸ਼ਕ ਮਨੁੱਖ ਦੀ ਘਾੜਤ ਲਈ ਪੂਰੇ 10 ਜਾਮੇ ਧਾਰਨ ਕੀਤੇ। ਦਸਵੇਂ ਜਾਮੇ ਵਿਚ 30 ਮਾਰਚ 1699 ਈ. ਨੂੰ ਸ੍ਰੀ ਅਨੰਦਪੁਰ ਸਾਹਿਬ ਦੀ ਪਾਵਨ ਧਰਤੀ ਤੇ ਇਸ ਆਦਰਸ਼ ਨੂੰ ਪ੍ਰਗਟ ਕੀਤਾ। ***'ਪ੍ਰਗਟਿਉ ਖਾਲਸਾ ਪ੍ਰਮਾਤਮ ਕੀ ਮੌਜ।'*** 'ਪ੍ਰਗਟ' ਉਹ ਸ਼ੈਅ ਹੁੰਦੀ ਹੈ ਜਿਸ ਦਾ ਵਜੂਦ ਪਹਿਲਾਂ ਹੋਵੇ। ਜਿਵੇਂ ਕਿ ***'ਸਤਿਗੁਰ ਨਾਨਕ ਪ੍ਰਗਟਿਆ ਮਿਟੀ ਧੁੰਦ ਜਗ ਚਾਨਣ ਹੋਆ।'*** ਇਥੇ ਵੀ ਪ੍ਰਗਟਤਾ ਦਾ ਸਿਧਾਂਤ ਹੈ। ਭਾਵ ਕਿ ਨਿਰੰਕਾਰ, ਅਕਾਲ ਪੁਰਖ ਆਦਿ ਜੁਗਾਦਿ ਤੋਂ ਹੈ ਪਰ ਕਲਜੁਗ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਰੂਪ ਵਿਚ ਪ੍ਰਗਟ ਹੋਏ, ਸਾਕਾਰ ਹੋਏ।

ਇਸੇ ਤਰ੍ਹਾਂ ਇਹ ਪੂਰਨ ਮਨੁੱਖ ਦਾ ਆਦਰਸ਼ ਖਾਲਸੇ ਦੇ ਰੂਪ ਵਿਚ ਪ੍ਰਗਟ ਹੋਇਆ। ਆਪਣੀ ਵਿਚਾਰ ਮੌਤ ਦੇ ਰਹੱਸ ਦੇ ਪਰਦੇ ਅਤੇ ਹੋਰ ਇਸ ਨਾਲ ਜੁੜੇ ਅਨੇਕਾਂ ਪ੍ਰਸ਼ਨਾਂ ਦੀ ਚਲ ਰਹੀ ਹੈ। ਮੌਤ ਅਤੇ ਇਸ ਨਾਲ ਜੁੜੇ ਸਮੂੰਹ ਰਹੱਸਾਂ ਦਾ ਸਮਾਧਾਨ ਹੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ 30 ਮਾਰਚ 1699 ਈ. ਨੂੰ ਪ੍ਰਗਟ ਕੀਤਾ। ਇਹ ਇਕ ਨਵੀਂ ਨਿਵੇਕਲੀ ਸਦੀਵੀ ਪਿਰਤ ਹੈ, ਜਿਸ ਨੂੰ ਅੰਮ੍ਰਿਤ ਕਿਹਾ ਜਾਂਦਾ ਹੈ। ਅੰਮ੍ਰਿਤ ਤਕ ਪਹੁੰਚ ਹੀ ਮੌਤ ਤੋਂ ਛੁਟਕਾਰਾ ਹੈ। ਅੰਮ੍ਰਿਤ ਦੋ ਸ਼ਬਦਾਂ ਦਾ ਸੁਮੇਲ ਹੈ। ਅੰ+ਮ੍ਰਿਤ, ਭਾਵ ਜੋ ਮੌਤ ਤੋਂ ਉਪਰ ਹੈ। ਜਿਥੇ ਕਾਲ ਦੀ ਪਹੁੰਚ ਨਹੀਂ, ਅਕਾਲ ਮੰਡਲ ਦਾ ਵਸੀਂਦਾ ਹੋਣਾ ਹੀ ਅੰਮ੍ਰਿਤ ਦੀ ਪ੍ਰਾਪਤੀ ਹੈ। ਸ੍ਰੀ ਗੁਰੂ ਗੋਬਿੰਦ ਸਿੰਘ ਮਹਾਰਾਜ ਨੇ 1699 ਦੀ ਵਿਸਾਖੀ ਨੂੰ ਖਾਸ ਵਿਧੀ ਨਾਲ ਤਿਆਰ ਕੀਤੇ ਅੰਮ੍ਰਿਤ ਨੂੰ ਇਕ ਨਵੀਂ ਨਿਵੇਕਲੀ ਪਹਿਚਾਣ ਬਖਸ਼ੀ। ਇਸ ਨਵੀਂ ਪਹਿਚਾਣ ਵਿਚ ਖੰਡੇ ਬਾਟੇ ਦਾ, ਜਲ, ਬਾਣੀ ਅਤੇ ਗੁਰੂ ਜੀ ਦੀ ਰੂਹਾਨੀ ਅਤੇ ਜਿਸਮਾਨੀ ਸ਼ਕਤੀ ਦਾ ਸੁਮੇਲ ਸੀ।

ਇਸ ਰੂਹਾਨੀ ਅਤੇ ਜਿਸਮਾਨੀ ਸ਼ਕਤੀ ਦੇ ਸੁਮੇਲ ਵਿਚ ਨਵਾਂ ਪੂਰਨ ਮਨੁੱਖ ਪ੍ਰਗਟ ਹੋਇਆ ਜਿਸ ਨੂੰ ਖਾਲਸੇ ਦੇ ਨਾਮ ਨਾਲ ਸਤਿਕਾਰਿਆ ਗਿਆ। ਇਹੀ ਗੁਰ ਚੇਲੇ ਦਾ ਸਿਧਾਂਤ ਸੀ। ਇਹ ਪੂਰਨ ਮਨੁੱਖ ਦੀ ਘਾੜਤ ਸੀ। ਇਹੀ ਖਾਲਸਾ ਬੇਗਮਪੁਰੇ ਦਾ ਵਾਸੀ ਸੀ। ਬਾਹਰਲੇ ਅੰਮ੍ਰਿਤ ਰਾਹੀਂ ਅੰਦਰਲੇ ਅੰਮ੍ਰਿਤ ਦੀ ਪ੍ਰਾਪਤੀ ਹੀ ਮੌਤ ਤੋਂ ਰਹਿਤ ਭਾਵ ਅਮਰ ਅਵਸਥਾ ਸੀ। ਇਸ ਅੰਮ੍ਰਿਤ ਦੀ ਪਹੁੰਚ ਵਾਲਾ ਮਨੁੱਖ ਸਭ ਦਾ ਸਾਂਝਾ ਸੀ। ਉਸ ਪੂਰਨ ਮਨੁੱਖ ਵਿਚ, ਅਕਾਲਪੁਰਖ ਵਿਚ ਅਤੇ ਸਮਾਜ ਵਿਚ ਕੋਈ ਅੰਤਰ ਨਹੀਂ ਸੀ। ਅੰਮ੍ਰਿਤ ਦੀ ਪ੍ਰਾਪਤੀ ਕਰਕੇ ਅਕਾਲ ਮੰਡਲ ਦਾ ਵਾਸੀ ਹੋ ਚੁੱਕਾ ਸੀ। ਅਕਾਲ ਮੰਡਲ ਦੇ ਵਾਸੀ ਲਈ ਇਹ ਦਿਸਦਾ ਸੰਸਾਰ ਉਸ ਵਾਹਿਗੁਰੂ ਦਾ ਹੀ ਰੂਪ ਹੈ। ਹੁਣ ਇਸ ਸੰਸਾਰ ਨੂੰ ਵਾਹਿਗੁਰੂ ਦਾ ਰੂਪ ਸਮਝ ਕੇ ਉਸ ਦੀ ਸਮੁੱਚੀ ਕਿਰਿਆ ਹੁਕਮ ਅਧੀਨ ਚਲਦੀ ਹੋਈ ਪਰਉਪਕਾਰੀ ਹੋ ਜਾਂਦੀ ਹੈ। ਇਸ ਆਦਰਸ਼ ਨੂੰ ਪਾਉਣ ਵਾਲਾ ਦੇਸ਼, ਕੌਮ, ਜਾਤ, ਨਸਲਾਂ, ਭੇਦ ਭਾਵ ਤੋਂ ਉਪਰ ਹੈ। ਆਪ ਅੰਮ੍ਰਿਤ ਦੀ ਪ੍ਰਾਪਤੀ ਕਰਕੇ ਦੂਸਰਿਆਂ ਨੂੰ ਇਸ ਦੀ ਪ੍ਰਾਪਤੀ ਕਰਾਉਣੀ ਹੀ ਉਸਦਾ ਮੁੱਖ ਮੰਤਵ ਹੁੰਦਾ ਹੈ ਤਾਂ ਜੋ ਸਮੁੱਚੀ ਲੋਕਾਈ ਬੇਗਮਪੁਰੇ ਦੀ ਵਾਸੀ ਬਣ ਸਕੇ। ਇਸ ਸ਼ਹਿਰ ਦੇ ਵਸਨੀਕ ਗਮਾਂ ਤੋਂ ਰਹਿਤ, ਦੁਖਾਂ ਕਲੇਸ਼ਾਂ ਤੋਂ ਰਹਿਤ, ਸੁੱਖ-ਸ਼ਾਂਤੀ, ਪਿਆਰ, ਸਦਭਾਵਨਾ ਵਾਲਾ ਜੀਵਨ ਬਤੀਤ ਕਰਦੇ ਹਨ। ਇਸ ਸਿਧਾਂਤ ਦੀ ਪੂਰਤੀ ਹਿਤ ਹੀ ਗੁਰੂ ਸਾਹਿਬਾਨ ਨੇ ਆਦਰਸ਼ਕ ਮਨੁੱਖ ਦੀ ਘਾੜਤ ਘੜੀ ਜੋ ਕਿ ਖਾਲਸੇ ਦੇ

*(ਬਾਕੀ ਪੰਨਾ 13 'ਤੇ)*

# ਵੈਸਾਖੁ ਸੁਹਾਵਾ ਤਾਂ ਲਗੈ ਜਾ ਸੰਤੁ ਭੇਟੈ ਹਰਿ ਸੋਇ ॥
## (ਵੈਸਾਖਿ ਮਹੀਨੇ ਦੀ ਸੰਗਰਾਂਦ : 13 ਅਪ੍ਰੈਲ, ਦਿਨ ਵੀਰਵਾਰ)

*(ਡਾ.) ਜਗਜੀਤ ਸਿੰਘ*

**ਬਾਰਹ ਮਾਹਾ ਮਾਂਝ ਮਹਲਾ ੫ ਘਰੁ ੪**

*ਵੈਸਾਖਿ ਧੀਰਨਿ ਕਿਉ ਵਾਢੀਆ ਜਿਨਾ ਪ੍ਰੇਮ ਬਿਛੋਹੁ ॥*
*ਹਰਿ ਸਾਜਨੁ ਪੁਰਖੁ ਵਿਸਾਰਿ ਕੈ ਲਗੀ ਮਾਇਆ ਧੋਹੁ ॥*
*ਪੁਤ੍ਰ ਕਲਤ੍ਰ ਨ ਸੰਗਿ ਧਨਾ ਹਰਿ ਅਵਿਨਾਸੀ ਓਹੁ ॥*
*ਪਲਚਿ ਪਲਚਿ ਸਗਲੀ ਮੁਈ ਝੂਠੈ ਧੰਧੈ ਮੋਹੁ ॥*
*ਇਕਸੁ ਹਰਿ ਕੇ ਨਾਮ ਬਿਨੁ ਅਗੈ ਲਈਅਹਿ ਖੋਹਿ ॥*
*ਦਯੁ ਵਿਸਾਰਿ ਵਿਗੁਚਣਾ ਪ੍ਰਭ ਬਿਨੁ ਅਵਰੁ ਨ ਕੋਇ ॥*
*ਪ੍ਰੀਤਮ ਚਰਣੀ ਜੋ ਲਗੇ ਤਿਨ ਕੀ ਨਿਰਮਲ ਸੋਇ ॥*
*ਨਾਨਕ ਕੀ ਪ੍ਰਭ ਬੇਨਤੀ ਪ੍ਰਭ ਮਿਲਹੁ ਪਰਾਪਤਿ ਹੋਇ ॥*
*ਵੈਸਾਖੁ ਸੁਹਾਵਾ ਤਾਂ ਲਗੈ ਜਾ ਸੰਤੁ ਭੇਟੈ ਹਰਿ ਸੋਇ ॥*

*ਅੰਗ - ੧੩੩*

ਵੈਸਾਖਿ ਧੀਰਨਿ ਕਿਉ ਵਾਢੀਆ ਜਿਨਾ ਪ੍ਰੇਮ ਬਿਛੋਹੁ ॥
ਹਰਿ ਸਾਜਨੁ ਪੁਰਖੁ ਵਿਸਾਰਿ ਕੈ ਲਗੀ ਮਾਇਆ ਧੋਹੁ ॥

ਵੈਸਾਖ ਦਾ ਮਹੀਨਾ ਬੜੀ ਸੁਹਾਵਣੀ ਰੁੱਤ ਵਾਲਾ ਹੈ ਅਤੇ ਹਰ ਇਸਤ੍ਰੀ ਪੁਰਸ਼ ਲਈ ਖੁਸ਼ੀਆਂ ਭਰਿਆ ਰੀਝਾਂ ਵਾਲਾ ਮਹੀਨਾ ਮੰਨਿਆ ਜਾਂਦਾ ਹੈ ਪਰ ਵੈਸਾਖ ਦੇ ਇਸ ਸੁਹਾਵਣੇ ਮਹੀਨੇ ਵਿਚ ਵੀ ਉਨ੍ਹਾਂ ਜੀਵ ਇਸਤ੍ਰੀਆਂ ਦਾ ਦਿਲ ਕਿਵੇਂ ਟਿਕ ਸਕਦਾ ਹੈ, ਖੁਸ਼ ਹੋ ਸਕਦਾ ਹੈ ਜੋ ਆਪਣੇ ਪ੍ਰੀਤਮ ਤੋਂ ਵਿਛੁੜੀਆਂ ਹੋਈਆਂ ਹਨ ਅਤੇ ਜਿਨ੍ਹਾਂ ਦੇ ਅੰਦਰ ਪ੍ਰਭੂ ਪਤੀ-ਪਿਆਰ ਦੀ ਅਣਹੋਂਦ ਹੈ ਅਤੇ ਵਿਛੋੜੇ ਦਾ ਅਨੁਭਵ ਹੀ ਨਹੀਂ। ***(ਵੈਸਾਖਿ ਧੀਰਨਿ ਕਿਉ ਵਾਢੀਆ ਜਿਨਾ ਪ੍ਰੇਮ ਬਿਛੋਹੁ ॥ )*** ਵਿਛੋੜਾ ਸਭ ਤੋਂ ਵੱਡਾ ਦੁਖ ਹੈ ਪਰ ਇਸ ਤੋਂ ਵੀ ਵੱਡਾ ਦੁਖ ਹੈ ਵਿਛੋੜੇ ਦੇ ਅਨੁਭਵ ਦਾ ਖਤਮ ਹੋ ਜਾਣਾ। ਜੇ ਵਿਛੋੜੇ ਦਾ ਅਹਿਸਾਸ ਹੋਵੇਗਾ ਤਾਂ ਮਿਲਾਪ ਲਈ ਉਦਮ-ਸ਼ੀਲ ਹੋਇਆ ਜਾ ਸਕਦਾ ਹੈ ਪਰ ਜੇ ਭਾਵਨਾ ਹੀ ਮਰ ਜਾਵੇ, ਤਾਂ ਬੜੀ ਦੁਖਦਾਈ ਅਵਸਥਾ ਹੁੰਦੀ ਹੈ। ਇਸ ਤਰ੍ਹਾਂ ਜਿਹੜੇ ਜੀਵਾਂ ਨੂੰ ਮਨ-ਮੋਹਣੀ ਮਾਇਆ ਚੰਬੜ ਜਾਂਦੀ ਹੈ, ਉਹ ਸੱਜਣ ਪ੍ਰਭੂ ਨੂੰ ਭੁੱਲ ਹੀ ਜਾਂਦੇ ਹਨ। ਉਨ੍ਹਾਂ ਨੂੰ ਧੀਰਜ ਕਿਵੇਂ ਪ੍ਰਾਪਤ ਹੋ ਸਕਦਾ ਹੈ? ***(ਹਰਿ ਸਾਜਨੁ ਪੁਰਖੁ ਵਿਸਾਰਿ ਕੈ ਲਗੀ ਮਾਇਆ ਧੋਹੁ ॥ )***

ਮਨੁੱਖ ਨੂੰ ਮਾਇਆ ਮਿੱਠੀ ਲਗਦੀ ਹੈ, ਮਾਇਆ ਦਾ ਰੂਪ ਰੰਗ ਅਤਿ ਮੋਹਣਾ ਹੈ, ਪ੍ਰਮਾਤਮਾ ਦੀ ਖੇਡ ਹੀ ਐਸੀ ਹੈ ਕਿ ਮਾਇਆ ਦੀ ਠੱਗ-ਬੂਟੀ ਮਨੁੱਖ ਦੇ ਚੰਚਲ ਮਨ ਨੂੰ ਮੋਹ ਲੈਂਦੀ ਹੈ। ਮਨੁੱਖ ਇਸ ਦੇ ਛਲਾਵੇ ਨੂੰ ਸਮਝ ਨਹੀਂ ਸਕਦਾ ਅਤੇ ਇਸ ਦੇ ਪਿਆਰ ਵਿਚੋਂ ਖੁਸ਼ੀ ਅਨੰਦ ਭਾਲਦਾ ਹੈ ਪਰ ਧੂਏਂ ਦੇ ਪਹਾੜ ਦੀ ਸਥਿਰਤਾ ਨਹੀਂ ਹੁੰਦੀ, ਨਾ ਹੀ ਰੇਤ ਦੀ ਕੰਧ ਦੀ ਕੋਈ ਮਿਆਦ। ਗੁਰੂ ਅਮਰਦਾਸ ਜੀ ਬੜੇ ਪਿਆਰੇ ਬਚਨਾਂ ਰਾਹੀਂ ਚੰਚਲ ਮਨ ਨੂੰ ਮਾਇਆ ਦੇ ਛਲਾਵੇ ਤੋਂ ਸਾਵਧਾਨ ਕਰਦੇ ਫੁਰਮਾਉਂਦੇ ਹਨ -

*ਏ ਮਨ ਚੰਚਲਾ ਚਤੁਰਾਈ ਕਿਨੈ ਨ ਪਾਇਆ ॥*
*ਚਤੁਰਾਈ ਨ ਪਾਇਆ ਕਿਨੈ ਤੂ ਸੁਣਿ ਮੰਨ ਮੇਰਿਆ ॥*
*ਏਹ ਮਾਇਆ ਮੋਹਣੀ ਜਿਨਿ ਏਤੁ ਭਰਮਿ ਭੁਲਾਇਆ ॥*
*ਮਾਇਆ ਤ ਮੋਹਣੀ ਤਿਨੈ ਕੀਤੀ ਜਿਨਿ ਠਗਉਲੀ ਪਾਈਆ ॥*
*ਕੁਰਬਾਣੁ ਕੀਤਾ ਤਿਸੈ ਵਿਟਹੁ ਜਿਨਿ ਮੋਹੁ ਮੀਠਾ ਲਾਇਆ ॥*
*ਕਹੈ ਨਾਨਕੁ ਮਨ ਚੰਚਲ ਚਤੁਰਾਈ ਕਿਨੈ ਨ ਪਾਇਆ ॥*

*ਅੰਗ - ੯੧੮*

ਮਾਇਆ ਦੇ ਪਿਆਰ ਅਤੇ ਛਲਾਵੇ ਦਾ ਸਭ ਤੋਂ ਦੁਖਦਾਈ ਪ੍ਰਤੀਕਰਮ ਇਹ ਹੁੰਦਾ ਹੈ ਕਿ ਮਨੁੱਖ ਸਿਰਜਨਹਾਰ, ਪਾਲਨਹਾਰ ਪ੍ਰਭੂ ਨੂੰ ਵਿਸਾਰ ਦਿੰਦਾ ਹੈ ਅਤੇ ਇਸ ਦੀ ਖੇਡ ਵਿਚ ਮਸਤ ਹੋ ਕੇ ਅਮੋਲਕ ਜੀਵਨ ਦੀ ਬਾਜੀ ਹਾਰ ਜਾਂਦਾ ਹੈ। ਨਾ ਦੀਨ ਮਿਲਦਾ ਹੈ ਨਾ ਦੁਨੀਆਂ। ਜੇ ਮਨੁੱਖ ਮਾਇਆ ਦੀ ਅਸਲੀਅਤ ਸਮਝ ਲਵੇ, ਗੁਰਸ਼ਬਦ ਰਾਹੀਂ, ਬਾਣੀ ਰਾਹੀਂ, ਨਾਮ ਸਿਮਰਨ ਰਾਹੀਂ, ਸੰਤਾਂ ਮਹਾਂਪੁਰਸ਼ਾਂ, ਨਾਮ-ਅਭਿਆਸੀਆਂ ਦੀ ਸੰਗਤ ਰਾਹੀਂ ਤਾਂ ਉਹ ਪ੍ਰਭੂ-ਪਿਆਰ ਦੇ ਅਨੰਦ ਵਿਚ ਵਿਚਰਦਾ ਮਾਇਆ ਨੂੰ ਦਾਸੀ (ਸੇਵਕ) ਮੰਨ ਕੇ ਉਸ ਨੂੰ ਉੱਤਮ-ਕਾਰਜਾਂ ਲਈ ਸਾਧਨ ਵਜੋਂ ਵਰਤੋਂ ਵਿਚ ਲਿਆ ਸਕਦਾ ਹੈ। ਨਹੀਂ ਤਾਂ ਮਾਇਆ ਦੀ ਅਗਨੀ ਮਨੁੱਖ ਨੂੰ ਸਾੜ ਕੇ ਸੁਆਹ ਕਰ ਦਿੰਦੀ ਹੈ -

*ਜੈਸੀ ਅਗਨਿ ਉਦਰ ਮਹਿ ਤੈਸੀ ਬਾਹਰਿ ਮਾਇਆ ॥*
*ਮਾਇਆ ਅਗਨਿ ਸਭ ਇਕੋ ਜੇਹੀ ਕਰਤੈ ਖੇਲੁ ਰਚਾਇਆ ॥*
*ਜਾ ਤਿਸੁ ਭਾਣਾ ਤਾ ਜੰਮਿਆ ਪਰਵਾਰਿ ਭਲਾ ਭਾਇਆ ॥*
*ਲਿਵ ਛੁੜਕੀ ਲਗੀ ਤ੍ਰਿਸਨਾ ਮਾਇਆ ਅਮਰੁ ਵਰਤਾਇਆ ॥*
*ਏਹ ਮਾਇਆ ਜਿਤੁ ਹਰਿ ਵਿਸਰੈ*
*ਮੋਹੁ ਉਪਜੈ ਭਾਉ ਦੂਜਾ ਲਾਇਆ॥*
*ਕਹੈ ਨਾਨਕੁ ਗੁਰ ਪਰਸਾਦੀ ਜਿਨਾ ਲਿਵ ਲਾਗੀ*
*ਤਿਨੀ ਵਿਚੇ ਮਾਇਆ ਪਾਇਆ ॥* *ਅੰਗ - ੯੨੧*

ਮਾਇਆ ਦੇ ਮੋਹ ਵਿਚ ਗਿਆਨ-ਵਿਹੂਣਾ ਮਨੁੱਖ ਕੀਮਤੀ ਹੀਰੇ-ਮੋਤੀਆਂ ਸਮਾਨ ਪ੍ਰਭੂ-ਨਾਮ ਨੂੰ ਵਿਸਾਰ ਦੇਂਦਾ ਹੈ ਜੋ ਇਸ ਦਾ ਅਸਲ ਖਜ਼ਾਨਾ ਹੈ, ਜੋ ਸੁਖਾਂ ਦੀ ਖਾਣ ਹੈ, ਜੋ ਅਸਲ ਜੀਵਨ ਹੈ, ਸੁਖ ਅਨੰਦ ਦਾ ਘਰ ਹੈ। ਮਾਇਕ ਮੋਹ, ਲੋਭ ਲਾਲਚ ਤ੍ਰਿਸ਼ਨਾ ਦੀ ਅੱਗ ਤਾਂ ਸਦਾ ਹੀ ਦ੍ਵੈਤ ਭਾਵ ਪੈਦਾ ਕਰਦੀ ਹੈ ਜਿਥੇ ਸੁਪਨੇ ਵਿਚ ਵੀ ਸੁਖ ਨਸੀਬ ਨਹੀਂ ਹੁੰਦਾ -

*ਰਤਨੁ ਪਦਾਰਥੁ ਪਲਰਿ ਤਿਆਗੈ ॥*
*ਮਨਮੁਖੁ ਅੰਧਾ ਦੂਜੈ ਭਾਇ ਲਾਗੈ ॥*
*ਜੋ ਬੀਜੈ ਸੋਈ ਫਲੁ ਪਾਏ ਸੁਪਨੈ ਸੁਖੁ ਨ ਪਾਵਣਿਆ ॥*

*ਅੰਗ - ੧੧੩*

ਗੁਰਬਾਣੀ ਸਾਨੂੰ ਮਾਇਆ ਦੀ ਅਸਲੀਅਤ ਉਜਾਗਰ ਕਰਦੀ ਦਸਦੀ ਹੈ ਕਿ ਉਸ ਮਾਇਆ ਨਾਲ ਮੋਹ ਪਾਉਣ ਅਤੇ ਇਕੱਠੀ ਕਰਨ ਦਾ ਕੀ ਲਾਭ ਜੋ ਜਗਤ ਤੋਂ ਤੁਰਨ ਲੱਗਿਆਂ ਨਾਲ ਨਹੀਂ ਜਾਂਦੀ। ਜਿਸ ਤੋਂ ਆਖਰ ਵਿਛੜ ਜਾਣਾ ਹੈ, ਉਸ ਦੀ ਖਾਤਰ ਐਨੇ ਜਤਨ ਕਰਨ ਅਤੇ ਵੈਰ-ਵਿਰੋਧ ਸਹੇੜਨ ਦਾ ਕੀ ਲਾਭ?

*ਚਲਦਿਆ ਨਾਲਿ ਨ ਚਲੈ ਸੋ ਕਿਉ ਸੰਜੀਐ ॥*

*ਤਿਸ ਕਾ ਕਹੁ ਕਿਆ ਜਤਨੁ ਜਿਸ ਤੇ ਵੰਜੀਐ ॥*
*ਅੰਗ - ੨੦੮*

ਸੱਚ ਇਹ ਹੈ ਕਿ ਮਨੁੱਖ ਨੇ ਮਾਇਆ ਦੇ ਬੜੇ ਡਰਾਉਣੇ ਜੰਗਲ ਨੂੰ ਰਮਣੀਕ ਸ਼ਹਿਰ ਮੰਨ ਲਿਆ ਹੈ, ਨਾਸ਼ਵੰਤ ਪਦਾਰਥਾਂ ਨੂੰ ਸਦੀਵ ਟਿਕਣ ਵਾਲਾ ਸਮਝ ਲਿਆ ਹੈ। ਇਨ੍ਹਾਂ ਦੀ ਖਾਤਰ ਕਾਮ, ਕ੍ਰੋਧ, ਅਹੰਕਾਰ ਵਿਚ ਮਨੁੱਖ ਝੱਲੇ ਹੋਏ ਫਿਰਦੇ ਹਨ। ਜਦੋਂ ਮੌਤ ਦਾ ਡੰਡਾ ਸਿਰ ਵਜਦਾ ਹੈ, ਤਦੋਂ ਪਛਤਾਉਂਦੇ ਹਨ -

*ਮਹਾ ਭਇਆਨ ਉਦਿਆਨ ਨਗਰ ਕਰਿ ਮਾਨਿਆ ॥*
*ਝੂਠ ਸਮਗ੍ਰੀ ਪੇਖਿ ਸਚੁ ਕਰਿ ਜਾਨਿਆ ॥*
*ਕਾਮ ਕ੍ਰੋਧਿ ਅਹੰਕਾਰਿ ਫਿਰਹਿ ਦੇਵਾਨਿਆ ॥*
*ਸਿਰਿ ਲਗਾ ਜਮ ਡੰਡੁ ਤਾ ਪਛੁਤਾਨਿਆ ॥*
*ਬਿਨੁ ਪੂਰੇ ਗੁਰਦੇਵ ਫਿਰੈ ਸੈਤਾਨਿਆ ॥ ਅੰਗ - ੨੦੨*

ਪੁਤੁ ਕਲਤ੍ਰ ਨ ਸੰਗਿ ਧਨਾ ਹਰਿ ਅਵਿਨਾਸੀ ਓਹੁ ॥
ਪਲਚਿ ਪਲਚਿ ਸਗਲੀ ਮੁਈ ਝੂਠੈ ਧੰਧੈ ਮੋਹੁ ॥

ਮਾਇਆ ਦੇ ਪਿਆਰ ਵਿਚ ਮਨੁੱਖ ਇਹ ਸਚਾਈ ਭੁੱਲ ਜਾਂਦਾ ਹੈ ਕਿ ਨਾ ਪੁੱਤਰ, ਨਾ ਇਸਤ੍ਰੀ, ਨਾ ਧਨ, ਕੋਈ ਭੀ ਮਨੁੱਖ ਦੇ ਨਾਲ ਨਹੀਂ ਨਿਭਦਾ, ਇਕ ਅਬਿਨਾਸ਼ੀ ਪ੍ਰਮਾਤਮਾ ਹੀ ਨਾਲ ਨਿਭਣ ਵਾਲਾ ਅਸਲ ਸਾਥੀ ਹੈ ਜਿਸ ਨੇ ਸਹਿਜ ਸੁਖ ਸ਼ਾਂਤੀ ਬਖਸ਼ਿਸ਼ ਕਰਨੀ ਹੈ ਅਤੇ ਜਿਸ ਦੇ ਮਿਲਾਪ ਤੋਂ ਜੀਵਨ-ਮਨੋਰਥ ਦੀ ਸਿੱਧੀ ਹੋਣੀ ਹੈ ***(ਪੁਤ੍ਰ ਕਲਤ੍ਰ ਨ ਸੰਗਿ ਧਨਾ ਹਰਿ ਅਬਿਨਾਸੀ ਓਹੁ)***

ਇਸ ਸਬੰਧ ਵਿਚ ਪੰਜਵੇਂ ਗੁਰੂ ਮਹਾਰਾਜ ਜੀ ਦਸਦੇ ਹਨ ਕਿ ਏਥੇ ਜਗਤ ਵਿਚ ਅਸਲੀ ਮਿੱਤਰ ਕੌਣ ਹੈ -

*ਕੋਈ ਜਾਨੈ ਕਵਨੁ ਈਹਾ ਜਗਿ ਮੀਤੁ ॥ ਜਿਸੁ ਹੋਇ ਕ੍ਰਿਪਾਲੁ ਸੋਈ ਬਿਧਿ ਬੂਝੈ ਤਾ ਕੀ ਨਿਰਮਲ ਰੀਤਿ ॥ ਮਾਤ ਪਿਤਾ ਬਨਿਤਾ ਸੁਤ ਬੰਧਪ ਇਸਟ ਮੀਤ ਅਰੁ ਭਾਈ ॥ ਪੂਰਬ ਜਨਮ ਕੇ ਮਿਲੇ ਸੰਜੋਗੀ ਅੰਤਹਿ ਕੋ ਨ ਸਹਾਈ ॥ ਮੁਕਤਿ ਮਾਲ ਕਨਿਕ ਲਾਲ ਹੀਰਾ ਮਨ ਰੰਜਨ ਕੀ ਮਾਇਆ ॥ ਹਾ ਹਾ ਕਰਤ ਬਿਹਾਨੀ ਅਵਧਹਿ ਤਾ ਮਹਿ ਸੰਤੋਖੁ ਨ ਪਾਇਆ॥ ਹਸਤਿ ਰਥ ਅਸ੍ਵ ਪਵਨ ਤੇਜ ਧਣੀ ਭੂਮਨ ਚਤੁਰਾਂਗਾ ॥ ਸੰਗਿ ਨ ਚਾਲਿਓ ਇਨ ਮਹਿ ਕਛੂਐ ਊਠਿ ਸਿਧਾਇਓ ਨਾਂਗਾ॥ ਹਰਿ ਕੇ ਸੰਤ ਪ੍ਰਿਅ ਪ੍ਰੀਤਮ ਪ੍ਰਭ ਕੇ ਤਾ ਕੈ ਹਰਿ ਹਰਿ ਗਾਈਐ ॥ ਨਾਨਕ ਈਹਾ ਸੁਖੁ ਆਗੈ ਮੁਖ ਊਜਲ ਸੰਗਿ ਸੰਤਨ ਕੈ ਪਾਈਐ॥ ਅੰਗ - ੭੦੦*

ਅਰਥਾਤ ਕੋਈ ਵਿਰਲਾ ਮਨੁੱਖ ਹੀ ਇਹ ਸਚਾਈ ਜਾਣਦਾ ਹੈ ਕਿ ਇਸ ਸੰਸਾਰ ਵਿਚ ਉਸ ਦਾ ਅਸਲੀ ਮਿਤ੍ਰ ਕੌਣ ਹੈ? ਇਹ ਅਸਲੀਅਤ ਸਮਝਣ ਨਾਲ ਹੀ ਜੀਵਨ ਪਵਿੱਤਰ ਅਤੇ ਅਨੰਦਮਈ ਹੋ ਸਕਦਾ ਹੈ। ਸਚਾਈ ਇਹ ਹੈ ਕਿ ਮਾਂ ਪਿਉ, ਪੁੱਤਰ, ਰਿਸ਼ਤੇਦਾਰ, ਪਿਆਰੇ ਮਿੱਤ੍ਰ ਅਤੇ ਭਰਾ ਇਹ ਸਾਰੇ ਪਿਛਲੇ ਜਨਮਾਂ ਦੇ ਸੰਜੋਗਾਂ ਕਰਕੇ ਇਥੇ ਇਕੱਠੇ ਹੁੰਦੇ ਹਨ। ਇਹ ਵੀ ਨਿਰੋਲ ਸੱਚ ਹੈ ਕਿ ਅੰਤ ਸਮੇਂ ਇਨ੍ਹਾਂ ਵਿਚੋਂ ਕੋਈ ਵੀ ਸਾਡੀ ਸਹਾਇਤਾ ਨਹੀਂ ਕਰ ਸਕਦਾ। ਇਹ ਵੀ ਸੱਚ ਹੈ ਕਿ ਮਨੁੱਖ ਜਾਨ ਮਾਰ ਕੇ ਹਾਇ-ਹਾਇ ਕਰਦਿਆਂ ਮਾਇਆ, ਸੋਨਾ, ਲਾਲ, ਹੀਰੇ, ਹਾਥੀ, ਘੋੜੇ, ਜ਼ਮੀਨਾਂ, ਫੌਜਾਂ ਆਦਿ ਇਕੱਠੇ ਕਰਦਾ ਹੈ ਪਰ ਸਭ ਕੁਝ ਛੱਡ ਕੇ ਮਨੁੱਖ ਖਾਲੀ ਤੇ ਨੰਗਾ ਹੀ ਸੰਸਾਰ ਤੋਂ ਵਿਦਾ ਹੋ ਜਾਂਦਾ ਹੈ। ਫਿਰ ਮਨੁੱਖ ਨੂੰ ਕਰਨਾ ਕੀ ਚਾਹੀਦਾ ਹੈ? ਮਨੁੱਖ ਨੂੰ ਐਸੇ ਸੰਤ ਜਨਾ, ਪ੍ਰਭੂ ਪਿਆਰਿਆਂ ਦੀ ਸੰਗਤ ਕਰਨੀ ਚਾਹੀਦੀ ਹੈ ਜਿਹੜੇ ਪ੍ਰਭੂ-ਪ੍ਰਮਾਤਮਾ ਦੀ ਸਿਫਤਿ ਸਾਲਾਹ ਵਿਚ ਰੰਗ ਮਾਣਦੇ ਹਨ। ਐਸੀ ਸੰਗਤ ਤੋਂ ਰੰਗਤ ਲੈ ਕੇ ਪ੍ਰਭੂ-ਪਿਆਰ ਦਾ ਅਨੰਦ ਮਾਣਿਆ ਜਾਂਦਾ ਹੈ ਅਤੇ ਲੋਕ ਪਰਲੋਕ ਸੁਖੀ ਸੁਹੇਲਾ ਹੋ ਜਾਂਦਾ ਹੈ।

ਇਕਸੁ ਹਰਿ ਕੇ ਨਾਮ ਬਿਨੁ ਅਗੈ ਲਈਅਹਿ ਖੋਹਿ ॥
ਦਯੁ ਵਿਸਾਰਿ ਵਿਗੁਚਣਾ ਪ੍ਰਭ ਬਿਨੁ ਅਵਰੁ ਨ ਕੋਇ ॥

ਅਗਿਆਨਤਾ ਦੇ ਘੁੱਪ ਹਨ੍ਹੇਰੇ ਵਿਚ ਮਨੁੱਖ ਇਹ ਭੁੱਲੀ ਬੈਠਾ ਹੈ ਕਿ ਕੇਵਲ ਪ੍ਰਭੂ-ਨਾਮ ਹੀ ਨਾਲ ਨਿਭਣ ਵਾਲੀ ਅਮੋਲਕ ਵਸਤੂ ਹੈ, ਨਾਮ ਤੋਂ ਬਿਨਾਂ ਹੋਰ ਸਾਰੀਆਂ ਕਿਰਿਆਵਾਂ, ਰਜੋ, ਤਮੋ, ਸਤੋ ਤਿੰਨਾਂ ਗੁਣਾਂ ਵਿਚ ਕੀਤੇ ਸਾਰੇ ਕਰਮ ਪਹਿਲਾਂ ਹੀ ਖੋਹ ਲਏ ਜਾਂਦੇ ਹਨ, ਜੀਵ ਦੇ ਕਲਿਆਣ ਹਿਤ ਇਨ੍ਹਾਂ ਦਾ ਕੋਈ ਮੁੱਲ ਨਹੀਂ ਪੈਂਦਾ। ***(ਇਕਸੁ ਹਰਿ ਕੇ ਨਾਮ ਬਿਨੁ ਅਗੈ ਲਈਅਹਿ ਖੋਹਿ)***

ਪ੍ਰਭੂ-ਨਾਮ-ਜਪੁ-ਸਿਮਰਨ ਤੋਂ ਬਿਨਾਂ ਸਾਰੀਆਂ ਕਿਰਿਆਵਾਂ ਫਜ਼ੂਲ ਹਨ। ਸਾਰੇ ਜਪ, ਸਾਰੇ ਤਪ, ਸਾਰੇ ਕਰਮਕਾਂਡ ਪਹਿਲਾਂ ਹੀ ਮਸੂਲ ਵਜੋਂ ਧਰਾ ਲਏ ਜਾਂਦੇ ਹਨ, ਅੱਗੇ ਕੰਮ ਨਹੀਂ ਆਉਂਦੇ। ਅੱਗੇ ਸਿਰਫ ਤੇ ਸਿਰਫ ਪ੍ਰਭੂ ਨਾਮ ਹੀ ਸਹਾਈ ਹੁੰਦਾ ਹੈ -

*ਹਰਿ ਬਿਨੁ ਅਵਰ ਕ੍ਰਿਆ ਬਿਰਥੇ ॥*
*ਜਪ ਤਪ ਸੰਜਮ ਕਰਮ ਕਮਾਣੇ ਇਹਿ ਓਰੈ ਮੂਸੇ ॥*
*ਅੰਗ - ੨੧੬*

ਪੰਚਮ ਪਾਤਸ਼ਾਹ ਦਾ ਫੁਰਮਾਨ ਹੈ -

*ਕਰਮ ਧਰਮ ਪਾਖੰਡ ਜੋ ਦੀਸਹਿ ਤਿਨ ਜਮੁ ਜਾਗਾਤੀ ਲੂਟੈ॥*
*ਨਿਰਬਾਣ ਕੀਰਤਨੁ ਗਾਵਹੁ ਕਰਤੇ ਕਾ*
*ਨਿਮਖ ਸਿਮਰਤ ਜਿਤੁ ਛੂਟੈ ॥ ਅੰਗ - ੭੪੭*

ਇਹ ਅਟੱਲ ਸਚਾਈ ਹੈ ਕਿ ਪਿਆਰੇ ਪ੍ਰਭੂ ਨੂੰ ਵਿਸਾਰਨ ਨਾਲ, ਭੁੱਲਣ ਨਾਲ ਜੀਵਨ ਵਿਚ ਖੁਆਰੀ ਹੀ ਖੁਆਰੀ ਹੈ -

*ਹਰਿ ਬਿਸਰਤ ਸਦਾ ਖੁਆਰੀ ॥*
*ਤਾ ਕਉ ਧੋਖਾ ਕਹਾ ਬਿਆਪੈ ਜਾ ਕਉ ਓਟ ਤੁਹਾਰੀ ॥*
*ਅੰਗ - ੭੧੨*

ਪ੍ਰਮਾਤਮਾ ਤੋਂ ਬਿਨਾਂ ਜਿੰਦ ਦਾ ਕੋਈ ਸੱਚਾ ਸਾਥੀ ਨਹੀਂ ਹੁੰਦਾ, ਨਾ ਹੀ ਹੋ ਸਕਦਾ ਹੈ -

**ਪ੍ਰੀਤਮ ਚਰਣੀ ਜੋ ਲਗੇ ਤਿਨ ਕੀ ਨਿਰਮਲ ਸੋਇ ॥**

ਇਸ ਲਈ ਜਿਹੜੇ ਜੀਵ ਪ੍ਰਭੂ ਪ੍ਰੀਤਮ ਦੀ ਚਰਨੀਂ ਲਗਦੇ ਹਨ ਉਨ੍ਹਾਂ ਦੀ ਲੋਕ ਪ੍ਰਲੋਕ ਵਿਚ ਭਲੀ ਸੋਭਾ ਹੁੰਦੀ ਹੈ।

ਨਾਨਕ ਕੀ ਪ੍ਰਭ ਬੇਨਤੀ ਪ੍ਰਭ ਮਿਲਹੁ ਪਰਾਪਤਿ ਹੋਇ ॥
ਵੈਸਾਖੁ ਸੁਹਾਵਾ ਤਾਂ ਲਗੈ ਜਾ ਸੰਤੁ ਭੇਟੈ ਹਰਿ ਸੋਇ ॥

ਤਾਂ ਤੇ ਹੇ ਪ੍ਰਭੂ! ਤੇਰੇ ਦਰ ਤੇ ਸੰਨਿਮਰ ਬੇਨਤੀ ਹੈ ਕਿ ਮੈਨੂੰ ਵੀ ਤੇਰਾ ਦਿਲ ਰੱਜਵਾਂ ਪਿਆਰ ਤੇ ਮਿਲਾਪ ਨਸੀਬ ਹੋਵੇ। (ਨਾਨਕ ਕੀ ਪ੍ਰਭੂ ਬੇਨਤੀ ਪ੍ਰਭ ਮਿਲਹੁ ਪਰਾਪਤਿ ਹੋਇ) ਵਿਸਾਖ ਦਾ ਮਹੀਨਾ ਸੁਹਾਵਣਾ ਹੈ, ਸੋਹਣਾ ਹੈ, ਖੇੜੇ ਤੇ ਹਰਿਆਵਲ ਵਾਲਾ ਹੈ ਪਰ ਜਿੰਦ ਨੂੰ ਵਿਸਾਖ ਦਾ ਖੁਸ਼ੀਆਂ ਭਰਿਆ ਮਹੀਨਾ ਵੀ ਤਾਂ ਹੀ ਸੋਹਣਾ ਲਗਦਾ ਹੈ ਜੇ ਹਰੀ ਸੰਤ ਰਾਹੀਂ ਪ੍ਰਭੂ ਦਾ ਮਿਲਾਪ ਹੋ ਜਾਵੇ। (ਵੈਸਾਖ ਸੁਹਾਵਾ ਤਾਂ ਲਗੈ ਜਾ ਸੰਤ ਭੇਟੈ ਹਰਿ ਸੋਇ) ਤਾਂ ਤੇ ਪ੍ਰਭੂ ਮਿਲਾਪ ਲਈ ਨਾਮ-ਸਿਮਰਨ ਵਿਚ ਜੁੱਟ ਜਾਣਾ ਹੀ ਸਰਵੋਤਮ ਕਿਰਿਆ ਹੈ, ਸੁਖ, ਸਹਿਜ ਸ਼ਾਂਤੀ ਦਾ ਮਾਰਗ

ਹੈ। ਇਹੋ ਜੀਵਨ ਮਨੋਰਥ ਹੈ। ਇਸ ਦੀ ਪ੍ਰਾਪਤੀ ਲਈ ਨਾਮ-ਅਭਿਆਸੀ ਸਤ-ਪੁਰਸ਼ਾਂ ਦੀ ਸੰਗਤ ਕਰਨੀ ਜ਼ਰੂਰੀ ਹੈ, ਸੰਤ ਜਨ ਸਦਾ ਪ੍ਰਮਾਤਮਾ ਦੇ ਪਿਆਰ ਵਿਚ ਰੰਗੇ ਸਦੀਵ ਅਨੰਦ ਮਾਣਦੇ ਹਨ, ਉਹ ਕਿਸੇ ਹੋਰ ਦੀ ਮੁਹਥਾਜੀ ਕਰਨੀ ਨਹੀਂ ਜਾਣਦੇ, ਪ੍ਰਭੂ ਪ੍ਰੇਮ ਵਿਚ ਹੀ ਮਸਤ ਰਹਿੰਦੇ ਹਨ। ਰੋਗ, ਚਿੰਤਾ, ਬੁਢੇਪਾ, ਮੌਤ (ਇਹਨਾਂ ਦੇ ਸਹਿਮ) ਪ੍ਰਭੂ-ਪਿਆਰਿਆਂ ਦੇ ਨੇੜੇ ਨਹੀਂ ਢੁਕਦੇ। ਉਹ ਦੁਨਿਆਵੀ ਡਰਾਂ ਤੋਂ ਮੁਕਤ ਪ੍ਰਭੂ ਪਿਆਰ ਤੇ ਯਾਦ ਵਿਚ ਲੀਨ ਰਹਿੰਦੇ ਹਨ। ਇਨ੍ਹਾਂ ਪ੍ਰਭੂ ਪਿਆਰਿਆਂ ਦੀ ਸੰਗਤ ਕਰਨ ਵਾਲੇ ਵੀ ਇਸ ਰੰਗ ਵਿਚ ਰੰਗੇ ਜਾਂਦੇ ਹਨ -

*ਸੰਤਨ ਅਵਰ ਨ ਕਾਹੂ ਜਾਨੀ ॥*
*ਬੇਪਰਵਾਹ ਸਦਾ ਰੰਗਿ ਹਰਿ ਕੈ ਜਾ ਕੋ ਪਾਖੁ ਸੁਆਮੀ ॥*
*ਰਹਾਉ ॥ ਊਚ ਸਮਾਨਾ ਠਾਕੁਰ ਤੇਰੋ ਅਵਰ ਨ ਕਾਹੂ ਤਾਨੀ ॥*
*ਐਸੋ ਅਮਰੁ ਮਿਲਿਓ ਭਗਤਨ ਕਉ ਰਾਚਿ ਰਹੇ ਰੰਗਿ ਗਿਆਨੀ॥*
*ਰੋਗ ਸੋਗ ਦੁਖ ਜਰਾ ਮਰਾ ਹਰਿ ਜਨਹਿ ਨਹੀ ਨਿਕਟਾਨੀ ॥*
*ਨਿਰਭਉ ਹੋਇ ਰਹੇ ਲਿਵ ਏਕੈ ਨਾਨਕ ਹਰਿ ਮਨੁ ਮਾਨੀ ॥*
*ਅੰਗ - ੭੧੧*

ਗੁਰੂ ਮਹਾਰਾਜ ਫੁਰਮਾਨ ਕਰਦੇ ਹਨ ਕਿ ਉਹ ਪ੍ਰਭੂ-ਪਿਆਰ ਵਾਲੇ ਮਨੁੱਖਾਂ ਤੋਂ ਕੁਰਬਾਨ ਜਾਂਦੇ ਹਨ ਜੋ ਰੂਹਾਨੀ ਸਤਿਸੰਗ ਵਿਚ ਸ਼ਾਮਲ ਹੋ ਕੇ ਪ੍ਰਭੂ ਦੀਆਂ ਗੱਲਾਂ ਸੁਣਦੇ ਹਨ। ਉਹ ਮਨੁੱਖ ਸ਼ੁਭ ਗੁਣਾਂ ਵਾਲੇ ਤੇ ਸਭ ਤੋਂ ਚੰਗੇ ਮਨੁੱਖ ਹਨ ਜੋ ਪ੍ਰਭੂ ਅੱਗੇ ਸਿਰ ਨਿਵਾਉਂਦੇ ਹਨ, ਹੱਥ ਪਵਿੱਤਰ ਹਨ ਜੋ ਪ੍ਰਭੂ ਦੀ ਸਿਫਤਿ ਸਾਲਾਹ ਲਿਖਦੇ ਹਨ, ਉਹ ਪੈਰ ਪਵਿੱਤਰ ਹਨ ਜੋ ਪ੍ਰਭੂ ਦੇ ਰਾਹ ਤੇ ਤੁਰਦੇ ਹਨ। ਸੰਤਾਂ-ਮਹਾਂਪੁਰਸ਼ਾਂ ਦੀ ਸੰਗਤ ਵਿਚ ਦੁਖਾਂ-ਵਿਕਾਰਾਂ ਤੋਂ ਬਚਾਉ ਹੋ ਜਾਂਦਾ ਹੈ, ਸਾਰਾ ਦੁਖ ਦੂਰ ਹੋ ਜਾਂਦਾ ਹੈ, (ਵਿਸਾਖ ਹੀ ਨਹੀਂ) ਸਾਰਾ ਜੀਵਨ ਹੀ ਸਫਲ ਤੇ ਸੁਹਾਵਣਾ ਹੋ ਜਾਂਦਾ ਹੈ-

*ਸਦ ਬਲਿਹਾਰੀ ਤਿਨਾ ਜਿ ਸੁਨਤੇ ਹਰਿ ਕਥਾ ॥*
*ਪੂਰੇ ਤੇ ਪਰਧਾਨ ਨਿਵਾਵਹਿ ਪ੍ਰਭ ਮਥਾ ॥*
*ਹਰਿ ਜਸੁ ਲਿਖਹਿ ਬੇਅੰਤ ਸੋਹਹਿ ਸੇ ਹਥਾ ॥*
*ਚਰਨ ਪੁਨੀਤ ਪਵਿਤ੍ਰ ਚਾਲਹਿ ਪ੍ਰਭ ਪਥਾ ॥*
*ਸੰਤਾਂ ਸੰਗਿ ਉਧਾਰੁ ਸਗਲਾ ਦੁਖੁ ਲਥਾ ॥ ਅੰਗ - ੭੦੯*

**ਰਾਗ ਤੁਖਾਰੀ ਵਿਚ ਪ੍ਰਾਪਤ ਗੁਰੂ ਨਾਨਕ ਦੇਵ ਜੀ ਦੇ ਬਾਰਹਮਾਹਾ ਵਿਚ ਵੈਸਾਖ ਮਹੀਨੇ ਦਾ ਪਾਠ ਅਤੇ ਉਸ ਦੀ ਸਰਲ ਵਿਆਖਿਆ।**

*ਵੈਸਾਖੁ ਭਲਾ ਸਾਖਾ ਵੇਸ ਕਰੇ ॥*
*ਧਨ ਦੇਖੈ ਹਰਿ ਦੁਆਰਿ ਆਵਹੁ ਦਇਆ ਕਰੇ ॥*
*ਘਰਿ ਆਉ ਪਿਆਰੇ ਦੁਤਰ ਤਾਰੇ ਤੁਧੁ ਬਿਨੁ ਅਢੁ ਨ ਮੋਲੋ ॥*
*ਕੀਮਤਿ ਕਉਣ ਕਰੇ ਤੁਧੁ ਭਾਵਾਂ ਦੇਖਿ ਦਿਖਾਵੈ ਢੋਲੋ ॥*
*ਦੂਰਿ ਨ ਜਾਨਾ ਅੰਤਰਿ ਮਾਨਾ ਹਰਿ ਕਾ ਮਹਲੁ ਪਛਾਨਾ ॥*
*ਨਾਨਕ ਵੈਸਾਖੀਂ ਪ੍ਰਭੁ ਪਾਵੈ ਸੁਰਤਿ ਸਬਦਿ ਮਨੁ ਮਾਨਾ ॥*
*ਅੰਗ - ੧੧੦੮*

**ਵੈਸਾਖੁ ਭਲਾ ਸਾਖਾ ਵੇਸ ਕਰੇ ॥**
**ਧਨ ਦੇਖੈ ਹਰਿ ਦੁਆਰਿ ਆਵਹੁ ਦਇਆ ਕਰੇ ॥**

ਵੈਸਾਖੁ ਦਾ ਮਹੀਨਾ ਬੜਾ ਸੁਹਾਵਣਾ, ਸ਼ੋਭਨੀਕ ਚੰਗਾ ਲਗਣ ਵਾਲਾ ਮਹੀਨਾ ਹੈ। ਇਕ ਪਾਸੇ ਕਣਕਾਂ ਦੇ ਖੇਤ ਤਿਆਰ ਹੋ ਕੇ ਭਰ ਜੋਬਨ ਤੇ ਹੁੰਦੇ ਹਨ ਤੇ ਕਿਸਾਨ ਆਪਣੀ ਸਫਲ ਹੋਈ ਮਿਹਨਤ ਵੇਖ ਕੇ ਖੁਸ਼ ਹੁੰਦਾ ਹੈ ਤੇ ਅੰਦਰੋਂ ਅੰਦਰ ਪ੍ਰਭੂ ਧੰਨਵਾਦ ਵਿਚ ਜੁੜਦਾ ਹੈ। ਉਸ ਦੀ ਸਾਂਭ ਸੰਭਾਲ ਦੀ ਤਿਆਰੀ ਕਰਦਾ ਹੈ। ਸਾਂਭ ਸੰਭਾਲ ਕਰਕੇ, ਲੈਣ ਦੇਣ ਮੁਕਾ ਕੇ ਉਹ ਵਿਸਾਖੀ ਦੇ ਮੇਲੇ ਦੀਆਂ ਖੁਸ਼ੀਆਂ ਮਾਣਦਾ ਹੈ। ਇਸ ਮਹੀਨੇ ਵਿਚ ਕੁਦਰਤ ਵੀ ਭਰ ਜੋਬਨ ਤੇ ਹੁੰਦੀ ਹੈ। ਹਰ ਪਾਸੇ ਹਰਿਆਵਲ ਹੀ ਹਰਿਆਵਲ ਵੇਖ ਕੇ ਮਨ ਖਿੜ ਉਠਦਾ ਹੈ। ਰੁੱਖਾਂ ਦੀਆਂ ਟਹਿਣੀਆਂ ਸੋਹਣੇ ਕੱਪੜੇ ਪਾ ਸਜਾਵਟ ਕਰਦੀਆਂ ਹਨ। (ਵੈਸਾਖੁ ਭਲਾ ਸਾਖਾ ਵੇਸ ਕਰੇ) ਨਵੀਆਂ ਫੁੱਟੀਆਂ ਲਗਰਾਂ ਤੇ ਨਵੇਂ ਨਿਕਲੇ ਨਰਮ-ਨਰਮ ਕੂਲੇ-ਕੂਲੇ, ਹਰੇ ਕਚੂਚ ਪੱਤੇ ਰੁੱਖਾਂ ਨੂੰ ਨਵਾਂ ਰੰਗ ਰੂਪ ਬਖਸ਼ਦੇ ਹਨ ਜਿਸਨੂੰ ਵੇਖ ਕੇ ਕੁਦਰਤ ਤੋਂ ਬਲਿਹਾਰ ਜਾਣ ਨੂੰ ਜੀਅ ਕਰਦਾ ਹੈ। ਇਨ੍ਹਾਂ ਲਗਰਾਂ ਦਾ ਹਾਰ ਸ਼ਿੰਗਾਰ ਵੇਖ ਕੇ ਪਤੀ ਤੋਂ ਵਿਛੜੀ ਇਸਤ੍ਰੀ ਦੇ ਅੰਦਰ ਭੀ ਪਤੀ ਨੂੰ ਮਿਲਣ ਦੀ ਧੂਹ ਪੈਂਦੀ ਹੈ ਅਤੇ ਉਹ ਆਪਣੇ ਘਰ ਦੀ ਦਹਿਲੀਜ਼ ਤੇ ਖਲੋਤੀ ਆਪਣੇ ਪ੍ਰੀਤਮ ਦਾ ਰਾਹ ਤਕਦੀ ਹੈ। ਇਸੇ ਤਰ੍ਹਾਂ ਕੁਦਰਤ ਰਾਣੀ ਦਾ ਸੂਹਜ ਸ਼ਿੰਗਾਰ ਵੇਖ ਕੇ ਉਮਾਹ ਭਰੀ ਜੀਵ ਇਸਤ੍ਰੀ ਆਪਣੇ ਹਿਰਦੇ-ਦਰ ਤੇ ਪ੍ਰਭੂ ਪਤੀ ਦੀ ਉਡੀਕ ਕਰਦੀ ਹੈ ਤੇ ਉਸ ਦੇ ਅੰਦਰੋਂ ਹੂਕ ਨਿਕਲਦੀ ਹੈ, ਹੇ ਪ੍ਰਭੂ ਪਤੀ! ਮਿਹਰ ਕਰਕੇ ਮੇਰੇ ਹਿਰਦੇ ਘਰ ਵਿਚ ਆਉ। (ਧਨ ਦੇਖੈ ਹਰਿ ਦੁਆਰਿ ਆਵਹੁ ਦਇਆ ਕਰੇ)

**ਘਰਿ ਆਉ ਪਿਆਰੇ ਦੁਤਰ ਤਾਰੇ ਤੁਧੁ ਬਿਨੁ ਅਢੁ ਨ ਮੋਲੋ॥**
**ਕੀਮਤਿ ਕਉਣ ਕਰੇ ਤੁਧੁ ਭਾਵਾਂ ਦੇਖਿ ਦਿਖਾਵੈ ਢੋਲੋ ॥**

ਹੇ ਮੇਰੇ ਪਿਆਰੇ, ਮੇਰੇ ਹਿਰਦੇ-ਘਰ ਵਿਚ ਆ ਵਸੋ ਤਾਕਿ ਇਹ ਬਿਖਮ ਸੰਸਾਰ ਸਮੁੰਦਰ ਨੂੰ ਮੈਂ ਸਹਿਜੇ ਹੀ ਪਾਰ ਕਰ ਲਵਾਂ। ਤੇਰੇ ਬਿਨਾਂ ਇਸ ਨਿਮਾਣੀ ਨਿਤਾਣੀ ਦਾ ਕੌਡੀ ਮੁੱਲ ਨਹੀਂ। (ਘਰਿ ਆਉ ਪਿਆਰੇ ਦੁਤਰ ਤਾਰੇ ਤੁਧੁ ਬਿਨੁ ਅਢੁ ਨ ਮੋਲੋ) ਪਰ ਹੇ ਮਿਤ੍ਰ-ਪ੍ਰਭੂ! ਜੇ ਗੁਰੂ ਕ੍ਰਿਪਾ ਕਰੇ, ਜਿਸਨੂੰ ਤੇਰੇ ਦਰਸ਼ਨ ਪ੍ਰਾਪਤ ਹਨ ਤੇ ਉਹ ਮੈਨੂੰ ਵੀ ਤੇਰੇ ਦਰਸ਼ਨ ਕਰਵਾ ਦੇਵੇ ਤੇ ਜੇ ਮੈਂ ਤੈਨੂੰ ਚੰਗੀ ਲਗ ਜਾਵਾਂ ਤਾਂ ਮੇਰਾ ਕੌਣ ਮੁੱਲ ਪਾ ਸਕਦਾ ਹੈ? (ਕੀਮਤਿ ਕਉਣ ਕਰੇ ਤੁਧੁ ਭਾਵਾਂ ਦੇਖਿ ਦਿਖਾਵੈ ਢੋਲੋ) ਤੇਰੇ ਤੋਂ ਬਿਨਾਂ ਮੇਰਾ ਅੱਧੀ ਕੌਡੀ ਮੁੱਲ ਨਹੀਂ ਸੀ, ਹੁਣ ਤੇਰੇ ਦਰਸ਼ਨਾਂ ਸਦਕਾ ਮੈਂ ਅਮੁੱਲ ਹੋ ਗਈ ਹਾਂ।

**ਦੂਰਿ ਨ ਜਾਨਾ ਅੰਤਰਿ ਮਾਨਾ ਹਰਿ ਕਾ ਮਹਲੁ ਪਛਾਨਾ ॥**
**ਨਾਨਕ ਵੈਸਾਖੀਂ ਪ੍ਰਭੁ ਪਾਵੈ ਸੁਰਤਿ ਸਬਦਿ ਮਨੁ ਮਾਨਾ ॥**

ਸਤਿਗੁਰੂ ਜੀ ਨੇ ਕਿਰਪਾ ਕਰਕੇ ਜਦੋਂ ਐਸਾ ਅਨੁਭਵ ਬਖਸ਼ਿਸ਼ ਕਰ ਦਿਤਾ ਤੇ ਮੈਨੂੰ ਵਿਸ਼ਵਾਸ਼ ਹੋ ਗਿਆ ਕਿ ਮੇਰਾ ਪ੍ਰੀਤਮ ਤਾਂ ਮੇਰੇ ਅੰਦਰ ਵਸ ਰਿਹਾ ਹੈ, ਕਿਤੇ ਦੂਰ ਨਹੀਂ ਗਿਆ। ਹੁਣ ਮੈਨੂੰ ਉਸ ਟਿਕਾਣੇ ਦੀ ਪਛਾਣ ਹੋ ਗਈ ਹੈ ਜਿਥੇ ਤੂੰ ਮੇਰੇ ਪ੍ਰੀਤਮ ਵਸਦਾ ਹੈਂ। (ਦੂਰਿ ਨ ਜਾਨਾ ਅੰਤਰਿ ਮਾਨਾ ਹਰਿ ਕਾ ਮਹਲੁ ਪਛਾਨਾ) ਹੁਣ ਗੁਰੂ ਜੀ ਕ੍ਰਿਪਾ ਕਰਕੇ ਇਹ ਸੋਝੀ ਬਖਸ਼ਿਸ਼ ਕਰਦੇ ਹਨ ਕਿ ਵੈਸਾਖ ਦੀ ਸੋਹਣੀ ਰੁੱਤ ਵਿਚ ਉਹ ਜੀਵ ਇਸਤ੍ਰੀ ਪ੍ਰਭੂ ਪਤੀ ਦਾ ਮਿਲਾਪ ਹਾਸਲ ਕਰ ਲੈਂਦੀ ਹੈ ਜਿਸ ਦੀ ਸੁਰਤਿ ਗੁਰੂ ਦੇ ਸ਼ਬਦ ਵਿਚ ਜੁੜੀ ਰਹਿੰਦੀ ਹੈ, ਜਿਸ ਦਾ ਮਨ ਪ੍ਰਭੂ ਦੀ ਸਿਫਤਿ ਸਲਾਹ ਦੇ ਗੀਤ ਗਾਉਂਦਾ ਰਹਿੰਦਾ ਹੈ। ***(ਨਾਨਕ ਵੈਸਾਖੀਂ ਪ੍ਰਭੂ ਪਾਵੈ ਸੁਰਤਿ ਸਬਦਿ ਮਨੁ ਮਾਨਾ)***

ਭਾਵ ਇਹ ਹੈ ਕਿ ਵੈਸਾਖ ਦੀ ਸੁਹਾਵਣੀ ਰੁੱਤ ਵਿਚ ਸੁਰਤਿ ਨੂੰ ਗੁਰ-ਸ਼ਬਦ ਵਿਚ ਜੋੜਨ ਨਾਲ ਪ੍ਰਭੂ ਦੀ ਪ੍ਰਾਪਤੀ ਅਤੇ ਦਰਸ਼ਨ ਦੀਦਾਰ ਨਸੀਬ ਹੁੰਦੇ ਹਨ।

***********

# ਬਾਬਾਣੀਆਂ ਕਹਾਣੀਆਂ

*ਸੰਤ ਵਰਿਆਮ ਸਿੰਘ ਜੀ,*
*ਬਾਨੀ ਵਿ. ਗੁ. ਰੂ. ਮਿਸ਼ਨ।*

***(ਲੜੀ ਜੋੜਨ ਲਈ ਦੇਖੋ, ਮਾਰਚ ਅੰਕ, ਪੰਨਾ-20)***

ਇਸੇ ਤਰ੍ਹਾਂ ਗੁਰੂ ਨਾਨਕ ਪਾਤਸ਼ਾਹ ਨੂੰ ਜਦੋਂ ਭਾਈ ਬਾਲਾ ਤੇ ਮਰਦਾਨਾ ਸਮੇਤ ਏਮਨਾਬਾਦ ਵਿਚ ਵਗਾਰ ਕਰਨ ਲਈ ਫੜ ਲਿਆ ਅਤੇ ਆਪ ਦੋਹਾਂ ਨੂੰ ਭਾਰੀਆਂ ਪੰਡਾਂ ਚੁਕਾ ਦਿਤੀਆਂ ਅਤੇ ਮਰਦਾਨੇ ਨੂੰ ਚਾਰ ਘੋੜੇ ਫੜਾ ਦਿਤੇ। ਸਭਨਾਂ ਨੇ ਦੇਖਿਆ ਕਿ ਇਹ ਬੋਝੇ ਸੀਸ ਤੋਂ ਇਕ ਹੱਥ ਦੀ ਉਚਾਈ ਉਪਰ ਉਠੇ ਹੋਏ ਜਾ ਰਹੇ ਸਨ ਅਤੇ ਭਾਈ ਮਰਦਾਨੇ ਨੇ ਘੋੜਿਆਂ ਦੀਆਂ ਲਗਾਮਾਂ ਘੋੜਿਆਂ ਦੇ ਗਲਾਂ ਵਿਚ ਲਪੇਟ ਦਿਤੀਆਂ। ਉਹ ਘੋੜੇ, ਜਿਧਰ ਨੂੰ ਭਾਈ ਮਰਦਾਨਾ ਜੀ ਜਾਂਦੇ ਸਨ, ਉਧਰ ਨੂੰ ਐਉਂ ਜਾਂਦੇ ਸਨ ਜਿਵੇਂ ਕਿਸੇ ਸ਼ਕਤੀ ਨੇ ਪਿਛੇ ਲਗਾਮ ਫੜੀ ਹੋਵੇ। ਅਨੇਕ ਮਹਾਤਮਾਵਾਂ ਨਾਲ ਅਜਿਹੀਆਂ ਘਟਨਾਵਾਂ ਦਾ ਜ਼ਿਕਰ ਪੜ੍ਹੀਦਾ ਹੈ - ਖਾਸ ਕਰਕੇ ਸੂਫੀ ਪੀਰਾਂ ਦੇ ਜੀਵਨ ਵਿਚ। ਇਸ ਦੀ ਵਿਆਖਿਆ ਕੋਈ ਪਹੁੰਚਿਆ ਹੋਇਆ ਪੂਰਨ ਯੋਗੀ ਹੀ ਕਰ ਸਕਦਾ ਹੈ ਜਿਸ ਦਾ ਵਾਹ ਨਾਮ ਐਨਰਜੀ ਦੇ ਸ਼ਕਤੀਸ਼ਾਲ ਪ੍ਰਵਾਹ ਨਾਲ ਪਿਆ ਹੋਵੇ। ਜਿਸ ਅੰਦਰ ਨਾਮ ਦਾ ਪ੍ਰਵਾਹ ਅਤੁੱਟ ਹੋ ਕੇ ਚਲ ਪੈਂਦਾ ਹੈ, ਉਸ ਨੂੰ ਨਾ ਹੀ ਅੱਗ ਜਲਾ ਸਕਦੀ ਹੈ, ਨਾ ਹੀ ਪਾਣੀ ਉਸ ਨੂੰ ਡੋਬ ਸਕਦਾ ਹੈ ਅਤੇ ਨਾ ਹੀ ਜ਼ਹਿਰੀਲੇ ਸੱਪ ਉਸ ਨੂੰ ਡੰਗ ਮਾਰ ਸਕਦੇ ਹਨ, ਨਾ ਹੀ ਉਸ ਦੇ ਸਰੀਰ ਨੂੰ ਕੋਈ ਸ਼ਸਤਰ ਛੋਹ ਸਕਦਾ ਹੈ। ਪ੍ਰਕ੍ਰਿਤੀ ਆਪਣਾ ਸੁਭਾਅ ਬਦਲ ਦਿੰਦੀ ਹੈ ਜਿਸ ਤਰ੍ਹਾਂ ਨਾਲ ਗੁਰਬਾਣੀ ਵਿਚ ਫੁਰਮਾਨ ਹੈ -

***ਦੁਸਟ ਸਭਾ ਮਿਲਿ ਮੰਤਰ ਉਪਾਇਆ***
***ਕਰਸਹ ਅਉਧ ਘਨੇਰੀ॥***
***ਗਿਰਿ ਤਰ ਜਲੁ ਜੁਆਲਾ ਭੈ ਰਾਖਿਓ***
***ਰਾਜਾ ਰਾਮਿ ਮਾਇਆ ਫੇਰੀ॥ ਅੰਗ - 1165***

ਭਾਈ ਗੁਰਦਾਸ ਜੀ ਫੁਰਮਾਉਂਦੇ ਹਨ -

***ਜਲ ਅਗਨੀ ਵਿਚ ਘਤਿਆ***
***ਜਲੈ ਨ ਡੁਬੈ ਗੁਰ ਪਰਸਾਦ॥***
***ਭਾਈ ਗੁਰਦਾਸ ਜੀ, ਵਾਰ 10/2***

ਇਹ ਨਾਮ ਦੀ ਅਥਾਹ ਸ਼ਕਤੀ ਹੋਇਆ ਕਰਦੀ ਹੈ। ਹੋਰ ਵੀ ਅਨੇਕਾਂ ਮਿਸਾਲਾਂ ਹਨ।

ਬਾਪੂ ਜੀ (ਸੰਤ ਹੀਰਾ ਸਿੰਘ ਜੀ ਦਾਊਦਪੁਰ) ਦੇ ਜੀਵਨ ਵਿਚ ਕਈ ਹੋਰ ਘਟਨਾਵਾਂ ਵੀ ਮਿਲਦੀਆਂ ਹਨ ਜਿਵੇਂ ਕਿ ਉਨ੍ਹਾਂ ਦੇ ਪਿੰਡ ਗੰਗਾ ਸਿੰਘ ਨਾਮ ਦਾ ਪ੍ਰੇਮੀ ਸੀ ਜੋ ਸਦਾ ਹੀ ਹਾਸ ਰਸ ਵਿਚ ਕੁਝ ਨਾ ਕੁਝ ਕਰਕੇ ਲੋਕਾਂ ਦਾ ਧਿਆਨ ਆਪਣੇ ਵਲ ਆਕਰਸ਼ਿਤ ਕਰ ਲੈਂਦਾ ਸੀ। ਇਕ ਵਾਰੀ ਬਾਪੂ ਜੀ ਪ੍ਰਭੂ ਯਾਦ ਵਿਚ ਲਿਵਲੀਨ ਬੈਠੇ ਸੀ। ਉਨ੍ਹਾਂ ਦੇ ਨੇੜੇ ਬਹੁਤ ਸਾਰੇ ਉਹ ਪ੍ਰੇਮੀ ਵੀ ਬੈਠੇ ਸਨ ਜੋ ਮਾਲਾ ਦੀ ਮਦਦ ਨਾਲ ਗੁਰਮੰਤ੍ਰ ਦਾ ਜਾਪ ਕਰਿਆ ਕਰਦੇ ਸਨ। ਇਸ ਪ੍ਰੇਮੀ ਨੇ ਉਨ੍ਹਾਂ ਨੂੰ ਮਾਲਾ ਫੇਰਦੇ ਦੇਖ ਕੇ ਜੋ ਆਮ ਤੌਰ ਤੇ ਸਰਬ ਲੋਹ ਜਾਂ ਉੱਨ ਦੀਆਂ ਹੋਇਆ ਕਰਦੀਆਂ ਸਨ, ਇਕ ਲੰਮੀ ਗੱਡੇ ਦੀ ਲੱਜ ਲੈ ਆਇਆ। ਰਸਤੇ ਵਿਚ ਕੁਝ ਗੰਢਾਂ ਦੇ ਕੇ ਖੜ੍ਹਾ ਹੋ ਕੇ ਦੋਹਾਂ ਹੱਥਾਂ ਨਾਲ ਲੱਜ ਨੂੰ ਮਾਲਾ ਵਾਂਗ ਫੇਰ ਕੇ ਉਚੀ ਅਵਾਜ਼ ਵਿਚ ਵਾਹਿਗੁਰੂ-ਵਾਹਿਗੁਰੂ ਕਰਦਾ ਸੀ। ਇਸ ਅਵਾਜ਼ ਨੂੰ ਸੁਣ ਕੇ ਬਾਪੂ ਜੀ ਨੇ ਨੇਤਰ ਖੋਲ੍ਹੇ ਅਤੇ ਗੰਗਾ ਸਿੰਘ ਵਲ ਦੇਖਿਆ। ਉਹ ਉਨ੍ਹਾਂ ਦੀ ਦ੍ਰਿਸ਼ਟੀ ਦੀ ਤਾਬ ਨਾ ਲਿਆ ਸਕਿਆ। ਉਸ ਦੇ ਰੋਮ-ਰੋਮ ਵਿਚੋਂ ਨਾਮ ਦੀ ਕਰੰਟ ਬਿਜਲੀ ਦੀ ਕਰੰਟ ਵਾਂਗ ਲੰਘ ਗਈ। ਉਹ ਧਰਤੀ ਉਪਰ ਗਿਰ ਪਿਆ ਅਤੇ ਆਪਣਾ ਮੱਥਾ ਧਰਤੀ ਤੇ ਪਟਕਣ ਲੱਗ ਗਿਆ। ਬਾਪੂ ਜੀ ਨੇ ਇਸ ਕਰੰਟ ਨੂੰ ਆਪਣੇ ਅੰਦਰ ਸੰਕੋਚ ਲਿਆ ਤਾਂ ਉਹ ਉਚੀ-ਉਚੀ ਰੋ-ਰੋ ਕੇ ਆਖਣ ਲੱਗਿਆ ਕਿ ਹੀਰਾ ਸਿੰਘ! ਹੋਰ ਸਭ ਕੁਝ ਲੈ-ਲੈ, ਮੈਂ ਤੁਹਾਡੀ ਨਕਲ ਕੀਤੀ ਹੈ, ਮੈਨੂੰ ਸਜ਼ਾ ਮਿਲਣੀ ਚਾਹੀਦੀ ਹੈ ਪਰ ਤੂੰ ਮੇਰੇ ਉਤੇ ਜੋ ਇਕੋ ਦ੍ਰਿਸ਼ਟੀ ਕਰਕੇ ਅਕਹਿ ਰਸ ਪੈਦਾ ਕਰ ਦਿਤਾ, ਇਹ ਨਾ ਖੋਹੀਂ। ਇਕੋ ਦ੍ਰਿਸ਼ਟੀ ਨਾਲ ਉਸ ਦਾ ਸਮੁੱਚਾ ਜੀਵਨ ਬਦਲ ਗਿਆ। ਮਸ਼ਕਰਾ ਸੁਭਾਅ ਬਦਲ ਕੇ ਸਹਿਜ ਵਿਚ ਜੀਵਨ ਬਤੀਤ ਕਰਨ ਲੱਗਿਆ। ਨਾਮ ਦਾ ਰਸੀਆ ਹੋ ਕੇ ਪੰਜ ਪਿਆਰਿਆਂ ਤੋਂ ਨਾਮ ਦੀ ਦਾਤ ਪ੍ਰਾਪਤ ਕਰਕੇ ਸਾਰਾ ਜੀਵਨ ਉਚ ਕੋਟੀ ਦੇ ਗੁਰਮੁਖਾਂ ਵਾਲਾ ਲੰਘਾਇਆ। ਜਦੋਂ ਉਸ ਦੀ ਆਯੂ 90 ਸਾਲ ਤੋਂ ਉਪਰ ਸੀ ਉਸ ਵੇਲੇ ਮੈਂ ਇਕ ਵਾਰੀ ਦਉਦਪੁਰ ਗਿਆ। ਮੈਨੂੰ ਦੱਸਿਆ ਗਿਆ ਕਿ ਇਹ ਤੇਰੇ ਪਿਤਾ ਜੀ ਦੇ ਸਾਥੀ ਗੰਗਾ ਸਿੰਘ ਹਨ। ਜਦੋਂ ਮੈਂ ਉਸ ਨੂੰ ਉਸ ਘਟਨਾ ਬਾਰੇ ਪੁਛਿਆ ਤਾਂ ਆਪ ਦੇ ਨੇਤਰ ਛਮਾ-ਛਮ ਬਹਿ ਤੁਰੇ ਅਤੇ ਉਸ ਦੀ ਦੂਰ ਭੂਤਕਾਲ ਵਿਚ ਪੁਜੀ ਸਿਮ੍ਰਤੀ ਉਜਾਗਰ ਹੋ ਗਈ। ਉਨ੍ਹਾਂ ਨੇ ਰੋ-ਰੋ ਕੇ ਦੱਸਿਆ ਕਿ ਅਸੀਂ ਸੰਤ ਹੀਰਾ ਸਿੰਘ ਨੂੰ ਆਪਣਾ ਭਰਾ ਜਾਣ ਕੇ ਕੋਈ ਕਦਰ ਨਾ ਪਾਈ। ਉਸ ਦੇ ਕੋਲ ਜੋ ਅਮੁੱਲ ਵਸਤੂ ਸੀ ਉਹ ਅਸੀਂ ਨਾ ਲੈ ਸਕੇ। ਮੇਰੇ ਕੋਲ ਤਾਂ ਸਿਰਫ ਓਹੀ ਰਸ ਰਹਿ ਗਿਆ ਜਿਹੜਾ ਮੈਂ ਇਨ੍ਹਾਂ ਨਾਮ ਰਸੀਆਂ ਦੀ ਨਕਲ ਕਰਨ ਵੇਲੇ ਉਸ ਇਕੋ ਦ੍ਰਿਸ਼ਟੀ ਨਾਲ ਪ੍ਰਾਪਤ ਕੀਤਾ ਸੀ। 'ਰੰਗਲੇ ਸੱਜਣ' ਵਿਚ ਇਕ ਜ਼ਿਕਰ ਆਉਂਦਾ ਹੈ ਕਿ ਖਾਲਸਾ ਸਕੂਲ ਦੇ ਬੱਚਿਆਂ ਨੂੰ ਅੰਮ੍ਰਿਤ ਛਕਾਉਣ ਸਮੇਂ ਫਲ੍ਹੇਵਾਲ ਦੇ ਇਕ ਲੜਕੇ ਦੇ ਨੇਤਰਾਂ ਵਲ ਦ੍ਰਿਸ਼ਟੀ ਕਰਕੇ ਛੱਟਾ ਮਾਰਿਆ ਤਾਂ ਉਸ ਦੀ ਸਮਾਧੀ ਲੱਗ ਗਈ ਅਤੇ 56 ਘੰਟੇ ਪਿਛੋਂ ਉਹ ਭਾਰ ਰਹਿਤ ਹੋ ਕੇ ਛੱਤ ਨਾਲ ਜਾ ਲੱਗਿਆ। ਫੇਰ ਗੁਰੂ ਗ੍ਰੰਥ ਸਾਹਿਬ ਜੀ ਸਾਮ੍ਹਣੇ ਲੰਮਾ ਪੈ ਗਿਆ। ਬਾਪੂ ਜੀ ਨੇ ਭਾਈ ਸਾਹਿਬ ਰਣਧੀਰ ਸਿੰਘ ਹੋਰਾਂ ਨੂੰ ਕਿਹਾ ਕਿ ਲਾਵਾਂ ਦਾ ਕੀਰਤਨ ਕਰੋ, ਇਸ ਬੱਚੇ ਦੀ ਰੂਹ ਅਕਾਲ ਪੁਰਖ ਦੇ ਦਰ ਤੇ ਖੜ੍ਹੀ ਮਿਲਾਪ ਮੰਗ ਰਹੀ ਹੈ। ਬਾਪੂ ਜੀ ਨੇ ਦੱਸਿਆ ਕਿ ਜਲਾਲ ਵਿਚ ਆ ਕੇ ਅੰਮ੍ਰਿਤ ਦਾ ਛੱਟਾ ਮਾਰਿਆ

ਗਿਆ ਸੀ। ਅਗੋਂ ਨੂੰ ਸਹਿਜ ਨਾਲ ਅੰਮ੍ਰਿਤ ਛਕਾਵਾਂਗੇ।

ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਹੋਰ ਸਿੰਘਾਂ ਸਮੇਤ ਤਿੰਨ-ਤਿੰਨ ਮਹੀਨੇ ਦਾ ਸਮਾਂ ਬਾਪੂ ਜੀ ਦੇ ਘਰ ਦਾਉਦਪੁਰ ਲੰਘਾਇਆ ਕਰਦੇ ਸਨ ਅਤੇ ਅਖੰਡਪਾਠਾਂ ਦੇ ਅਖੰਡ ਪ੍ਰਵਾਹ ਘਰ ਵਿਚ ਚਲਿਆ ਕਰਦੇ ਸਨ। ਇਸ ਮਾਹੌਲ ਵਿਚ ਤੁਹਾਡੇ ਬੀਜੀ ਉਦਮ ਕੌਰ (ਬੀਬੀ ਰਣਜੀਤ ਕੌਰ) ਦਾ ਜੀਵਨ ਲੰਘਿਆ। ਉਨ੍ਹਾਂ ਦੀ ਸਾਰੀ ਜ਼ਿੰਦਗੀ ਇਸ ਗੱਲ ਦੀ ਗਵਾਹ ਹੈ ਕਿ ਉਨ੍ਹਾਂ ਨੂੰ ਆਪਣੇ ਪਿਤਾ ਜੀ ਦੀ ਗੁਪਤ ਤੌਰ ਤੇ ਬਖਸ਼ੀ ਦ੍ਰਿਸ਼ਟੀ ਨਾਲ ਸਾਰਾ ਜੀਵਨ ਹੀ ਸੇਵਾ, ਸਿਮਰਨ ਵਿਚ ਲੰਘਾਇਆ ਅਤੇ ਆਪਣੇ ਗ੍ਰਹਿਸਥ ਦੇ ਉਚ ਅਸੂਲਾਂ ਉਪਰ ਸਦਾ ਹੀ ਦ੍ਰਿੜ੍ਹ ਰਹੇ। ਮੇਰੇ ਦਾਦਾ ਜੀ, ਪਿਤਾ ਜੀ ਅਤੇ ਹੋਰ ਪਰਿਵਾਰ ਉਨ੍ਹਾਂ ਦੀ ਖਿੱਚ ਨੂੰ ਬਹੁਤ ਪਿਆਰ ਨਾਲ ਮਹਿਸੂਸ ਕਰਦੇ ਰਹੇ। ਉਸ ਨੇ ਵੀ ਨਿਸ਼ਕਾਮ ਸੇਵਾ ਪਰਿਵਾਰ ਦੀ ਕੀਤੀ। ਭਾਵੇਂ ਇਨ੍ਹਾਂ ਨੂੰ ਸਮਝਣ ਲਈ ਮੇਰੇ ਹੀ ਭਰਾਵਾਂ, ਭਰਜਾਈਆਂ ਨੇ ਆਪਣੇ ਗਲਤ ਅਨੁਮਾਨ ਲਾ ਕੇ ਧੁੰਧਲੇ ਸ਼ੀਸ਼ੇ ਵਿਚੋਂ ਦੇਖਣ ਦਾ ਜਤਨ ਕੀਤਾ ਅਤੇ ਕਈਆਂ ਦੇ ਹਿਰਦੇ ਵਿਚੋਂ ਈਰਖਾ ਦੀ ਜਵਾਲਾ ਭੜਕਦੀ ਰਹੀ ਪਰ ਇਸ ਨੇ ਸਾਰੀ ਜ਼ਿੰਦਗੀ ਕਿਸੇ ਨੂੰ ਬੁਰਾ ਨਹੀਂ ਆਖਿਆ ਅਤੇ ਸੇਵਾ ਹੀ ਕਰਦੀ ਰਹੇ। ਆਪਣੇ ਪਿਤਾ ਜੀ ਦੇ ਦਿਤੇ ਵਰਦਾਨ ਨੂੰ ਆਪਣੇ ਜੀਵਨ ਵਿਚ ਕਮਾ ਕੇ ਵਿਖਾਇਆ।

ਮੈਂ 1939 ਵਿਚ ਜ਼ਿਲਾ ਨਵਾਬਸ਼ਾਹ, ਸਿੰਧ ਵਿਚੋਂ ਵਾਪਸ ਅੰਮ੍ਰਿਤਸਰ ਪੁਜਾ ਤਾਂ ਉਥੇ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਮੰਜੀ ਸਾਹਿਬ ਕੀਰਤਨ ਕਰਕੇ ਆਪਣੇ ਜਥੇ ਸਮੇਤ ਇਕ ਟਾਂਗੇ ਵਿਚ ਬੈਠੇ, ਕਿਤੇ ਜਾ ਰਹੇ ਸਨ। ਉਨ੍ਹਾਂ ਨੇ ਬੀਬੀ ਉਦਮ ਕੌਰ ਨੂੰ ਵੇਖਿਆ, ਮੈਨੂੰ ਵੀ ਵੇਖਿਆ - 10-11 ਸਾਲ ਲੰਘਣ ਉਪਰੰਤ। ਇਕ ਦਮ ਆਪ ਨੇ ਟਾਂਗਾ ਰੁਕਵਾ ਲਿਆ ਅਤੇ ਹੇਠਾਂ ਉਤਰ ਕੇ ਬੀਬੀ ਨੂੰ ਐਨਾ ਪਿਆਰ ਦਿਤਾ ਕਿ ਕੋਈ ਪਿਤਾ ਸ਼ਾਇਦ ਹੀ ਐਨਾ ਪਿਆਰ ਦੇਵੇ। ਆਪ ਆਪਣੇ ਸਾਥੀ ਸਿੰਘਾਂ ਨੂੰ ਆਖ ਰਹੇ ਸਨ ਕਿ ਦੇਖੋ, ਇਹ ਬੀਬੀ ਬਣੀ ਤਣੀ ਸੰਤ ਭਾਈ ਹੀਰਾ ਸਿੰਘ ਦਉਦਪੁਰੀ ਵਰਗੀ ਝਲਕ ਦਿੰਦੀ ਹੈ। ਇਸ ਦੇ ਮਸਤਕ ਦਾ ਖੇੜਾ ਉਸ ਨਾਮ ਰਸੀਏ ਦੀ ਯਾਦ ਤਾਜ਼ਾ ਕਰਦਾ ਹੈ। ਪਿਆਰ ਦੇਣ ਉਪਰੰਤ ਆਪ ਨੇ ਮੈਨੂੰ ਸੰਬੋਧਨ ਕਰਦੇ ਹੋਏ ਕਿਹਾ ਕਿ ਜਿਸ ਰਸਤੇ ਉਪਰ ਲੱਗੇ ਹੋਏ ਹੋਂ, ਅੱਗੇ ਵਧਦੇ ਚੱਲੋ, ਪਿਛੇ ਪੈਰ ਨਹੀਂ ਪਰਤਣਾ। ਇਹ ਸਨ ਕੁਝ ਯਾਦਾਂ ਜੋ ਅਜੇ ਤਕ ਮੇਰੇ ਅੰਦਰ ਸੰਭਾਲ ਦੀ ਥਾਂ ਵਿਚ ਸੁਰਖਸ਼ਿਤ ਪਈਆਂ ਹਨ ਜਿਨ੍ਹਾਂ ਨੂੰ ਮੈਂ ਇਸ ਕਾਗਜ਼ ਤੇ ਕਲਮ ਰਾਹੀਂ ਆਪ ਨਾਲ ਸਾਂਝੀਆਂ ਕਰ ਰਿਹਾ ਹਾਂ।

ਬਾਪੂ ਜੀ ਨੇ ਅੰਤਮ ਸਫਰ ਲਾਹੌਰ ਹੀ ਪੂਰਾ ਕੀਤਾ। ਮਹੀਨੇ ਦੀ ਆਖਰੀ ਤਰੀਕ ਪੁਜ ਗਈ। ਆਪ ਜੀ ਨਮੂਨੀਏ ਕਰਕੇ ਬੀਮਾਰ ਸਨ। ਬੱਚਿਆਂ ਨੂੰ ਕਿਹਾ ਕਿ ਸਭ ਘਰ ਨੂੰ ਜਾਵੋ, ਅਸੀਂ ਬਾਬਾ ਕਿਸ਼ਨ ਸਿੰਘ ਦਾ ਇੰਤਜ਼ਾਰ ਕਰ ਰਹੇ ਹਾਂ। ਇਸ ਮਹਾਨ ਪੁਰਸ਼ ਦਾ ਪਿੰਡ ਲੋਹਗੜ੍ਹ ਸੀ। ਇਹ ਨਾਮਧਾਰੀ ਸੰਪ੍ਰਦਾ ਨਾਲ ਸਬੰਧ ਰੱਖਣ ਵਾਲੇ ਇਕ ਮਹਾਨ ਉਚ ਕੋਟੀ ਦੇ ਗੁਰਮੁਖ ਯੋਗੀ ਸਨ। ਆਪ ਜੀ ਇਕੱਲੇ ਹੀ ਪੂਰੇ 48 ਘੰਟਿਆਂ ਵਿਚ ਗੁਰੂ ਗ੍ਰੰਥ ਸਾਹਿਬ ਜੀ ਦਾ ਅਖੰਡ ਪਾਠ ਕਰਿਆ ਕਰਦੇ ਸਨ। ਆਪ 25 ਰੁਪੈ ਭੇਟ ਲਿਆ ਕਰਦੇ ਸਨ। ਸੋਧੀ ਹੋਣ ਕਰਕੇ ਆਪਣਾ ਪ੍ਰਸ਼ਾਦਾ ਆਪ ਹੀ ਤਿਆਰ ਕਰਿਆ ਕਰਦੇ ਸਨ। ਆਪ ਨੇ ਜੀਵਨ ਭਰ ਵਿਚ 1000 ਅਖੰਡ ਪਾਠ ਇਕੱਲਿਆਂ ਨੇ ਹੀ ਕੀਤਾ। 25000-00 ਰੁਪਏ ਦੀ ਭੇਟਾ ਭੈਣੀ ਸਾਹਿਬ ਵਿਚ ਜਮ੍ਹਾਂ ਕਰਾਈ।

ਜਦੋਂ ਹਸਪਤਾਲ ਵਿਚੋਂ ਬੀਬੀ ਉਦਮ ਕੌਰ ਆਪਣੇ ਵੱਡੇ ਭਰਾਵਾਂ ਸਮੇਤ ਬਾਹਰ ਆ ਰਹੇ ਸਨ ਤਾਂ ਵੇਖ ਕੇ ਹੈਰਾਨ ਹੋ ਗਏ ਕਿ ਧੂਪੀਆ ਬਾਬਾ ਜੀ ਕਿਸ਼ਨ ਸਿੰਘ ਤਾਂ ਪਹੁੰਚ ਗਏ। ਉਨ੍ਹਾਂ ਨੂੰ ਲੈ ਕੇ ਪਰਿਵਾਰ ਬਾਪੂ ਜੀ ਹੀਰਾ ਸਿੰਘ ਦੇ ਬਿਸਤਰ ਪਾਸ ਪਹੁੰਚਿਆ। ਬਾਪੂ ਜੀ ਹੀਰਾ ਸਿੰਘ ਜੀ ਨੇ ਕਿਹਾ ਕਿ ਬਾਬਾ ਜੀ! ਤੁਸੀਂ ਬਹੁਤ ਦੇਰ ਨਾਲ ਆਏ ਹੋ ਤਾਂ ਬਾਬਾ ਕਿਸ਼ਨ ਸਿੰਘ ਜੀ ਨੇ ਕਿਹਾ ਕਿ ਤੁਸੀਂ ਤਾਂ ਮੈਨੂੰ ਹੁਣੇ ਹੀ ਯਾਦ ਕੀਤਾ ਹੈ। ਮੈਂ ਪਹੁੰਚ ਗਿਆ ਹਾਂ ਮੈਨੂੰ ਤਾਂ ਤੁਹਾਡੇ (Wireless) ਅੰਤਰ ਆਤਮੇਂ ਦਾ ਸੁਨੇਹਾ ਹੁਣੇ ਮਿਲਿਆ ਹੈ। ਮੈਂ ਲਾਲਾ ਮੂਸੇ (ਰਾਵਲਪਿੰਡੀ) ਪਾਸ ਸਾਂ, ਮੈਨੂੰ ਸ਼ਬਦ ਦੀ ਸਵਾਰੀ ਕਰਨੀ ਪਈ। ਇਸ ਗੱਲ ਨੂੰ ਅਸੀਂ ਬੁੱਧੀ ਦੀਆਂ ਟੋਹਾਂ ਨਾਲ ਨਹੀਂ ਸਮਝ ਸਕਦੇ। ਇਹ ਭੀ ਨਾਮ ਪ੍ਰਾਪਤੀ ਦੀ ਇਕ ਅਤਿ ਉਚੀ ਅਵਸਥਾ ਹੋਇਆ ਕਰਦੀ ਹੈ।

ਉਨ੍ਹਾਂ ਸਮਿਆਂ ਵਿਚ ਨਾਮਧਾਰੀ ਸਿੰਘਾਂ ਦਾ ਜੀਵਨ ਬਹੁਤ ਹੀ ਖਿੱਚ ਵਾਲਾ ਹੋਇਆ ਕਰਦਾ ਸੀ। ਮੈਂ ਅਜੇ ਬਚਪਨ ਵਿਚ ਹੀ ਸੀ ਜਦੋਂ ਉਨ੍ਹਾਂ ਨੂੰ ਇਕ ਵਜੇ ਉਠ ਕੇ ਸਣ ਕੇਸੀ ਇਸ਼ਨਾਨ ਕਰਦੇ ਤਕਿਆ। ਉਸ ਪਿਛੋਂ ਲਗਾਤਾਰ ਢਾਈ-ਤਿੰਨ ਘੰਟੇ ਸਿਮਰਨ ਕਰਦਿਆਂ ਨੂੰ ਵੇਖਿਆ। ਉਨ੍ਹਾਂ ਦੇ ਮਿਲਵਰਤਨ ਅਤੇ ਪਿਆਰ ਨੂੰ ਤੱਕਿਆ। ਉਨ੍ਹਾਂ ਦੀ ਸਵੱਛ ਰਹਿਣੀ, ਕਹਿਣੀ ਅਤੇ ਕਰਨੀ ਨੂੰ ਘੋਖਿਆ ਅਤੇ ਉਨ੍ਹਾਂ ਦਾ ਪ੍ਰੇਮ ਮਹਾਂਪੁਰਸ਼ ਸੰਸਾਰ ਦੇ ਚਾਨਣ ਅਤੇ ਸਦਾ ਯਾਦ ਰਹਿਣ ਵਾਲੇ ਪਰਮ ਸਤਿਕਾਰਯੋਗ ਬਾਬਾ ਰਾਮ ਸਿੰਘ ਜੀ ਭੈਣੀ ਸਾਹਿਬ ਵਾਲਿਆਂ ਨਾਲ ਅਨੁਭਵ ਕੀਤਾ ਜਿਨ੍ਹਾਂ ਨੂੰ ਅਤਿ ਸ਼ਰਧਾ-ਵਸ ਉਹ ਸਤਿਗੁਰੂ ਜੀ ਉਚਾਰ ਕੇ ਸੰਬੋਧਨ ਕਰਦੇ ਸਨ। ਉਸ ਵੇਲੇ ਨਾਮਧਾਰੀ ਸੰਪ੍ਰਦਾ ਦੇ ਸ਼੍ਰੋਮਣੀ ਮਹਾਂਪੁਰਸ਼ ਪ੍ਰਮ ਸਤਿਕਾਰ ਯੋਗ ਬਾਬਾ ਪ੍ਰਤਾਪ ਸਿੰਘ ਜੀ ਮਹਾਰਾਜ ਆਪਣੇ ਜੀਵਨ ਰਾਹੀਂ ਨਾਮ ਸਿਮਰਨ ਦੀਆਂ ਝੜੀਆਂ ਲਾ ਰਹੇ ਸਨ। ਨਾਮ ਜਪਣ ਵਾਲਿਆਂ ਉਤੇ ਇਨ੍ਹਾਂ ਜੀਵਨਾਂ ਦਾ ਬਹੁਤ ਅਸਰ ਪੈਂਦਾ ਹੈ ਪਰ ਜੇ ਇਸ ਦੀ ਥਾਂ ਮਹਾਂ ਨੀਚ ਜਜ਼ਬਾ ਈਰਖਾ ਅਤੇ ਦ੍ਵੈਤ ਦਾ ਜਾਗ ਪਵੇ ਅਤੇ ਇਨ੍ਹਾਂ ਹਸਤੀਆਂ ਨੂੰ ਛੋਟਾ ਕਰਕੇ ਵੇਖੇ ਤਾਂ ਉਸ ਦੇ ਦੁਰਭਾਗ ਹੋਇਆ ਕਰਦੇ ਹਨ। ਪਰ ਮੈਨੂੰ ਤਾਂ ਸੰਸਾਰ ਦੇ ਨਾਮ ਰਸੀਏ ਆਪਣੇ ਪਿਆਰੇ ਹੀ ਲਗਦੇ ਹਨ। ਇਸ ਪਿਆਰ ਨੂੰ ਕਈ ਵਾਰੀ ਕਾਲੀਆਂ ਐਨਕਾਂ ਨਾਲ ਵੇਖਣ ਵਾਲੇ ਕੁ-ਰਸ ਵਿਚ ਭਰ ਕੇ ਤਕਦੇ ਮੇਰੇ ਬਾਰੇ ਵੀ ਕਈ ਕਿਸਮ ਦੇ ਖਿਆਲ ਪੈਦਾ ਕਰਦੇ ਰਹੇ ਹਨ। ਮੈਨੂੰ ਕਿਸੇ ਪ੍ਰੇਮੀ ਨੇ ਦਸਿਆ ਕਿ ਤੁਹਾਡੇ ਸਾਲਾਨਾ ਸਮਾਗਮ ਵਿਚ ਜਦੋਂ ਵੱਡੇ-ਵੱਡੇ ਮਹਾਂਪੁਰਸ਼

ਸੰਸਾਰ ਪ੍ਰਸਿੱਧ ਯੋਗੀ ਡਾ. ਸਵਾਮੀ ਰਾਮ ਜੀ, ਅਤੇ ਡਾ. ਵੇਦ ਭਾਰਤੀ ਜੀ ਅਤੇ ਨਾਮਧਾਰੀ ਮਹਾਂਪੁਰਸ਼ ਸਤਿਕਾਰ ਯੋਗ ਬਾਬਾ ਜਗਜੀਤ ਸਿੰਘ ਜੀ ਆਏ ਅਤੇ ਪੰਜਾਬ ਦੀਆਂ ਮਨਿਸਟਰ ਹਸਤੀਆਂ ਮਹਾਂਪੁਰਸ਼ਾਂ ਦੀ ਖਿੱਚ ਵਿਚ ਬੰਨ੍ਹੀਆਂ ਸੰਗਤ ਵਿਚ ਸ਼ਰਧਾਲੂਆਂ ਵਾਂਗ ਆਈਆਂ ਤਾਂ ਉਨ੍ਹਾਂ ਦੀਆਂ ਫਿਲਮਾਂ ਲੈ ਕੇ ਇਸ ਤਰ੍ਹਾਂ Dub ਕੀਤੀਆਂ ਗਈਆਂ ਜੋ ਵੇਖਣ ਵਾਲਿਆਂ ਦੇ ਦਿਲਾਂ ਵਿਚ ਅਨੇਕ ਕਿਸਮ ਦੇ ਸ਼ੰਕੇ ਪੈਦਾ ਕਰਦੀਆਂ ਹਨ। ਉਨ੍ਹਾਂ ਨੇ ਇਸ ਤਰ੍ਹਾਂ ਜੋੜ-ਤੋੜ ਕੇ ਬਣਾਈਆਂ ਫਿਲਮਾਂ ਅਮਰੀਕਾ ਵਿਚ ਵੀ ਵਿਖਾਈਆਂ। ਜਦੋਂ ਮੈਨੂੰ ਇਸ ਈਰਖਾ ਭਰੇ ਕੁਚੱਜ ਬਾਰੇ ਦੱਸਿਆ ਗਿਆ ਤਾਂ ਮੈਂ ਇਸ ਨੂੰ ਕੋਈ ਮਹੱਤਤਾ ਨਾ ਦਿਤੀ ਕਿਉਂਕਿ ਮੇਰੇ ਅੰਦਰ ਕੋਈ ਵੀ ਵਾਸ਼ਨਾ ਨਹੀਂ ਸੀ ਅਤੇ ਨਾ ਹੀ ਹੁਣ ਹੈ। ਸੰਤ ਤਾਂ ਮੈਂ ਬਣਨਾ ਹੀ ਨਹੀਂ। ਸੰਗਤਾਂ ਖਾਹਮ-ਖਾਹ ਮੇਰੇ ਰੋਕਣ ਦੇ ਬਾਵਜੂਦ ਵੀ ਮੈਨੂੰ ਸੰਤ-ਸੰਤ ਆਖੀ ਜਾਂਦੀਆਂ ਹਨ। ਇਨ੍ਹਾਂ ਅਖੌਤੀ ਸੰਤਾਂ ਦੇ ਦਿਲਾਂ ਵਿਚ, ਜੋ ਅਜੇ ਰਾਗ ਦ੍ਵੈਸ਼ ਦੀ ਦਲਦਲ ਵਿਚ ਫਸੇ ਹੋਏ ਹਨ, ਨੂੰ ਅਕਾਰਨ ਡਰ ਪੈ ਗਿਆ ਕਿ ਕਿਤੇ ਇਸ ਦੀ ਪ੍ਰਸੰਸਾ ਵਧੇਰੀ ਨਾ ਹੋ ਜਾਵੇ। ਮੈਂ ਤਾਂ ਆਪਣੀ ਬਿਰਤੀ ਨੂੰ ਅਜਿਹੀਆਂ ਘਟੀਆ ਸੋਚਣੀਆਂ ਤੋਂ ਦੂਰ ਹੀ ਰੱਖਿਆ ਹੋਇਆ ਹੈ। ਮੈਨੂੰ ਤਾਂ ਸਾਰੇ ਬੰਦਗੀ ਕਰਨ ਵਾਲੇ ਪ੍ਰਭੂ ਦੇ ਪਿਆਰੇ ਆਪਣਾ ਹੀ ਪਰਿਵਾਰ ਦਿਖਾਈ ਦਿੰਦੇ ਹਨ। ਮੈਂ ਹਰ ਰੋਜ਼ ਜਦੋਂ ਕੀਰਤਨ ਸੋਹਿਲੇ ਦੀ ਆਖਰੀ ਤੁਕ ਪੜ੍ਹਦਾ ਹਾਂ ਤਾਂ ਜਾਗ੍ਰਤ ਰੂਪ ਵਿਚ ਬੰਦਗੀ ਕਰਨ ਵਾਲਿਆਂ ਦੀ ਧੂੜ ਲੋਚਦਾ ਹਾਂ ਜਿਵੇਂ ਕਿ ਮਹਾਰਾਜ ਜੀ ਫੁਰਮਾਨ ਕਰਦੇ ਹਨ -

*ਅੰਤਰਜਾਮੀ ਪੁਰਖ ਬਿਧਾਤੇ ਸਰਧਾ ਮਨ ਕੀ ਪੂਰੇ॥*
*ਨਾਨਕ ਦਾਸੁ ਇਹੈ ਸੁਖੁ ਮਾਗੈ*
*ਮੋ ਕਉ ਕਰਿ ਸੰਤਨ ਕੀ ਧੂਰੇ॥ ਅੰਗ - 13*

ਮੇਰਾ ਨਾ ਹੀ ਕਿਸੇ ਸੰਪਰਦਾ ਨਾਲ ਵਿਰੋਧ ਹੈ, ਨਾ ਹੀ ਕੋਈ ਦੂਜਾਇਗੀ ਹੈ। ਮੇਰੀ ਤਾਂ ਸਦਾ ਹੀ ਅਰਦਾਸ ਹੁੰਦੀ ਹੈ-

*ਨਾਨਕ ਨਾਮ ਚੜ੍ਹਦੀ ਕਲਾ*
*ਤੇਰੇ ਭਾਣੇ ਸਰਬੱਤ ਕਾ ਭਲਾ।*

ਸੋ ਕੁਦਰਤੀ ਸੁਭਾਵ ਹੋਣ ਕਰਕੇ ਮੈਨੂੰ ਕੋਈ ਭੀ ਓਪਰਾ ਨਹੀਂ ਲਗਦਾ। ਸਗੋਂ ਮੇਰੇ ਮਨ ਵਿਚ ਨਾਮ ਜਪਣ ਵਾਲਿਆਂ ਲਈ ਸਦਾ ਹੀ ਆਦਰ ਭਰਿਆ ਸਵੱਛ ਥਾਂ ਬਣਿਆ ਰਹਿੰਦਾ ਹੈ। ਇਸ ਦਾ ਕਾਰਣ ਸ਼ਾਇਦ ਇਹ ਹੋਵੇ ਕਿ ਪ੍ਰਭੂ ਨੇ ਮੈਨੂੰ ਬਹੁਤ ਉਚ ਕੋਟੀ ਦੇ ਮਹਾਂਪੁਰਸ਼ਾਂ ਨਾਲ ਸੰਗ ਕਰਾਇਆ ਹੈ ਜਿਨ੍ਹਾਂ ਦੇ ਅੰਦਰ ਰਾਗ ਦ੍ਵੈਸ਼ ਦੀ ਕੋਈ ਵੀ ਕਣੀ ਨਹੀਂ ਸੀ। ਉਹ ਸਰਬ ਸਾਂਝ ਵਿਚ ਪੁਜੇ ਹੋਏ ਪ੍ਰਤੱਖ ਰੂਪ ਵਿਚ ਘਟ-ਘਟ ਵਿਚ ਵਾਹਿਗੁਰੂ ਵੇਖ ਰਹੇ ਸਨ। ਬਹੁਤ ਸਾਰੇ ਮਹਾਂਪੁਰਸ਼ਾਂ ਦੇ ਮੈਂ ਨਾਮ ਭੁੱਲ ਗਿਆ ਹਾਂ ਪਰ ਉਨ੍ਹਾਂ ਦੇ ਵਜੂਦ ਅਜੇ ਵੀ ਮੇਰੇ ਅੰਦਰ ਪਿਆਰ ਝਰਨ੍ਹਾਟਾਂ ਦਿੰਦੇ ਹਨ ਜਿਵੇਂ ਕਿ ਸੰਤ ਜੋਧ ਸਿੰਘ ਜੀ ਅਤੇ ਸੰਤ ਅਤਰ ਸਿੰਘ ਜੀ ਅਤਲੇ ਵਾਲੇ ਅਤੇ ਹੋਰ ਬੇਅੰਤ ਮਹਾਤਮਾਂ। ਇਹ ਖਿਚਾ-ਖਿਚੀ ਮੇਰੇ ਮਨ ਤੋਂ ਕੋਹਾਂ ਦੂਰ ਹੈ, ਮੇਰਾ ਕਿਸੇ ਨਾਲ ਕੋਈ ਝਗੜਾ ਨਹੀਂ ਹੈ ਕਿਉਂਕਿ-

*ਹਮਰਾ ਝਗਰਾ ਰਹਾ ਨ ਕੋਊ॥*
*ਪੰਡਿਤ ਮੁਲਾਂ ਛਾਡੇ ਦੋਊ॥ ਅੰਗ - 1158*

ਜੋ ਵਾਹਿਗੁਰੂ ਜੀ ਨਾਲ ਪਿਆਰ ਕਰਦੇ ਹਨ, ਵਾਹਿਗੁਰੂ ਜੀ ਦੀ ਕਥਾ ਸੁਣਾਉਂਦੇ ਹਨ ਉਨ੍ਹਾਂ ਦੇ ਦਰਸ਼ਨ ਤਾਂ ਭਾਗਾਂ ਨਾਲ ਹੀ ਪ੍ਰਾਪਤ ਹੁੰਦੇ ਹਨ। ਉਨ੍ਹਾਂ ਨੂੰ ਸੰਪਰਦਾਵਾਂ ਵਿਚ ਵੰਡ ਕੇ ਆਪਣੇ ਆਪ ਨੂੰ ਨੀਵਾਂ ਪ੍ਰਗਟ ਕਰਨਾ ਹੀ ਹੁੰਦਾ ਹੈ। ਗੁਰੂ ਮਹਾਰਾਜ ਜੀ ਦਾ ਤਾਂ ਫੁਰਮਾਨ ਹੈ ਕਿ -

*ਮੇਰੇ ਹਰਿ ਪ੍ਰੀਤਮ ਕੀ ਕੋਈ ਬਾਤ ਸੁਨਾਵੈ*
*ਸੋ ਭਾਈ ਸੋ ਮੇਰਾ ਬੀਰ॥ ਅੰਗ - 862*

*ਤੈ ਸਾਹਿਬ ਕੀ ਬਾਤ ਜਿ ਆਖੈ*
*ਕਹੁ ਨਾਨਕ ਕਿਆ ਦੀਜੈ॥*
*ਸੀਸੁ ਵਢੇ ਕਰਿ ਬੈਸਣੁ ਦੀਜੈ*
*ਵਿਣੁ ਸਿਰ ਸੇਵ ਕਰੀਜੈ॥ ਅੰਗ - 558*

ਜਿਸ ਸਮੇਂ ਦਾ ਮੈਂ ਜ਼ਿਕਰ ਕਰ ਰਿਹਾ ਹਾਂ ਉਸ ਸਮੇਂ ਵਿਚ ਖੰਡਨ-ਮੰਡਨ ਦੇ ਪ੍ਰਭਾਵ ਦਾ ਬਹੁਤ ਜ਼ੋਰ ਸੀ। ਇਕ ਵਰਗ ਐਸਾ ਸੀ ਜੋ ਸੰਤਾਂ ਦੀ ਨਿੰਦਿਆ ਕਰਨਾ ਹੀ ਆਪਣਾ ਫਰਜ਼ ਸਮਝਦਾ ਸੀ। ਪਿਛਲੇ ਹੋ ਚੁੱਕੇ ਮਹਾਂਪੁਰਸ਼ਾਂ ਸ੍ਰੀ ਰਾਮ ਚੰਦਰ ਜੀ, ਉਨ੍ਹਾਂ ਦੀ, ਕ੍ਰਿਸ਼ਨ ਮਹਾਰਾਜ ਜੀ ਅਤੇ ਅਨੇਕਾਂ ਰਿਸ਼ੀਆਂ-ਮੁਨੀਆਂ, ਪੀਰਾਂ-ਪੈਗੰਬਰਾਂ, ਸਾਲਕਾਂ, ਸਾਧਕਾਂ ਦੀ ਨਿੰਦਿਆ ਕਰਨਾ ਹੀ ਆਪਣਾ ਮੁਖ ਕਰਮ ਸਮਝਦਾ ਸੀ। ਆਰੀਆ ਸਮਾਜ ਅਤੇ ਹੋਰ ਧਰਮਾਂ ਦੇ ਅਨੁਆਈਆਂ ਦੀ ਸਦਾ ਹੀ ਆਪਸ ਵਿਚ ਟੱਕਰ ਲੱਗੀ ਰਹਿੰਦੀ। ਮੁਸਲਮਾਨਾਂ ਦੇ ਖਿਲਾਫ ਹਿਕਾਰਤ ਭਰੀਆਂ ਗੱਲਾਂ ਆਖੀਆਂ ਜਾਂਦੀਆਂ। ਇਹ ਸਭ ਕੁਝ ਦੇ ਪਿਛੇ ਅੰਗਰੇਜ਼ ਵਿਦੇਸ਼ੀ ਸ਼ਾਸ਼ਕ ਦਾ ਹੱਥ ਸੀ। ਉਸ ਸਮੇਂ ਲੁਧਿਆਣੇ ਦੇ ਨੇੜੇ ਇਕ ਲਹਿਰ ਉਠੀ ਜਿਸ ਦਾ ਜ਼ਿਕਰ ਕੀਤਿਆਂ ਕਈ ਪ੍ਰੇਮੀਆਂ ਦਾ ਦਿਲ ਦੁਖ ਜਾਵੇਗਾ। ਉਨ੍ਹਾਂ ਦਾ ਕੰਮ ਹੀ ਖੰਡਨ-ਮੰਡਨ ਸੀ। ਇਥੋਂ ਤਕ ਵਧਿਆ ਕਿ ਗੁਰੂ ਗ੍ਰੰਥ ਸਾਹਿਬ ਜੀ ਵਿਚ ਵੀ ਉਨ੍ਹਾਂ ਦੀ ਕਲਮ ਚੱਲਣ ਲੱਗੀ। ਭਗਤਾਂ ਦੀ ਬਾਣੀ ਅੱਡ ਕੱਢਣ ਦੇ ਮਨਸੂਬੇ ਬਣਾਏ ਗਏ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਜਾਪੁ ਸਾਹਿਬ ਅਤੇ ਖੰਡਤ ਅਕਾਲ ਉਸਤਤ ਵਗੈਰਾ ਚੜ੍ਹਾਉਣ ਲੱਗੇ। ਸੰਤਾਂ ਦੇ ਉਹ ਐਨੇ ਵਿਰੋਧੀ ਸਨ ਕਿ ਪ੍ਰਮ ਸੰਤ ਮਹਾਰਾਜ ਸ੍ਰੀ 108 ਸੰਤ ਅਤਰ ਸਿੰਘ ਜੀ ਮਸਤੂਆਣੇ ਵਾਲਿਆਂ ਦੇ ਖਿਲਾਫ ਭੰਡੀ ਪ੍ਰਚਾਰ ਕੀਤਾ ਗਿਆ ਅਤੇ ਉਨ੍ਹਾਂ ਦੀ ਇਕ ਫੋਟੋ ਐਸੀ ਤਿਆਰ ਕੀਤੀ ਗਈ ਕਿ ਜਿਸ ਵਿਚੋਂ ਅੱਖਾਂ ਕੱਢ ਕੇ ਬਗਲੇ ਭਗਤ ਦਾ ਕੈਪਸ਼ਨ ਦੇ ਕੇ ਤਸਵੀਰ ਵੰਡੀ ਗਈ। ਜਦੋਂ ਮਹਾਂਪੁਰਸ਼ਾਂ ਦੇ ਨੋਟਿਸ ਵਿਚ ਇਹ ਗੱਲ ਫੋਟੋ ਵਾਲੀ ਲਿਆਂਦੀ ਗਈ ਤਾਂ ਆਪ ਨੇ ਸੁਭਾਵਿਕ ਹੀ ਕਿਹਾ ਕਿ ਭਾਈ! ਇਹ ਪ੍ਰੇਮੀ ਤਾਂ ਈਰਖਾ ਦੀ ਅੱਗ ਨੇ ਪਾਗਲ ਹੀ ਕਰ ਦਿਤਾ ਹੈ। ਮਹਾਂਪੁਰਸ਼ਾਂ ਦਾ ਬਚਨ ਅਮੋਘ ਬਾਣ ਵਾਂਗੂੰ ਚਲ ਗਿਆ ਅਤੇ ਉਸ ਦੀ ਹੋਸ਼ ਇਸ ਨਿੰਦਿਆਂ ਦੀ ਅਗਨ ਨੇ ਪੂਰੀ ਤਰ੍ਹਾਂ ਗਵਾ ਦਿਤੀ। ਉਸ ਬੁੱਢੇ ਨੇ ਆਪਣੇ ਹੀ ਸਕੂਲ ਵਿਚ ਪੜ੍ਹਦੀ ਵਿਦਿਆਰਥਣ ਨਾਲ ਸ਼ਾਦੀ ਕਰਾ ਲਈ। ਸੁਣਿਆ ਹੈ ਕਿ ਉਸ ਦਾ ਅੰਤ ਵੀ

ਬਹੁਤ ਮਾੜਾ ਹੋਇਆ।

ਸੋ ਇਕ ਪਾਸੇ ਉਚ ਕੋਟੀ ਦੇ ਮਹਾਂਪੁਰਸ਼ ਗੁਰੂ ਨਾਨਕ ਉਦੇਸ਼ ਨੂੰ, ਆਪਣੇ ਜੀਵਨ ਰਾਹੀਂ ਕਮਾਈ ਕਰਕੇ ਸੰਸਾਰ ਵਿਚ ਫੈਲਾ ਰਹੇ ਸਨ ਅਤੇ ਇਕ ਪਾਸੇ ਇਹ ਕਾਲੀ ਹਨ੍ਹੇਰੀ ਸੰਗਤਾਂ ਦੇ ਮਨਾਂ ਵਿਚ ਸ਼ੰਕੇ ਪੈਦਾ ਕਰ ਰਹੀ ਸੀ। ਉਸ ਸਮੇਂ ਵਿਚ ਰੇਰੂ ਸਾਹਿਬ ਵਾਲੇ ਮਹਾਂਪੁਰਸ਼ਾਂ ਸ੍ਰੀ ਮਾਨ 108 ਸੰਤ ਅਤਰ ਸਿੰਘ ਜੀ ਕਿਰਤ ਕਮਾਈ ਕਰਕੇ ਗੁਰਮੁਖ ਜੀਵਨ ਨੂੰ ਆਪਣਾ ਧੇਅ ਬਣਾ ਕੇ ਸੰਸਾਰ ਵਿਚ ਕਰਮਯੋਗੀ ਬ੍ਰਹਮਗਿਆਨ ਦੇ ਆਦਰਸ਼ਾਂ ਨੂੰ ਕਮਾ ਕੇ ਫੈਲਾ ਰਹੇ ਸਨ ਜਿਨ੍ਹਾਂ ਦਾ ਅਸਰ ਬਹੁਤ ਦੇਰ ਤਾਂਈ ਇਸ ਸੰਸਾਰ ਨੂੰ ਰੋਸ਼ਨੀ ਬਖਸ਼ਦਾ ਰਹੇਗਾ। ਉਨ੍ਹਾਂ ਦੇ ਦਰਸ਼ਨ ਤਾਂ ਮੈਂ ਨਹੀਂ ਕਰ ਸਕਿਆ ਪਰ ਉਨ੍ਹਾਂ ਨੇ ਜਦੋਂ ਸਰੀਰ ਛੱਡ ਦਿਤਾ, ਉਸ ਸਮੇਂ ਮੈਂ ਭੋਗ ਤੇ ਗਿਆ ਸੀ। ਉਸੇ ਸਮੇਂ ਵਿਚ ਰਾੜਾ ਸਾਹਿਬ ਵਾਲੇ ਮਹਾਂਪੁਰਸ਼ਾਂ ਸ੍ਰੀ ਮਾਨ ਸੰਤ ਈਸ਼ਰ ਸਿੰਘ ਜੀ ਸਖਤ ਮੁਸ਼ੱਕਤ ਘਾਲ ਰਹੇ ਸਨ ਅਤੇ ਰੇਰੂ ਸਾਹਿਬ ਤੋਂ ਆ ਕੇ ਆਪਣਾ ਪ੍ਰਚਾਰ ਕੇਂਦਰ ਰਾੜੇ ਸਾਹਿਬ ਦੀ ਢੱਕੀ ਵਿਚ ਸਥਾਪਿਤ ਕਰ ਦਿਤਾ ਸੀ। ਉਸ ਵੇਲੇ ਆਪ ਦੇ ਸਰੀਰ ਦੀ ਆਯੂ 22-23 ਸਾਲ ਦੀ ਹੀ ਸੀ। ਕੋਈ ਨਹੀਂ ਸੀ ਜਾਣਦਾ ਕਿ ਇਹ ਬਾਲ ਯੋਗੀ ਇਕ ਦਿਨ ਇਤਨੀ ਬੁਲੰਦੀ ਉਪਰ ਪਹੁੰਚ ਜਾਵੇਗਾ ਕਿ ਸਾਰੀ ਦੁਨੀਆਂ ਨੂੰ ਨੂਰੋ-ਨੂਰ ਕਰ ਦੇਵੇਗਾ। ਆਪਣੀ ਸਰੀਰਕ ਹੋਂਦ ਵਿਚ ਤਾਂ ਕਰਨਾ ਹੀ ਸੀ ਪਰ ਸਰੀਰ ਛੱਡਣ ਤੋਂ ਪਿਛੋਂ ਜਿਉਂ-ਜਿਉਂ ਸਮਾਂ ਲੰਘ ਰਿਹਾ ਹੈ, ਤਿਉਂ-ਤਿਉਂ ਆਪ ਦਾ ਪ੍ਰਕਾਸ਼ ਗੁਪਤ ਲੋਕਾਂ ਵਿਚੋਂ ਇਸ ਧਰਤੀ ਉਪਰ ਹਜ਼ਾਰਾਂ ਜਗਿਆਸੂਆਂ ਦੇ ਮਨਾਂ ਨੂੰ ਪ੍ਰਜ੍ਵਲਤ ਕਰਕੇ ਪ੍ਰਭੂ ਪਿਆਰ ਵਿਚ ਪਰੋ ਰਿਹਾ ਹੈ। ਬਹੁਤ ਸਾਰੇ ਪ੍ਰੇਮੀ ਉਨ੍ਹਾਂ ਦੀ ਯਾਦ ਆਪਣੇ ਹਿਰਦਿਆਂ ਵਿਚ ਸੰਭਾਲੇ ਹੋਏ ਆਪਣਾ ਜੀਵਨ ਮਹਾਂਪੁਰਸ਼ਾਂ ਦੀ ਹਾਜ਼ਰੀ ਵਿਚ ਉਸੇ ਤਰ੍ਹਾਂ ਲੰਘਾ ਰਹੇ ਹਨ ਜਿਸ ਤਰ੍ਹਾਂ ਕਿ ਉਹ ਜਦੋਂ ਸਰੀਰ ਵਿਚ ਰੂਪਮਾਨ ਸਨ। ਆਪ ਅਜਿਹੇ ਯੁੱਗ ਪੁਰਸ਼ ਸਨ ਕਿ ਆਪ ਦੀ ਯਾਦ ਮੱਧਮ ਪੈਣ ਦੀ ਥਾਂ ਦਿਨੋ-ਦਿਨ ਐਨੀ ਵਧ ਰਹੀ ਹੈ, ਇਸ ਧਰਤੀ (Earth Planet) ਤੇ ਜਿੰਨੇ ਵੀ ਵੱਖੋ-ਵੱਖਰੇ ਦੇਸ਼ ਹਨ ਹਰ ਦੇਸ਼ ਵਿਚ ਗੁਰਮੁਖ ਪਿਆਰੇ ਉਨ੍ਹਾਂ ਦੀ ਯਾਦ ਤੋਂ ਪ੍ਰਭਾਵਿਤ ਹੋ ਰਹੇ ਹਨ। ਜਦੋਂ ਅਸੀਂ ਆਪ ਦੇ ਜੀਵਨ ਦੀ ਵਿਚਾਰ ਕਰਦੇ ਹਾਂ ਤਾਂ ਜਿਉਂ ਜਿਉਂ ਸਮਾਂ ਲੰਘਦਾ ਜਾਂਦਾ ਹੈ, ਆਪ ਦੀ ਰੋਸ਼ਨੀ ਸਰਵੋਤਮ ਨਜ਼ਰ ਆ ਰਹੀ ਹੈ। ਸਮਾਂ ਲੰਘਣ ਨਾਲ ਆਪ ਹੋਰ ਉਚੇ, ਹੋਰ ਉਚੇ ਪ੍ਰਤੀਤ ਦੇ ਰਹੇ ਹਨ। ਇਸ ਸਮੇਂ ਵਿਚ ਹੋਰ ਵੀ ਬੇਅੰਤ ਮਹਾਂਪੁਰਸ਼ ਕਰਨੀ ਕਮਾਈ ਵਾਲੇ ਹੋਏ ਹਨ ਪਰ ਆਪ ਉਸ ਸਮੇਂ ਦੇ ਯੁੱਗ ਪੁਰਸ਼ ਸਨ ਜੋ ਅਜੇ ਵੀ ਸੈਂਕੜਿਆਂ ਹਿਰਦਿਆਂ ਵਿਚ ਭਰਪੂਰ ਪ੍ਰਕਾਸ਼ ਦੇ ਰਹੇ ਹਨ। ਆਪ ਪਿਆਰ ਦੀ ਐਨੀ ਜ਼ਬਰਦਸਤ ਮੂਰਤ ਸਨ ਕਿ ਉਨ੍ਹਾਂ ਦਾ ਪਿਆਰ 25-26 ਸਾਲ ਸਰੀਰ ਛੱਡਿਆਂ ਲੰਘ ਜਾਣ ਉਪਰੰਤ ਵੀ ਵਧ ਹੀ ਰਿਹਾ ਹੈ ਅਤੇ ਵਧੇਰੇ ਖਿੱਚ ਪਾ ਕੇ ਜੀਵਨ ਪੱਥ ਪ੍ਰਦਰਸ਼ਨ ਕਰਾ ਰਿਹਾ ਹੈ। ਆਪ ਜੀ ਜਦੋਂ ਪਟਿਆਲਾ ਰਿਆਸਤ ਦੇ ਇਕ ਨਿੱਕੇ ਜਿਹੇ ਪਿੰਡ ਆਲੋਵਾਲ ਵਿਚ ਸਰੀਰ ਧਾਰ ਕੇ ਪ੍ਰਗਟ ਹੋਏ ਉਸ ਵੇਲੇ ਕੋਈ ਨਹੀਂ ਸੀ ਜਾਣਦਾ ਕਿ ਇਹ ਵਜੂਦ ਇਕ ਮਹਾਨ ਰੋਸ਼ਨੀ ਨਾਲ ਲਬਾ-ਲਬ ਭਰਿਆ ਹੋਇਆ, ਬ੍ਰਹਮਗਿਆਨ ਦੀ ਰੋਸ਼ਨੀ ਤੇ ਪਿਆਰ ਦੇਣ ਦੇ ਸਮਰੱਥ ਹੈ। ਪਰ ਆਪ ਜੀ ਦੀ ਕਿਸ਼ੋਰ ਅਵਸਥਾ ਦੇ ਕੌਤਕ ਵਿਚਾਰਦੇ ਹਾਂ ਤਾਂ ਅਨੁਮਾਨ ਸਹਿਜੇ ਹੀ ਲਾਇਆ ਜਾ ਸਕਦਾ ਹੈ ਕਿ ਇਹ ਗੁਲਾਬ ਦਾ ਫੁੱਲ (ਆਪ ਦਾ ਨਾਮ ਗੁਲਾਬ ਸਿੰਘ ਮਾਤਾ ਪਿਤਾ ਨੇ ਰੱਖਿਆ ਸੀ) ਸਾਰੇ ਸੰਸਾਰ ਨੂੰ ਸੁਗੰਧਤ ਕਰਨ ਦੀ ਸਮਰੱਥਾ ਰਖਦਾ ਹੈ। ਗੁਲਾਬ ਨਾਲ ਲੱਗੇ ਫੁਲ ਦੀ ਸੁਗੰਧੀ ਤਾਂ ਕੁਝ ਸਮੇਂ ਪਿਛੋਂ ਮੱਧਮ ਪੈ ਜਾਂਦੀ ਹੈ ਅਤੇ ਪੱਤੀਆਂ ਝੜ ਜਾਂਦੀਆਂ ਹਨ, ਉਸ ਦੀ ਖੂਬਸੂਰਤੀ ਖਤਮ ਹੋ ਜਾਂਦੀ ਹੈ ਅਤੇ ਉਸ ਨੂੰ ਮਾਲੀ ਆਪਣੇ ਆਪ ਹੀ ਤੋੜ ਕੇ ਖਾਦ ਦੇ ਢੇਰ ਵਿਚ ਸੁੱਟ ਦਿੰਦਾ ਹੈ, ਪਰ ਇਹ ਗੁਲਾਬ ਨਿਰਾਲਾ ਸੀ ਜੋ ਅਜਿਹਾ ਖਿੜਿਆ ਕਿ ਸਦਾ-ਸਦਾ ਲਈ ਇਸ ਨੇ ਬਹੁਤ ਹੀ ਤੇਜ਼ ਸੁਗੰਧੀ ਦਿੰਦਿਆਂ ਅਨੇਕਾਂ ਜਗਿਆਸੂਆਂ ਦੇ ਮਨਾਂ ਨੂੰ ਮਸਤ ਕਰਦੇ ਰਹਿਣਾ ਹੈ। ਆਪਣੇ ਪ੍ਰਕਾਸ਼ ਦੀਆਂ ਕਿਰਨਾਂ ਦੀ ਸਵੱਛਤਾ ਨਾਲ ਹਿਰਦੇ ਦੀਆਂ ਹਨ੍ਹੇਰੀਆਂ ਨੁਕਰਾਂ ਵਿਚੋਂ ਅੰਧਕਾਰ ਕੱਢਦੇ ਰਹਿਣਾ ਹੈ। ਆਪ ਦੇ ਬਚਨ, ਆਪ ਦੀਆਂ ਜੀਵਨ ਘਟਨਾਵਾਂ ਵਿਚਿਤ੍ਰ ਕਿਸਮ ਦੀਆਂ ਹਨ ਜੋ ਬਹੁਤ ਹੀ ਕ੍ਰਿਪਾ ਕਰਕੇ ਗੁਰੂ ਮਹਾਰਾਜ ਦੀ ਮਿਹਰ ਨਾਲ ਸਚਖੰਡ ਵਾਸੀ 'ਗਿਆਨੀ ਮੋਹਨ ਸਿੰਘ ਜੀ ਅਜ਼ਾਦ' ਨੇ ਆਪਣੀ ਪੁਸਤਕ 'ਰੂਹਾਨੀ ਸੰਦੇਸ਼' ਵਿਚ ਕਲਮਬੰਦ ਕਰ ਦਿਤੀਆਂ। ਗਿਆਨੀ ਮਿਹਰ ਸਿੰਘ ਜੀ ਜੋ ਆਪਣੇ ਬਚਪਨ ਤੋਂ ਮਹਾਨ ਤਪੱਸਵੀ ਸਨ ਜਿਨ੍ਹਾਂ ਦਾ ਸਾਰਾ ਜੀਵਨ ਲੜੀ ਬੱਝਵਾਂ ਤਪਸਿਆ ਵਿਚ ਲੰਘਿਆ ਹੈ, ਜਿਸ ਨੂੰ ਵੰਡਿਆ ਤਾਂ ਨਹੀਂ ਜਾ ਸਕਦਾ ਪਰ ਸਮੇਂ ਦੇ ਹਿਸਾਬ ਨਾਲ ਕਿਹਾ ਜਾ ਸਕਦਾ ਹੈ ਕਿ ਉਸ ਦੇ ਦੋ ਪੱਖ ਹਨ - ਇਕ ਗਹਿਰੀ ਰੂਹਾਨੀਅਤ ਦਾ ਅਤੇ ਦੂਸਰਾ ਰੂਹਾਨੀ ਪ੍ਰਭਾਵ ਦੇ ਅਧੀਨ ਆਇਆ ਹੋਇਆ ਦੇਸ਼ ਦੀ ਅਜ਼ਾਦੀ ਦਾ। ਆਪ ਅੱਜਕਲ੍ਹ ਕੁਰਕਸ਼ੇਤਰ ਵਿਚ ਨਿਵਾਸ ਰੱਖ ਰਹੇ ਹਨ। ਆਪ ਜੀ ਨੇ ਵੀ 'ਨੌ ਰਤਨ' ਪੁਸਤਕ ਵਿਚ ਮਹਾਂਪੁਰਸ਼ਾਂ ਦੀਆਂ ਜੀਵਨੀਆਂ ਨੂੰ ਸੰਸਾਰ ਵਿਚ ਪ੍ਰਕਾਸ਼ਿਤ ਕਰਨ ਦਾ ਉਦਮ ਕੀਤਾ ਹੈ ਉਹ ਬਹੁਤ ਹੀ ਪ੍ਰਸ਼ੰਸਾਯੋਗ ਹੈ। ਗਿਆਨੀ ਜੀ ਦੇ ਬਹੁ-ਚਰਚਿਤ ਜੀਵਨ ਵਿਚ ਬਹੁਤ ਕਿਸਮ ਦੇ ਅਨੁਭਵ ਛਿਪੇ ਹੋਏ ਹਨ। ਦੇਸ਼ ਭਗਤੀ ਦੇ ਦੌਰ ਵਿਚ ਆਪ ਜੀ ਮਹਾਨ ਦੇਸ਼ ਭਗਤ ਸੁਭਾਸ਼ ਚੰਦਰ ਬੋਸ ਦੇ ਅਤਿ ਨਿਕਟਵਰਤੀ ਰਹੇ ਹਨ ਜਿਸ ਕਰਕੇ ਆਪ ਨੂੰ ਲਾਹੌਰ ਜੇਲ੍ਹ ਵਿਚ ਭਿਆਨਕ ਦਰਦਨਾਕ ਤਸੀਹਿਆਂ ਦਾ ਸਾਮ੍ਹਣਾ ਕਰਨਾ ਪਿਆ ਜਿਸ ਵਜੋਂ ਆਪ ਜੀ ਦੇ ਸਰੀਰ ਵਿਚ ਕਈ ਕਿਸਮ ਦੀ ਕਮਜ਼ੋਰੀ ਆ ਗਈ। ਜਦੋਂ ਆਪ ਜੀ ਰਾੜੇ ਸਾਹਿਬ ਰਹਿੰਦੇ ਸਨ ਉਸ ਵੇਲੇ ਅਜੇ ਜੁਆਨੀ ਵਿਚ ਹੀ ਪੈਰ ਰੱਖਿਆ ਸੀ। ਆਪ ਜੀ ਕਈ ਮਹਾਤਮਾਵਾਂ ਦੀ ਸੰਗਤ ਪ੍ਰਾਪਤ ਹੋਣ ਉਪਰੰਤ ਇਥੇ ਪੁਜੇ ਸਨ ਅਤੇ ਸੰਤ ਮਹਾਰਾਜ ਜੀ ਦੀ ਸੰਗਤ ਕਰਦਿਆਂ ਹੀ ਆਪ ਨੂੰ ਪ੍ਰਕਾਸ਼ ਪ੍ਰਾਪਤ

ਹੋਇਆ। ਜੋਤਿ ਜਗ ਪਈ। ਬਹੁਤ ਹੀ ਸਾਦੀ ਮਿਸਾਲ ਦੇ ਕੇ ਮਹਾਂਪੁਰਸ਼ਾਂ ਨੇ ਆਪ ਜੀ ਨੂੰ ਵਾਹਿਗੁਰੂ ਜੀ ਦੀ ਪਰੀਪੂਰਨਤਾ ਉਪਰ ਕੇਵਲ ਨਿਸ਼ਚਾ ਹੀ ਨਹੀਂ ਦਿਵਾਇਆ ਸਗੋਂ ਸ਼ਾਖਸ਼ਾਤ ਝਲਕਾਰੇ ਵਿਚ ਪ੍ਰਵੇਸ਼ ਕਰਾ ਦਿਤਾ। ਉਸ ਸਮੇਂ ਆਪ ਜੀ ਦੇ ਨਿਤਨੇਮ ਵਿਚ 108 ਪਾਠ ਜਪੁਜੀ ਸਾਹਿਬ ਦੇ ਹਰ ਰੋਜ਼ ਕਰਨੇ ਸ਼ਾਮਲ ਸਨ। ਨਾਮ ਦੀਆਂ ਉਚੀਆਂ ਅਵਸਥਾਵਾਂ ਆਪ ਨੇ ਮਹਾਂਪੁਰਸ਼ਾਂ ਦੇ ਸੰਗ ਵਿਚ ਮਾਣੀਆਂ ਅਤੇ ਸਬਦਿ ਸੁਰਤਿ ਮਾਰਗ ਨੂੰ ਪੂਰੀ ਤਰ੍ਹਾਂ ਸਮਝਣ ਤੇ ਮਾਣਨ ਦਾ ਸੁਭਾਗ ਸਮਾਂ ਪ੍ਰਾਪਤ ਕੀਤਾ। ਜਦੋਂ ਪਹਿਲੀ ਵਾਰੀ ਆਪ ਦਾ ਲੈਕਚਰ ਬਾਹੋਮਾਜਰੇ ਇਕ ਮਹਾਤਮਾ ਦੇ ਅਸਥਾਨ ਤੇ ਸੁਣਿਆ, ਜਿਥੇ ਸੰਤ ਮਹਾਰਾਜ ਜੀ ਵੀ ਬਿਰਾਜਮਾਨ ਸਨ ਅਤੇ ਮੈਂ ਅਨੁਮਾਨ ਲਾਇਆ ਕਿ ਮੁੱਛ ਫੁਟਵੀਂ ਮੇਰੀ ਹਮ ਉਮਰ ਦਾ ਇਹ ਯੋਗੀ ਇਕ ਦਿਨ ਦੁਨੀਆਂ ਵਿਚ ਬਹੁਤ ਵੱਡਾ ਨਾਮ ਖੱਟੇਗਾ। ਆਪ ਜੀ ਦੇ ਗਿਆਨ ਨੇ ਆਪ ਜੀ ਨੂੰ ਕਰਮਯੋਗ ਵਿਚ ਪਾਇਆ ਅਤੇ ਦੇਸ਼ ਦੀ ਗੁਲਾਮੀ ਨੂੰ ਆਪ ਸਹਿਨ ਨਾ ਕਰਦੇ ਹੋਏ ਆਪ ਬੰਗਾਲ ਵਿਚ ਚਲੇ ਗਏ। ਉਥੇ ਸੁਭਾਸ਼ ਚੰਦਰ ਬੋਸ ਜੀ ਨਾਲ ਆਪ ਦਾ ਸੰਪਰਕ ਹੋਇਆ। ਗਿਆਨੀ ਮਿਹਰ ਸਿੰਘ ਜੀ ਜੀਵਨ ਦੀਆਂ ਵੱਖ-ਵੱਖ ਘਟਨਾਵਾਂ ਵਿਚੋਂ ਲੰਘਦੇ ਹੋਏ 'ਪੇਂਡੂ ਜਨਤਾ' ਨਾਮ ਦੇ ਅਖਬਾਰ ਦੇ ਸੰਚਾਲਕ ਤੇ ਮਾਲਕ ਵੀ ਰਹੇ। ਉਸ ਸਮੇਂ ਇਕ ਨੌਜਵਾਨ ਰਸੀਂਣ ਜ਼ਿਲਾ ਲੁਧਿਆਣਾ ਦਾ ਭਾਈ ਜਰਨੈਲ ਸਿੰਘ ਭੀ ਇਸ ਕਰਮਯੋਗ ਦੇ ਮੰਚ ਉਤੇ ਪ੍ਰਗਟ ਹੋਇਆ ਜਿਸ ਨੇ 'ਲਲਕਾਰ' ਨਾਮ ਦਾ ਅਖਬਾਰ ਕੱਢਿਆ ਪਰ ਗਿਆਨੀ ਮਿਹਰ ਸਿੰਘ ਜੀ ਦਾ ਜੀਵਨ ਅਦੁੱਤੀ ਸੀ। ਉਨ੍ਹਾਂ ਨੇ ਸਾਫ-ਸੁਥਰਾ ਜੀਵਨ ਲੰਘਾਇਆ। ਭਾਵੇਂ ਗ੍ਰਹਿਸਥ ਜੀਵਨ ਵਿਚ ਇਕ ਘੋਲ ਕਰ ਰਹੇ ਸਨ। ਬੇਅੰਤ ਕੁਸੰਗੀਆਂ ਦੇ ਝੁਰਮਟ ਅਤੇ ਮੌਕਾ ਪ੍ਰਸਤ ਰਾਜਨੀਤਕਾਂ ਦੀ ਸੰਗਤ ਵਿਚ ਉਹ ਘਿਰੇ ਹੋਏ ਸਨ ਪਰ ਆਪ ਨੇ ਗੁਰਸਿੱਖੀ ਅਸੂਲਾਂ ਦਾ ਬਿਲਕੁਲ ਵੀ ਤਿਆਗ ਨਾ ਕੀਤਾ ਅਤੇ ਸੰਤ ਮਹਾਰਾਜ ਜੀ ਨਾਲ ਪੂਰਨ ਹਿਰਦੇ ਨਾਲ ਜੁੜੇ ਰਹੇ ਅਤੇ ਅੰਦਰ ਪ੍ਰਗਟ ਹੋਏ ਪ੍ਰਕਾਸ਼ ਨੂੰ ਘਟਣ ਦੀ ਥਾਂ ਵਧਾਉਂਦੇ ਰਹੇ। 'ਪੇਂਡੂ ਜਨਤਾ' ਸਪਤਾਹਿਕ ਪੱਤਰ ਨਾਲ ਪਰਤੰਤਰ ਹੋਈ ਜਨਤਾ ਨਾਲ ਸਾਂਝ ਪੈਦਾ ਕਰ ਰਹੇ ਸਨ। 1947 ਦਾ ਸਮਾਂ ਸੀ ਜਦੋਂ ਅੰਗਰੇਜ਼ਾਂ ਨੇ ਭਾਰਤ ਨੂੰ ਵੰਡਿਆ। ਉਸ ਸਮੇਂ ਤਕ ਆਪ ਰਾਜਸੀ ਮੁਸ਼ਕਲਾਂ ਨਾਲ ਘਿਰੇ ਰਹੇ ਅਤੇ ਰਾਜ ਦੀਆਂ ਨਜ਼ਰਾਂ ਵਿਚ ਆਪ ਦੇਸ਼ ਭਗਤ ਹੁੰਦੇ ਹੋਏ ਇਕ ਸ਼ੱਕੀ ਇਨਕਲਾਬੀ ਪੁਰਸ਼ ਬਣੇ ਰਹੇ। ਆਪਣੀਆਂ ਸੇਵਾਵਾਂ ਦਾ ਕੋਈ ਮੁੱਲ ਸਰਕਾਰ ਤੋਂ ਨਾ ਲਿਆ। ਆਪਣੇ ਹੀ ਬਲਪੋਤੇ ਉਪਰ ਆਪ ਜੀ ਕੁਰਕਸ਼ੇਤਰ ਵਿਚ ਥੋੜ੍ਹੀ ਜਿਹੀ ਜ਼ਮੀਨ ਲੈ ਕੇ ਆਪਣਾ ਜੀਵਨ ਨਿਰਬਾਹ ਕਰਦੇ ਰਹੇ ਅਤੇ ਰਾੜਾ ਸਾਹਿਬ ਦੀ ਸੰਗਤ ਵਿਚ ਮਹਾਨ ਆਦਰ ਪ੍ਰਾਪਤ ਕਰਦੇ ਰਹੇ। ਹਰ ਗੱਲ ਵਿਚ ਸੰਤ ਮਹਾਰਾਜ ਜੀ ਇਨ੍ਹਾਂ ਦੀ ਰਾਇ ਦੀ ਕਦਰ ਕਰਦੇ ਰਹੇ।

*(ਪੰਨਾ 5 ਦੀ ਬਾਕੀ)*

ਰੂਪ ਵਿਚ ਪ੍ਰਗਟ ਹੋਇਆ।

ਅੰਮ੍ਰਿਤ ਦੇ ਧਾਰਨੀ ਹੋਣ ਉਪਰੰਤ ਇਕ ਉਦੇਸ਼ ਸਾਮ੍ਹਣੇ ਆਉਂਦਾ ਹੈ। ਅਸੀਂ ਅੰਮ੍ਰਿਤ ਛਕ ਕੇ ਅੰਮ੍ਰਿਤ ਮਈ ਜੀਵਨ ਬਤੀਤ ਕਰਨਾ ਹੈ। ਇਸ ਜੀਵਨ ਵਿਚੋਂ ਮਿਠਾਸ ਅਤੇ ਪਵਿੱਤਰਤਾ ਨਿਕਲਦੀ ਹੈ। ਸਤ, ਸੰਤੋਖ, ਸ਼ੀਲ, ਸੋਚ, ਦਇਆ, ਖਿਮਾ, ਮਿੱਠਾ ਬੋਲਣਾ, ਪਰਉਪਕਾਰੀ ਜੀਵਨ ਇਤਿਆਦਿਕ ਅਨੇਕਾਂ ਸਦਗੁਣਾਂ ਦੇ ਧਾਰਨੀ ਬਣਨਾ ਹੈ। ਸਾਡੇ ਬੋਲਾਂ ਅਤੇ ਕਦਮਾਂ ਵਿਚੋਂ ਅੰਮ੍ਰਿਤ ਦਾ ਰੂਪ ਝਲਕਾਰੇ ਮਾਰਦਾ ਨਜ਼ਰ ਆਉਣਾ ਚਾਹੀਦਾ ਹੈ। ਧਰਮ, ਸਾਡੇ ਸਵਾਸ ਦੇ ਸੰਗ ਨਿਭਣਾ ਚਾਹੀਦਾ ਹੈ। ਇਸੇ ਜੀਵਨ ਨੂੰ ਹੀ ਅੰਮ੍ਰਿਤਮਈ ਜੀਵਨ ਕਿਹਾ ਜਾਂਦਾ ਹੈ। ਅੰਮ੍ਰਿਤਮਈ ਰਹਿਣੀ ਹੀ ਅੰਮ੍ਰਿਤੀ ਜੀਵਨ ਦਾ ਪ੍ਰਗਟਾਵਾ ਹੈ। ਇਹੀ ਸੰਤ ਤੇ ਸਿਪਾਹੀ ਦਾ ਸੁਮੇਲ ਹੈ। ਮੀਰੀ ਪੀਰੀ ਦੇ ਸਿਧਾਂਤ ਨੂੰ ਵਿਹਾਰਿਕ ਰੂਪ ਵਿਚ ਹੰਢਾਉਣਾ ਹੈ।

ਇਨ੍ਹਾਂ ਉਪਰੋਕਤ ਸਿਧਾਂਤਾਂ ਦੀ ਪੂਰਤੀ ਹਿਤ ਹੀ ਟਰੱਸਟ ਰਤਵਾੜਾ ਸਾਹਿਬ ਦੇ ਬਾਨੀ ਪਿਆਰੇ ਮਹਾਂਪੁਰਸ਼ ਸਾਰੀ ਜ਼ਿੰਦਗੀ ਤਤਪਰ ਰਹੇ। ਇਨ੍ਹਾਂ ਆਦਰਸ਼ਾਂ ਦੀ ਪੂਰਤੀ ਹਿਤ ਉਨ੍ਹਾਂ ਦੇ ਜੀਵਨ ਸਾਥੀ ਸਤਿਕਾਰਯੋਗ ਮਾਤਾ ਜੀ ਵਲੋਂ ਵੀ ਜੀਵਨ ਭਰ ਸਾਥ ਨਿਭਾਇਆ। ਹੁਣ ਵੀ ਟਰੱਸਟ ਰਤਵਾੜਾ ਸਾਹਿਬ ਅਤੇ ਮੌਜੂਦਾ ਮੁਖੀ ਸੰਤ ਬਾਬਾ ਲਖਬੀਰ ਸਿੰਘ ਜੀ ਇਨ੍ਹਾਂ ਆਦਰਸ਼ਾਂ ਦੀ ਪੂਰਤੀ ਹਿਤ ਦਿਨ ਰਾਤ ਤੱਤਪਰ ਹਨ। ਪਿਆਰੇ ਮਹਾਂਪੁਰਸ਼ਾਂ ਦੇ ਬਚਨਾਂ 'ਤੇ ਪਹਿਰਾ ਦਿੰਦਿਆਂ ਸਤਿਗੁਰੂ ਦੀ ਕ੍ਰਿਪਾ ਸਕਦਾ ਸਮੁੱਚੇ ਕਾਰਜ ਚੜ੍ਹਦੀ ਕਲਾ ਵਿਚ ਚਲਾਏ ਜਾ ਰਹੇ ਹਨ। ਸਕੂਲਾਂ, ਕਾਲਜਾਂ ਵਿਚ ਨਵੇਂ ਦਾਖਲੇ ਦਿਤੇ ਜਾ ਰਹੇ ਹਨ। ਮਿਆਰੀ ਵਿਦਿਆ ਦੇ ਨਾਲ-ਨਾਲ ਧਾਰਮਿਕ ਵਿਦਿਆ, ਰੂਹਾਨੀਅਤ ਦੀ ਪੜ੍ਹਾਈ ਵੀ ਕਰਵਾਈ ਜਾ ਰਹੀ ਹੈ। 'ਆਤਮ ਮਾਰਗ' ਮੈਗਜ਼ੀਨ ਨਿਰੰਤਰ 22 ਸਾਲ ਤੋਂ ਆਪ ਜੀ ਦੀ ਰੂਹਾਨੀ ਖੁਰਾਕ ਪੂਰੀ ਕਰਦਾ ਹੋਇਆ 23ਵੇਂ ਸਾਲ ਵਿਚ ਪ੍ਰਵੇਸ਼ ਕਰ ਰਿਹਾ ਹੈ। ਮੈਗਜ਼ੀਨ ਦੇ ਸਮੂੰਹ ਪਾਠਕ ਜਨਾਂ ਨੂੰ ਬੇਨਤੀ ਹੈ ਕਿ ਜੋ ਪਾਠਕ ਜਨ ਸੰਨ 1995-96-97 ਵਿਚ ਲਾਈਫ ਮੈਂਬਰ ਬਣੇ ਸਨ, 20 ਸਾਲ ਤੋਂ ਬਾਅਦ ਉਨ੍ਹਾਂ ਦੀ ਲਾਈਫ ਮੈਂਬਰਸ਼ਿਪ ਦਾ ਰਿਨਿਊ ਹੋਣ ਦਾ ਸਮਾਂ ਆ ਗਿਆ ਹੈ। ਆਪ ਜੀ ਸਮੇਂ ਸਿਰ ਲਾਈਫ ਮੈਂਬਰਸ਼ਿਪ ਰੀਨੀਊਲ ਕਰਵਾ ਕੇ ਆਉਣ ਵਾਲੇ ਹੋਰ ਲੰਮੇ ਸਮੇਂ ਲਈ ਇਸ ਰੂਹਾਨੀ ਖੁਰਾਕ ਦੀ ਪੂਰਤੀ ਲਈ ਯਤਨਸ਼ੀਲ ਬਣੇ ਰਹੋ ਜੀ।

*ਭਾਈ, ਡਾ. ਸੁਖਵਿੰਦਰ ਸਿੰਘ*
*ਮੈਨੇਜਿੰਗ ਐਡੀਟਰ, ਆਤਮ ਮਾਰਗ।*

# ਹਰਿ ਕੀਰਤਿ ਸਾਧਸੰਗਤਿ ਹੈ ਸਿਰਿ ਕਰਮਨ ਕੈ ਕਰਮਾ

*ਸੰਤ ਵਰਿਆਮ ਸਿੰਘ ਜੀ*
*ਬਾਨੀ ਵਿ. ਗੁ. ਰੂ. ਮਿਸ਼ਨ।*

*ਸਤਿਨਾਮੁ ਸ੍ਰੀ ਵਾਹਿਗੁਰੂ,*
*ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ!*

*ਡੰਡਉਤਿ ਬੰਦਨ ਅਨਿਕ ਬਾਰ ਸਰਬ ਕਲਾ ਸਮਰਥ॥*
*ਡੋਲਨ ਤੇ ਰਾਖਹੁ ਪ੍ਰਭੂ ਨਾਨਕ ਦੇ ਕਰਿ ਹਥ॥ ਅੰਗ -੨੫੬*

*ਫਿਰਤ ਫਿਰਤ ਪ੍ਰਭ ਆਇਆ ਪਰਿਆ ਤਉ ਸਰਨਾਇ॥*
*ਨਾਨਕ ਕੀ ਪ੍ਰਭ ਬੇਨਤੀ ਅਪਨੀ ਭਗਤੀ ਲਾਇ॥*
*ਅੰਗ - ੨੮੯*

*ਧਾਰਨਾ- ਸਗਲ ਭਵਨ ਕੇ ਨਾਇਕਾ,*
*ਮੈਨੂੰ ਇਕ ਛਿਨ ਦਰਸ ਦਿਖਾ ਜਾ।*

*ਕੂਪੁ ਭਰਿਓ ਜੈਸੇ ਦਾਦਿਰਾ ਕਛੁ ਦੇਸੁ ਬਿਦੇਸੁ ਨ ਬੂਝ ॥*
*ਐਸੇ ਮੇਰਾ ਮਨੁ ਬਿਖਿਆ ਬਿਮੋਹਿਆ*
*ਕਛੁ ਆਰਾ ਪਾਰੁ ਨ ਸੂਝ ॥ ੧ ॥*
*ਸਗਲ ਭਵਨ ਕੇ ਨਾਇਕਾ ਇਕੁ ਛਿਨੁ ਦਰਸੁ ਦਿਖਾਇ ਜੀ ॥*
*੧ ॥ ਰਹਾਉ ॥*
*ਮਲਿਨ ਭਈ ਮਤਿ ਮਾਧਵਾ ਤੇਰੀ ਗਤਿ ਲਖੀ ਨ ਜਾਇ ॥*
*ਕਰਹੁ ਕ੍ਰਿਪਾ ਭ੍ਰਮੁ ਚੂਕਈ ਮੈ ਸੁਮਤਿ ਦੇਹੁ ਸਮਝਾਇ ॥ ੨ ॥*
*ਜੋਗੀਸਰ ਪਾਵਹਿ ਨਹੀ ਤੁਅ ਗੁਣ ਕਥਨੁ ਅਪਾਰ ॥*
*ਪ੍ਰੇਮ ਭਗਤਿ ਕੈ ਕਾਰਣੈ ਕਹੁ ਰਵਿਦਾਸ ਚਮਾਰ ॥੩॥*
*ਅੰਗ- ੩੪੬*

ਸਾਧਸੰਗਤ ਜੀ! ਗੱਜ ਕੇ ਬੋਲਣਾ ਸਤਿਨਾਮੁ ਸ੍ਰੀ ਵਾਹਿਗੁਰੂ। ਕਲਜੁਗ ਦੇ ਅੰਦਰ ਦੋ ਚੀਜ਼ਾਂ ਦੁਰਲੱਭ ਨੇ, ਦੁਰਲੱਭ ਉਸ ਨੂੰ ਕਹਿੰਦੇ ਨੇ ਜਿਹੜੀ ਕੋਸ਼ਿਸ਼ ਕਰਨ ਤੇ ਵੀ ਮਿਲਦੀ ਨਾ ਹੋਵੇ। ਇਕ ਤਾਂ ਹੈ ਹਰੀ ਦਾ ਜਸ, ਦੂਸਰਾ ਹੈ ਸਾਧੂ ਦੀ ਸੰਗਤ -

*ਹਰਿ ਕੀਰਤਿ ਸਾਧਸੰਗਤਿ ਹੈ ਸਿਰਿ ਕਰਮਨ ਕੈ ਕਰਮਾ ॥*
*ਕਹੁ ਨਾਨਕ ਤਿਸੁ ਭਇਓ ਪਰਾਪਤਿ*
*ਜਿਸੁ ਪੁਰਬ ਲਿਖੇ ਕਾ ਲਹਨਾ ॥ ਅੰਗ- ੬੪੨*

ਲੇਕਿਨ ਸਾਨੂੰ ਇਸ ਗੱਲ ਦੀ ਸੋਝੀ ਨਾ ਹੋਣ ਕਰਕੇ, ਸਮਾਂ ਲੰਘਦਾ ਤੁਰਿਆ ਜਾ ਰਿਹਾ ਹੈ। ਪੂਰਾਂ ਦੇ ਪੂਰ ਲੰਘ ਗਏ। ਹੋਰ ਪਿੱਛੇ ਆ ਰਹੇ ਨੇ, ਉਹ ਵੀ ਲੰਘ ਜਾਣਗੇ, ਸਮਾਂ ਲੰਘਦਾ ਤੁਰਿਆ ਜਾ ਰਿਹਾ ਹੈ, ਲੇਕਿਨ ਇਸ ਗੱਲ ਦੀ ਹੈਰਾਨੀ ਹੈ ਕਿ ਮਨੁੱਖ ਨੂੰ ਸਮਝ ਨਹੀਂ ਆ ਰਹੀ। ਸਾਰੇ ਸਮਝਾ ਰਹੇ ਨੇ ਏਸਨੂੰ; ਚਾਰੇ ਵੇਦ, ਛੇ ਸ਼ਾਸਤਰ, ਸਤਾਈ ਸਿਮ੍ਰਤੀਆਂ, ਉਪਨਿਸ਼ਦਾਂ, ਕੁਰਾਨ ਸ਼ਰੀਫ, ਤੌਰੇਤ, ਅੰਜੀਲ, ਜੰਬੂਰ, ਬਾਈਬਲ, ਸ੍ਰੀ ਗੁਰੂ ਗ੍ਰੰਥ ਸਾਹਿਬ ਮਹਾਰਾਜ। ਲੇਕਿਨ ਇਸ ਨੂੰ ਪਤਾ ਨਹੀਂ ਲਗਦਾ, ਬਹੁਤ ਕੀਮਤੀ ਚੀਜ਼ਾਂ ਇਹਦੇ ਕੋਲੋਂ ਵੈਸੇ ਹੀ ਰਹਿ ਜਾਂਦੀਆਂ ਨੇ। ਮਾਨਸ ਜਨਮ ਬੜੀ ਮੁਸ਼ਕਲ ਦੇ ਨਾਲ ਪ੍ਰਾਪਤ ਹੁੰਦੈ। ਇਹ ਨਹੀਂ ਹੈ ਕਿ ਅਚਾਨਕ ਸਾਨੂੰ ਮਿਲ ਗਿਆ, ਐਵੇਂ ਹੀ ਮਿਲ ਗਿਆ; ਇਹ ਤਾਂ ਬਹੁਤ ਜਨਮਾਂ ਦੇ ਵਿਚ ਘੁੰਮਦਿਆਂ-ਘੁੰਮਦਿਆਂ ਦਾ ਕੋਈ ਪੂਰਬਲਾ ਕਰਮ ਜਾਗ ਪਿਆ, ਜਿਸ ਕਰਕੇ ਸਾਨੂੰ ਮਨੁੱਖ ਜੂਨੀ ਪ੍ਰਾਪਤ ਹੋ ਗਈ -

*ਫਿਰਤ ਫਿਰਤ ਬਹੁਤੇ ਜੁਗ ਹਾਰਿਓ ਮਾਨਸ ਦੇਹ ਲਹੀ ॥*
*ਨਾਨਕ ਕਹਤ ਮਿਲਨ ਕੀ ਬਰੀਆ ਸਿਮਰਤ ਕਹਾ ਨਹੀ ॥*
*ਅੰਗ- ੬੩੧*

ਵਾਰੀ ਆ ਗਈ, ਮਿਲਣ ਦੀ ਵਾਹਿਗੁਰੂ ਨੂੰ ਕਿਉਂਕਿ ਗੇੜੇ ਖਾਂਦੇ ਨੂੰ ਪਤਾ ਨਹੀਂ ਕਿੰਨਾ ਕੁ ਚਿਰ ਹੋ ਗਿਆ। ਮਹਾਰਾਜ ਕਹਿੰਦੇ - 'ਫਿਰਤ ਫਿਰਤ ਬਹੁਤੇ ਜੁਗ ਹਾਰਿਓ' ਸੈਂਕੜੇ ਵੀ ਹੋ ਸਕਦੇ ਨੇ, ਹਜ਼ਾਰਾਂ ਵੀ ਹੋ ਸਕਦੇ ਨੇ। ਚਾਰ ਯੁੱਗਾਂ ਦੇ ਸਮੇਂ ਨੂੰ ਜੇ ਗਿਣੀਏ ਤਾਂ 43 ਲੱਖ 20,000 ਸਾਲ ਦਾ ਹੁੰਦੈ। ਮਹਾਰਾਜ ਕਹਿੰਦੇ, ਬਹੁਤ ਯੁੱਗ ਬੀਤ ਗਏ ਤੈਨੂੰ ਤੁਰਦੇ-ਤੁਰਦੇ ਨੂੰ। ਰਿਹਾ ਕਿੱਥੇ? ਕਿੱਥੇ ਸੈਰ ਕਰੀ, ਆਦਮੀ ਤੁਰਦੈ, ਸਫਰ ਕੱਟਦੈ, ਉਸ ਨੂੰ ਯਾਦ ਹੁੰਦੈ ਕਿ ਮੈਂ ਫਲਾਣੇ-ਫਲਾਣੇ ਦੇਸ਼ ਵਿਚ ਗਿਆ। ਦੁਨੀਆਂ ਦੇ ਵਿਚ ਮੈਂ ਫਲਾਣੇ-ਫਲਾਣੇ ਥਾਂ 'ਤੇ ਗਿਆ, ਲੇਕਿਨ ਸਾਨੂੰ ਆਪਣੇ ਸਫਰ ਦਾ ਕੋਈ ਗਿਆਨ ਨਹੀਂ ਹੈ ਕਿ ਅਸੀਂ ਕਿੱਥੇ-ਕਿੱਥੇ ਤੁਰਦੇ ਫਿਰਦੇ ਰਹੇ। ਪੁੱਛ ਲਓ ਮਹਾਰਾਜ ਜੀ ਨੂੰ ਕਿ ਸੱਚੇ ਪਾਤਸ਼ਾਹ! ਸਾਨੂੰ ਤਾਂ ਇਸ ਗੱਲ ਦਾ ਗਿਆਨ ਨਹੀਂ ਹੈ ਕਿ ਅਸੀਂ ਕਿੱਥੇ ਰਹੇ, ਸਾਨੂੰ ਤਾਂ ਇਸ ਜਨਮ ਦੇ ਅੰਦਰ ਵੀ ਬਹੁਤ ਸਾਰੀਆਂ ਗੱਲਾਂ ਭੁੱਲ ਗਈਆਂ ਬਚਪਨ ਦੀਆਂ। ਬਚਪਨ ਬਹੁਤ ਮੱਧਮ ਯਾਦ ਰਹਿ ਗਿਆ ਤੇ ਆਪ ਫੁਰਮਾਉਂਦੇ ਹੋਂ ਕਿ ਜੁਗਾਂ ਜੁਗਾਂਤਰਾਂ ਤੋਂ ਤੂੰ ਘੁੰਮਦਾ ਫਿਰਦੈਂ। ਸੱਚੇ ਪਾਤਸ਼ਾਹ! ਫੇਰ ਮੈਂ ਰਿਹਾ ਕਿੱਥੇ? ਮਹਾਰਾਜ ਇਸ ਤਰ੍ਹਾਂ ਦੇ ਨਾਲ ਫੁਰਮਾਨ ਕਰਦੇ ਨੇ -

*ਧਾਰਨਾ - ਕੇਤੇ ਨਾਗ ਕੁਲੀ ਮਹਿ ਆਏ,*
*ਕੇਤੇ ਪੰਖ ਉਡਾਏ ਨੇ।*
*ਕਈ ਜਨਮ ਭਏ ਕੀਟ ਪਤੰਗਾ ॥*
*ਕਈ ਜਨਮ ਗਜ ਮੀਨ ਕੁਰੰਗਾ ॥*
*ਕਈ ਜਨਮ ਪੰਖੀ ਸਰਪ ਹੋਇਓ ॥*
*ਕਈ ਜਨਮ ਹੈਵਰ ਬ੍ਰਿਖ ਜੋਇਓ ॥ ੧ ॥*
*ਮਿਲੁ ਜਗਦੀਸ ਮਿਲਨ ਕੀ ਬਰੀਆ ॥*
*ਚਿਰੰਕਾਲ ਇਹ ਦੇਹ ਸੰਜਰੀਆ ॥ ਅੰਗ- ੧੭੬*

ਆਪਣਾ ਜੋ ਸਫਰ ਕੀਤਾ ਗਿਐ, ਜਿਹੜਾ ਸਾਡੇ ਯਾਦ ਨਹੀਂ ਹੈ, ਉਹ ਮਹਾਰਾਜ ਜੀ ਦਸਦੇ ਨੇ, ਸੁਣੋ ਧਿਆਨ ਦੇ ਨਾਲ, ਆਪਾਂ ਕਿੱਥੋਂ-ਕਿੱਥੋਂ ਤੁਰਦੇ ਫਿਰਦੇ ਆਏ। ***'ਕਈ***

***ਜਨਮ ਭਏ ਕੀਟ ਪਤੰਗਾ ॥ ਕਈ ਜਨਮ ਗਜ ਮੀਨ ਕੁਰੰਗਾ ॥'*** ਕੀੜੇ ਤੇ ਪਤੰਗੇ ਬਣਦੇ ਰਹੇ, ਕਈ ਜਨਮਾਂ ਦੇ ਅੰਦਰ ਹਾਥੀ ਵੀ ਬਣੇ, ਮੱਛੀਆਂ ਵੀ ਬਣੇ, ਹਰਨ ਵਗੈਰਾ ਵੀ ਬਣੇ। 'ਕਈ ਜਨਮ ਹੈਵਰ ਬ੍ਰਿਖ ਜੋਇਓ ॥' ਘੋੜੇ ਵੀ ਬਣਦੇ ਰਹੇ, ਬੈਲ ਵੀ ਬਣਦੇ ਰਹੇ, ***'ਕਈ ਜਨਮ ਸੈਲ ਗਿਰਿ ਕਰਿਆ ॥' (ਅੰਗ- 176)*** ਪੱਥਰ ਬਣ ਕੇ ਲੱਖਾਂ ਸਾਲ ਸੁੱਤੇ ਪਏ ਰਹੇ।

*ਕੇਤੇ ਰੁਖ ਬਿਰਖ ਹਮ ਚੀਨੇ ਕੇਤੇ ਪਸੂ ਉਪਾਏ ॥*
*ਕੇਤੇ ਨਾਗ ਕੁਲੀ ਮਹਿ ਆਏ ਕੇਤੇ ਪੰਖ ਉਡਾਏ ॥*

*ਅੰਗ- ੧੫੬*

24 ਲੱਖ ਕਿਸਮ ਦੇ ਦਰਖਤ, ਬ੍ਰਿਖ, ਜੜ੍ਹੀਆਂ-ਬੂਟੀਆਂ, ਬਨਸਪਤੀ ਸਿਆਣਿਆਂ ਨੇ ਗਿਣੀ ਹੈ। ਇਸ ਤੋਂ ਇਲਾਵਾ ਸਾਢੇ ਸੱਤ ਲੱਖ ਕਿਸਮ ਦੇ ਉਹ ਜੀਵ ਨੇ ਜਿਹੜੇ ਪੇਟ ਭਾਰ ਚਲਦੇ ਨੇ। ਸਾਢੇ ਸੱਤ ਕਿਸਮ ਦੇ ਉਹ ਪੰਛੀ ਨੇ ਜਿਹੜੇ ਉਡਾਰੀਆਂ ਮਾਰਦੇ ਨੇ। ਚਾਰ ਲੱਖ ਕਿਸਮ ਦੇ ਪੱਥਰ ਨੇ ਜਿਨ੍ਹਾਂ ਦੇ ਅੰਦਰ ਜਾਨ ਗਿਣੀ ਗਈ ਹੈ। ਚਾਰ ਲੱਖ ਕਿਸਮ ਦੇ ਪੈਰਾਂ ਨਾਲ ਤੁਰਨ ਵਾਲੇ ਜੀਵ ਜੰਤੂ ਨੇ, ਬਾਕੀ ਜੂਨਾਂ ਸਮੁੰਦਰ ਦੇ ਅੰਦਰ ਨੇ। 83 ਲੱਖ, 99 ਹਜ਼ਾਰ, 999 ਸਰੀਰਾਂ 'ਚੋਂ ਹੋ ਕੇ ਆਹ ਮਨੁੱਖ ਦੇਹ ਪ੍ਰਾਪਤ ਹੋਈ ਹੈ। ਇਕ ਵਾਰੀ ਨਹੀਂ ਹੋਈ, ਮਹਾਰਾਜ ਕਹਿੰਦੇ, ਕਈ ਵਾਰੀ ਮਿਲੀ ਹੈ ਤੈਨੂੰ। ਪਰ ਹੁੰਦਾ ਕੀ ਹੈ? ਅਣਜਾਣਪੁਣੇ ਦੇ ਵਿਚ ਗਵਾ ਕੇ ਫੇਰ ਉਥੇ ਹੀ ਗਿਰ ਜਾਨੈ? ਇਹ ਵੀ ਵਾਹਿਗੁਰੂ ਦੀ ਮਿਹਰ ਹੈ ਕਿ ਤੈਨੂੰ ਯਾਦ ਨਹੀਂ ਹੈ। ਜੇ ਕਿਤੇ ਯਾਦ ਹੋਵੇ ਕਿ ਮੈਂ ਫਲਾਣੇ ਦਾ ਬੈੱਲ ਸੀ ਪਿਛਲੇ ਜਨਮ 'ਚ, ਮੈਨੂੰ ਬੜਾ ਮਾਰਦਾ ਹੁੰਦਾ ਸੀ, ਫੇਰ ਤੇਰਾ ਮਨ ਹੋਰ ਤਰ੍ਹਾਂ ਹੋ ਜਾਇਆ ਕਰਦਾ, ਉਹ ਭੁਲਾ ਦਿੰਦੇ ਨੇ। ਲੇਕਿਨ ਮਹਾਂਪੁਰਸ਼ ਦੱਸ ਦਿੰਦੇ ਨੇ ਕਿ ਆਹ ਤੇਰਾ ਸਫਰ ਹੈ, ਇਹਦੇ ਵਿਚੋਂ ਤੂੰ ਨਿਕਲ ਕੇ ਆਇਆ ਹੈਂ। ਕਿੰਨਾ ਔਖੇ? ਪੰਛੀਆਂ ਨੂੰ ਦੇਖ ਲਓ, ਚੋਗਾ ਪਾ ਦਿਓ, ਚੋਗਾ ਚੁਗ ਨਹੀਂ ਸਕਦੇ, ਆਲੇ-ਦੁਆਲੇ ਝਾਕੀ ਜਾਂਦੇ ਨੇ ਕਿ ਕੋਈ ਬਾਜ ਝਪਟਾ ਨਾ ਮਾਰੇ, ਵੈਰੀ ਨਾ ਆ ਜਾਵੇ। ਪਸ਼ੂ ਬੰਨਿਆ ਹੋਇਐ, ਪਰਾਏ ਵਸ ਹੈ, ਛਾਵੇਂ ਬੰਨ੍ਹ ਦਿਓ, ਧੁੱਪੇ ਬੰਨ੍ਹ ਦਿਓ, ਉਹਦੀ ਕੋਈ ਮਰਜ਼ੀ ਨਹੀਂ ਹੈ ਕਿ ਮੈਨੂੰ ਕੋਈ ਜ਼ਰੂਰ ਹੀ ਧੁੱਪੇ ਬੰਨ੍ਹੇ। ਕਹਿ ਨਹੀਂ ਸਕਦਾ ਕਿਸੇ ਨੂੰ ਕੁਛ, ਉਹਦਾ ਕੋਈ ਹੱਕ ਨਹੀਂ ਹੈ, ਇਹ ਤਾਂ ਮਾਲਕ ਦੇ ਮਨ ਦੀ ਬਾਤ ਹੈ, ਮਿਹਰਬਾਨੀ ਆ ਗਈ ਠੀਕ ਹੈ।

ਯੂ.ਪੀ 'ਚ ਅਸੀਂ ਦੇਖਦੇ ਸੀ, ਅਬਾਦੀ ਉਥੇ ਮੁਸਲਮਾਨਾਂ ਦੀ ਜ਼ਿਆਦਾ ਹੋਣ ਕਰਕੇ, ਜਦੋਂ ਵਿਆਹ ਸ਼ਾਦੀ ਹੁੰਦੀ ਤਾਂ ਭਾਈਚਾਰਾ ਕਹਿੰਦਾ ਸੀ ਕਿ ਆਹ ਪਸ਼ੂ ਕੱਟ, ਆਹ ਖਾਣੈ ਅਸੀਂ। ਉਹਦੀ ਕੋਈ ਜ਼ਿੰਦਗੀ ਨਹੀਂ ਸੀ, ਕੋਈ ਸਕਿਊਰਟੀ ਨਹੀਂ ਹੈ। 83 ਲੱਖ 99 ਹਜ਼ਾਰ 999 ਜੂਨਾਂ ਉਨ੍ਹਾਂ ਨੂੰ ਕੋਈ ਅਜ਼ਾਦੀ ਨਹੀਂ ਹੈ। ਇਨ੍ਹਾਂ 'ਚੋਂ ਫਿਰਦਾ-ਫਿਰਦਾ ਮਨੁੱਖ ਦੀ ਦੇਹੀ ਪ੍ਰਾਪਤ ਕਰ ਗਿਆ। ਮਨੁੱਖ ਦੀ ਦੇਹੀ ਪ੍ਰਾਪਤ ਕਰਨ ਹਿਤ ਮਹਾਰਾਜ ਕਹਿੰਦੇ ਕਈ ਜੂਨਾਂ ਲੰਘ ਗਈਆਂ -

*ਇਆਹੂ ਜੁਗਤਿ ਬਿਹਾਨੇ ਕਈ ਜਨਮ ॥*
*ਨਾਨਕ ਰਾਖਿ ਲੇਹੁ ਆਪਨ ਕਰਿ ਕਰਮ ॥ ਅੰਗ - ੨੬੮*

ਸੋ ਇਹ ਸਾਡਾ ਸਫਰ ਹੈ -

*ਸੁਨਹੁ ਰੇ ਤੂ ਕਉਨੁ ਕਹਾ ਤੇ ਆਇਓ ॥*
*ਏਤੀ ਨ ਜਾਨਉ ਕੇਤੀਕ ਮੁਦਤਿ ਚਲਤੇ ਖਬਰਿ ਨ ਪਾਇਓ ॥*

*ਅੰਗ- ੯੯੯*

ਕਿੰਨੀ ਕੁ ਦੇਰ ਦਾ ਤੂੰ ਚੱਲਿਆ ਹੋਇਐਂ, ਚਲਦੇ-ਚਲਦੇ ਨੂੰ ਕਿਸੇ ਸਮੇਂ ਕੋਈ ਪੂਰਬਲੇ ਕਰਮਾਂ ਦਾ ਬਲ ਉੱਠ ਖੜ੍ਹੇ ਤੇ ਸਾਧੂ ਦੀ ਸੰਗਤ ਪ੍ਰਾਪਤ ਹੋ ਜਾਵੇ ਤੇ ਸੰਤ ਸਮਝਾ ਦਿੰਦੇ ਨੇ ਕਿ ਪਿਆਰਿਆ! ਜਿਹੜੇ ਕੰਮਾਂ 'ਚ ਤੂੰ ਲੱਗਿਆ ਹੋਇਐਂ, ਇਹ ਕਿਸੇ ਵੀ ਕੰਮ ਨਹੀਂ ਹੈ -

*ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ ॥*
*ਅਵਰਿ ਕਾਜ ਤੇਰੈ ਕਿਤੈ ਨ ਕਾਮ ॥ ਅੰਗ- ੧੨*

worthless (ਫਜ਼ੂਲ) ਕੰਮ ਕਰ ਰਿਹੈਂ ਤੂੰ, ਜਿਨ੍ਹਾਂ ਦਾ ਕੋਈ ਮਤਲਬ ਨਹੀਂ, ਪੂਰਾਂ ਦੇ ਪੂਰ ਇਥੇ ਆਏ ਨੇ, ਬਾਦਸ਼ਾਹ ਬਣ ਗਏ। ਵੱਡੇ-ਵੱਡੇ ਪੀਰ ਪੈਗੰਬਰ, ਅਉਲੀਏ ਬਣ ਗਏ ਨੇ। ਲੇਕਿਨ ਸੰਸਾਰ ਦੇ ਉੱਤੇ ਅੱਜ ਤਾਂ ਕੋਈ ਨਜ਼ਰ ਨਹੀਂ ਆਉਂਦਾ। ਉਨ੍ਹਾਂ ਦੇ ਕਿਲ੍ਹੇ ਵਗੈਰਾ ਖੜ੍ਹੇ ਨਜ਼ਰ ਆਉਂਦੇ ਨੇ। ਨਾਲ ਕੀ ਲੈ ਗਏ, ਕੁਛ ਵੀ ਨਹੀਂ ਲੈ ਕੇ ਗਏ। ਇਕ ਤਰ੍ਹਾਂ ਦਾ ਫਤੂਰ ਹੈ ਮਨ ਦੇ ਵਿਚ ਪਿਆ ਹੋਇਆ, ਦਿਮਾਗ ਵਿਚ ਪਿਆ ਹੋਇਆ, ਕੋਈ ਬਾਦਸ਼ਾਹ ਬਣ ਕੇ ਦੂਸਰੇ ਦੇਸ਼ਾਂ ਨੂੰ ਜਿੱਤਦਾ ਤੁਰਿਆ ਆਉਂਦੈ।

ਸਿਕੰਦਰ ਬੜੀ ਸੋਹਣੀ ਆਪਣੇ ਘਰ ਰੋਟੀ ਖਾਂਦਾ ਸੀ, ਮਕਦੂਨੀਆਂ ਦੇ ਰਹਿਣ ਵਾਲਾ। ਗਰੀਕ ਦਾ ਵਾਸੀ ਸੀ, ਰਾਜਾ ਸੀ। 20 ਸਾਲ ਦੀ ਉਮਰ ਦੇ ਅੰਦਰ ਦਿਮਾਗ 'ਚ ਆਇਆ ਕਿ ਮੈਂ ਸਾਰੀ ਦੁਨੀਆਂ ਨੂੰ ਫਤਿਹ ਕਰਨੈ। ਦੁਨੀਆਂ ਨੂੰ ਜਿੱਤਦਾ ਚਲਿਆ ਗਿਆ, ਅਖੀਰ ਹਿੰਦੁਸਤਾਨ 'ਚ ਆਇਆ ਭਾਰਤ ਵਰਸ਼ 'ਚ ਲੋਕ ਕਰਨੀ ਕਮਾਈ ਵਾਲੇ, ਧਰਮ ਕਰਨ 'ਚ ਪੱਕੇ ਸੀ, ਰਾਜੇ ਪੋਰਸ ਨੇ ਉਸ ਨੂੰ ਅੱਗੇ ਨਾ ਲੰਘਣ ਦਿਤਾ। ਬੜੀ ਮੁਸ਼ਕਲ ਦੇ ਨਾਲ ਉਸ ਨੂੰ ਹਰਾਇਆ। 12 ਸਾਲ ਬੀਤ ਗਏ ਉਸ ਨੂੰ ਯੂਨਾਨ ਤੋਂ ਚੱਲਿਆਂ, ਸਮੁੰਦਰ ਦੇ ਰਸਤੇ ਮੁੜਿਆ ਤੇ ਜਿਸ ਵਕਤ ਇਸ਼ਨਾਨ ਕਰਿਆ ਸਮੁੰਦਰ 'ਚ, ਗਰਮ ਸਰਦ ਹੋ ਗਿਆ। ਬਿਮਾਰੀ ਲੰਮੀ ਹੋ ਗਈ, ਪੁੱਛਿਆ ਜੋਤਸ਼ੀਆਂ ਨੂੰ ਬੁਲਾ ਕੇ ਕਿ ਮੇਰੀ ਮੌਤ ਕਦੋਂ ਆਏਗੀ? ਜੋਤਸ਼ੀਆਂ ਨੇ ਹਿਸਾਬ ਕਿਤਾਬ ਲਾਇਆ, ਨਿਸ਼ਾਨੀਆਂ ਦਸ ਦਿਤੀਆਂ ਕਿ ਬਾਦਸ਼ਾਹ ਤੇਰੀ ਮੌਤ ਉਸ ਵੇਲੇ ਆਏਗੀ ਜਦੋਂ ਧਰਤੀ ਲੋਹੇ ਦੀ ਬਣ ਜਾਏਗੀ ਤੇ ਅਸਮਾਨ ਸੋਨੇ ਦਾ ਬਣ ਜਾਏਗਾ। ਅਜੀਬ ਬਾਤ ਹੈ ਕਿ ਨਾ ਕਦੇ ਅਸਮਾਨ ਸੋਨੇ ਦਾ ਬਣੇ, ਨਾ ਧਰਤੀ ਲੋਹੇ ਦੀ ਬਣੇ। ਸਾਰੇ ਜੋਤਸ਼ੀਆਂ ਨੇ ਕਹਿ ਦਿਤਾ ਕਿ ਇਹੀ ਗੱਲ ਹੈ।

ਚਲਦੇ-ਚਲਦੇ ਘੋੜੇ 'ਤੇ ਸਵਾਰ ਹੈ, ਛੇਤੀ-ਛੇਤੀ ਵੱਡੀਆਂ

ਮੰਜ਼ਲਾਂ ਪਾਰ ਕਰ ਰਿਹੈ, ਅਚਾਨਕ ਗਸ਼ ਖਾ ਕੇ, ਬੇਹੋਸ਼ ਹੋ ਕੇ ਘੋੜੇ ਤੋਂ ਗਿਰ ਗਿਆ। ਕੋਲ ਕੋਈ ਚੀਜ਼ ਨਹੀਂ ਹੈ। ਜ਼ਰਾ ਬਖਤਰ, ਉਸਦੇ ਜਿਹੜੀ ਸੰਜੋਅ ਪਹਿਨੀ ਹੋਈ ਸੀ, ਉਹ ਹੇਠਾਂ ਵਿਛਾ ਦਿਤੀ, ਧਰਤੀ ਬਹੁਤ ਗਰਮ ਸੀ। ਮੂੰਹ ਦੇ ਉਤੇ ਛਾਂ ਕਰਨ ਵਾਸਤੇ ਉਹਦੀ ਸੋਨੇ ਦੀ ਪਲੇਟ ਲੱਗੀ ਹੋਈ ਜੋ ਢਾਲ ਸੀ ਉਹ ਬਰਛੇ ਦੇ ਉਤੇ ਟੰਗ ਕੇ ਖੜ੍ਹੀ ਕਰ ਦਿਤੀ। ਜਦੋਂ ਦਵਾਈਆਂ ਦੇ ਨਾਲ ਹੋਸ਼ ਆਈ, ਹੱਥ ਮਾਰਿਆ ਧਰਤੀ 'ਤੇ ਤਾਂ ਦੇਖਦੈ ਕਿ ਮੇਰੇ ਹੇਠਾਂ ਤਾਂ ਲੋਹੇ ਦੀ ਸੰਜੋਅ ਪਈ ਹੈ, ਉਤੇ ਦੇਖਿਆ ਤਾਂ ਕਿਰਨਾਂ ਸੋਨੇ ਰੰਗੀਆਂ ਆ ਰਹੀਆਂ ਨੇ। ਰੋ ਪਿਆ ਉਸ ਵੇਲੇ, ਵੱਡੇ ਹਕੀਮਾਂ ਨੂੰ ਬੁਲਾਇਆ। ਕਹਿਣ ਲੱਗਿਆ ਕਿ ਮੈਨੂੰ ਕੋਈ ਐਸੀ ਦਵਾਈ ਦੇਵੋ ਜਿਹਦੇ ਨਾਲ ਮੈਂ ਘਰ ਪਹੁੰਚ ਕੇ ਆਪਣੀ ਮਾਂ ਨੂੰ ਕਮ-ਸ-ਕਮ ਦਸ ਸਕਾਂ ਕਿ ਬਾਰ੍ਹਾਂ ਸਾਲਾਂ ਦੇ ਅੰਦਰ ਮੈਂ ਕਿੰਨੇ ਯੁੱਧ ਕੀਤੇ, ਕਿੰਨੇ ਰਾਜੇ ਮੈਂ ਜਿੱਤੇ। ਕੋਈ ਜਵਾਬ ਨਹੀਂ ਆਉਂਦਾ ਹਕੀਮਾਂ ਵਲੋਂ ਕਿਉਂਕਿ ਜੋ ਸਮਾਨ ਪ੍ਰਾਣ ਸੀ ਉਹਦੀ ਗੰਢ ਖੁਲ੍ਹ ਚੁੱਕੀ ਸੀ।

ਕਹਿਣ ਲੱਗਿਆ, ਤੁਸੀਂ ਬੋਲਦੇ ਕਿਉਂ ਨਹੀਂ? ਜੇ ਤੁਸੀਂ ਇਸ ਤਰ੍ਹਾਂ ਦਵਾਈ ਨਹੀਂ ਮੈਨੂੰ ਦੇ ਸਕਦੇ, ਤਾਂ ਮੈਂ ਤੁਹਾਨੂੰ ਅੱਧਾ ਰਾਜ ਤੁਹਾਨੂੰ ਦੇਵਾਂਗਾ ਤੇ ਮੈਨੂੰ ਦਵਾਈ ਦੇਵੋ।

ਫੇਰ ਵੀ ਨਹੀਂ ਉਹ ਬੋਲੇ।

ਫੇਰ ਕਹਿਣ ਲੱਗਿਆ, ਮੈਂ ਜਿੰਨਾਂ ਵੀ ਕੁਛ ਜਿੱਤਿਐ, ਸਾਰਾ ਦੇ ਦੇਵਾਂਗਾ, ਮੈਂ ਗਰੀਸ ਦੇ ਵਿਚ ਆਪਣੇ ਰਾਜ 'ਤੇ ਦਿਨ ਕੱਟ ਲਵਾਂਗਾ।

ਉਹ ਫੇਰ ਵੀ ਨਹੀਂ ਬੋਲੇ।

ਕਹਿੰਦਾ, ਬੋਲਦੇ ਕਿਉਂ ਨਹੀਂ ਤੁਸੀਂ, ਜਵਾਬ ਕਿਉਂ ਨਹੀਂ ਦਿੰਦੇ ਤੁਸੀਂ?

ਵੱਡਾ ਹਕੀਮ ਕਹਿਣ ਲੱਗਿਆ ਕਿ ਬਾਦਸ਼ਾਹ ਸਲਾਮਤ! ਇਸ ਵੇਲੇ ਤੁਹਾਡੇ ਪ੍ਰਾਣਾਂ ਦੀ ਗੰਢ ਖੁੱਲ੍ਹ ਚੁੱਕੀ ਹੈ। ਇਹ ਤਾਂ ਦੁਨੀਆਂ ਦਾ ਰਾਜ ਕਹਿੰਦੇ ਹੋਂ ਤੁਸੀਂ, ਜੇ ਤੁਸੀਂ ਤਿੰਨਾਂ ਲੋਕਾਂ ਦਾ ਵੀ ਰਾਜ ਦੇਵੋਂ, ਤੁਹਾਨੂੰ ਅਸੀਂ ਹੁਣ ਇਕ ਸਵਾਸ ਵੀ ਵਾਧੂ ਨਹੀਂ ਦਿਵਾ ਸਕਦੇ। ਕਿਉਂਕਿ ਸਵਾਸ ਹੁਣ ਗਿਣਵੇਂ ਰਹਿ ਗਏ ਹਨ ਤੇ ਤੁਹਾਡਾ ਸਰੀਰ ਇਥੇ ਹੀ ਸ਼ਾਂਤ ਹੋ ਜਾਣੈ। ਬੜਾ ਰੋਇਆ ਉਹ, ਕਹਿਣ ਲੱਗਿਆ ਕਿ ਇਹਦਾ ਮਤਲਬ ਇਹ ਹੈ ਕਿ ਮੇਰਾ ਸਾਰਾ ਜਿੱਤਿਆ ਹੋਇਆ ਰਾਜ, ਇਕ ਸਵਾਸ ਦੀ ਕੀਮਤ ਵੀ ਨਹੀਂ ਰੱਖਦਾ। ਕੀ ਲੈ ਗਿਆ ਉਹ, ਅਸੀਂ ਕਿੰਨੇ ਸਵਾਸ ਬਰਬਾਦ ਕਰ ਦਿੰਦੇ ਹਾਂ, 24 ਹਜ਼ਾਰ ਸਵਾਸ ਸਾਨੂੰ ਰੋਜ਼ ਆਉਂਦੈ, ਕਿੰਨਾ ਕੀਮਤੀ ਸਵਾਸ ਹੈ। ਸੌ ਸਾਲ ਦੀ ਉਮਰ ਜੇ ਪ੍ਰਮੇਸ਼ਰ ਕਿਸੇ ਨੂੰ ਦੇ ਦੇਵੇ, ਤਾਂ 88 ਕਰੋੜ 68 ਲੱਖ ਸਵਾਸ ਆਇਆ ਕਰਦੇ ਨੇ। ਜੇ 75 ਸਾਲ ਦੀ ਉਮਰ ਦਿੰਦੈ ਤਾਂ 66 ਕਰੋੜ 44 ਲੱਖ ਸਵਾਸ ਹੋਇਆ ਕਰਦੈ। ਇਨ੍ਹਾਂ ਸਵਾਸਾਂ ਦੇ ਵਿਚੋਂ ਕਿੰਨੇ ਕੁ ਨੇ, ਜਿਹੜੇ ਲੇਖੇ ਵਿਚ ਲੱਗ ਗਏ। ਸਾਰੇ ਦੇ ਸਾਰੇ ਬਰਬਾਦ ਕਰਕੇ ਅਸੀਂ ਸੰਸਾਰ ਤੋਂ ਚਲੇ ਜਾਂਦੇ ਹਾਂ। ਕੋਈ ਚੀਜ਼ ਖਟਦੇ ਨਹੀਂ ਹਾਂ, ਬੜੀ ਮੁਸ਼ਕਲ ਦੇ ਨਾਲ ਸਾਨੂੰ ਮਾਨਸ ਦੇਹ ਪ੍ਰਾਪਤ ਹੋਈ ਹੇ। ਜਿਸ ਦੀ ਕੀਮਤ ਅਸੀਂ ਜਾਣ ਨਹੀਂ ਸਕੇ। ਸਾਨੂੰ ਨਹੀਂ ਇਸ ਗੱਲ ਦਾ ਪਤਾ ਕਿ ਇਹ ਕਿੰਨੀ ਕੀਮਤੀ ਚੀਜ਼ ਹੈ, ਜੇ ਭਲਾ ਇਹਦੇ ਬਾਰੇ ਗੱਲ ਵੀ ਕਰੀਏ ਤਾਂ ਧਿਆਨ ਨਾਲ ਸੁਣੋ। ਜਿਸ ਤਰ੍ਹਾਂ ਅਸੀਂ ਮਕਾਨ ਬਣਾਉਂਦੇ ਹਾਂ ਇੱਟਾਂ ਦਾ, ਇਸ ਤਰ੍ਹਾਂ ਸਰੀਰ ਦੀ ਬਣਤਰ ਦੇ ਵਿਚ, ਚੌਦਾਂ ਖਰਬ ਸੈੱਲ ਲੱਗਿਆ ਹੋਇਐ, ਐਨਾ ਤਾਂ ਗਿਣਨਾ ਹੀ ਬੜਾ ਮੁਸ਼ਕਲ ਹੈ। ਨੌਂ ਮਹੀਨਿਆਂ ਦੇ ਅੰਦਰ ਪ੍ਰਮੇਸ਼ਰ ਨੇ ਕਿੱਡਾ ਸੋਹਣਾ ਮੰਦਰ ਬਣਾ ਕੇ ਜੀਵ ਆਤਮਾ ਨੂੰ ਦੇ ਦਿਤਾ। 72 ਕਰੋੜ, 72 ਲੱਖ, 72 ਹਜ਼ਾਰ, 200 ਬਲੱਡ ਚੈਨਲ ਹੈ, ਪੰਜ ਇਹਦੇ 'ਚ ਪ੍ਰਾਣ ਨੇ, ਪੰਜ ਤੱਤ ਨੇ, 25 ਪ੍ਰਕ੍ਰਿਤੀਆਂ ਦੇ ਨਾਲ ਅੱਖਾਂ, ਕੰਨ ਆਦਿ ਬਣੇ ਹੋਏ ਨੇ ਤੇ ਪੰਜ ਜੋ ਪ੍ਰਾਣ ਨੇ, ਜਿਹੜੇ ਸਰੀਰ ਦਾ ਕੰਮ ਚਲਾਉਂਦੇ ਨੇ। ਉਹ ਆਖਰੀ ਦਮ ਤਕ ਆਪਣਾ ਕੰਮ ਕਰਦੇ ਨੇ। 20,000 ਨਾੜੀ ਇਹਦੇ ਵਿਚ ਦ੍ਰਿਸ਼ਟਮਾਨ ਹੈ, 20,000 ਨਾੜੀਆਂ ਇਹਦੇ ਵਿਚ ਬਹੁਤ ਜ਼ਰੂਰੀ ਨੇ, ਜਿਨ੍ਹਾਂ 'ਚੋਂ ਤਿੰਨ ਨਾੜੀਆਂ- ਇੜਾ, ਪਿੰਗਲਾ, ਸੁਖਮਨਾ, ਜਿਹਨੂੰ ਜ਼ਿੰਦਗੀ ਦੀ ਕਰੰਟ ਕਹਿੰਦੇ ਨੇ ਉਹ ਵਗਦੀ ਹੈ ਇਹਦੇ ਵਿਚ। ਸੋ ਐਡਾ ਕੀਮਤੀ ਸਰੀਰ ਪ੍ਰਮੇਸ਼ਰ ਨੇ ਜੋ ਸਾਨੂੰ ਦਿਤਾ ਹੈ, ਉਹ ਇਸ ਵਾਸਤੇ ਨਹੀਂ ਦਿਤਾ ਕਿ eat drink and be marry for we shall have to die. ਖਾਓ, ਪੀਓ ਤੇ ਐਸ਼ ਕਰੋ। ਇਹਦੇ ਨਾਲ ਹੁੰਦਾ ਕੀ ਹੈ ਕਿ ਜੇ ਜੀਵਨ ਵਿਅਰਥ ਚਲਿਆ ਗਿਆ, ਕਿਸੇ ਲੇਖੇ ਵਿਚ ਨਾ ਲੱਗਿਆ, ਤਾਂ ਕਰਮ ਜਿਹੜੇ ਕੀਤੇ ਨੇ ਉਹ ਭੁਗਤਣੇ ਪੈਣੇ ਨੇ। ਉਸ ਵੇਲੇ ਆਦਮੀ ਜਦੋਂ ਰੋਂਦੈ, ਜਦੋਂ ਕਰਮਾਂ ਨੂੰ ਭੋਗਦੈ। ਸੋ ਇਹ ਸਰੀਰ ਲੇਖੇ 'ਚ ਲਗਣਾ ਚਾਹੀਦੈ। ਮਹਾਰਾਜ ਕਹਿੰਦੇ, ਤੈਨੂੰ ਇਹਦੀ ਕੀਮਤ ਦਾ ਨਹੀਂ ਪਤਾ। ਸਾਰੀ ਕਾਇਨਾਤ, ਜਿੰਨੀ ਰਚਨਾ ਹੈ ਵਾਹਿਗੁਰੂ ਜੀ ਦੀ, ਇਹਦੇ ਵਿਚੋਂ ਸਭ ਤੋਂ ਕੀਮਤੀ ਜੋ ਚੀਜ਼ ਹੈ, ਉਹ ਤੇਰਾ ਸਰੀਰ ਹੈ ਤੇ ਐਨਾ ਕੀਮਤੀ ਹੈ ਕਿ ਤੇਰੇ ਨਾਲੋਂ ਮਹਾਨ ਸੁੱਖਾਂ 'ਚ ਬੈਠੇ ਹੋਏ ਦੇਵਤੇ, ਸਵਰਗ ਲੋਕਾਂ 'ਚ, ਇਸ ਦੀ ਲੋਚਾ ਕਰਦੇ ਨੇ। ਬਹੁਤਿਆਂ ਨੂੰ ਨਹੀਂ ਪਤਾ ਕਿ ਸਵਰਗ ਲੋਕ ਕੀ ਹੁੰਦੇ ਨੇ, ਕਿੰਨਾ ਸੁੱਖ ਹੁੰਦੈ ਉਥੇ। ਅਨੁਭਵੀ ਮਹਾਂਪੁਰਸ਼ਾਂ ਦਾ ਹਿਸਾਬ-ਕਿਤਾਬ ਜੋ ਹੈ, ਉਹ ਇਹ ਦਸਦੇ ਨੇ ਕਿ ਇਥੇ ਇਕ ਬਾਦਸ਼ਾਹ ਹੋਵੇ, ਜਿਹੜਾ ਸਾਰੀ ਦੁਨੀਆਂ ਦਾ ਬਾਦਸ਼ਾਹ ਹੋਵੇ, ਸਾਰੀ ਦੁਨੀਆਂ ਉਹਦੇ ਕਹਿਣੇ 'ਚ ਚਲਦੀ ਹੋਵੇ, ਰੱਬ ਵਾਂਗੂੰ ਉਹਨੂੰ ਮੰਨਦੀ ਹੋਵੇ, ਉਹ ਕਦੇ ਵੀ ਬਿਰਦ ਨਾ ਹੋਵੇ, ਕਦੇ ਬਿਮਾਰ ਨਾ ਹੋਵੇ, ਕਦੇ ਉਹਦਾ ਖਜ਼ਾਨਾ ਖਾਲੀ ਨਾ ਹੋਵੇ, ਉਸ ਰਾਜੇ ਨੂੰ ਜੋ ਸੁਖ ਹੈ ਉਹ ਇਕ ਯੂਨਿਟ ਹੋਇਆ ਕਰਦੈ, ਇਸ ਤੋਂ ਸੌ ਗੁਣਾਂ ਸੁਖ ਪਹਿਲੇ ਸਵਰਗ 'ਚ ਜਿਹਨੂੰ ਗੰਧਰਬ ਲੋਕ ਕਹਿੰਦੇ ਨੇ, ਉਹਦੇ 'ਚ ਪ੍ਰਾਪਤ ਹੋਇਆ ਕਰਦੈ। ਉਨ੍ਹਾਂ ਜੀਵ ਆਤਮਾਵਾਂ ਨੂੰ ਜਿਹੜੇ ਇਥੇ ਪੁੰਨ ਦਾਨ ਬੀਜਣ ਤੋਂ ਬਾਅਦ ਸਵਰਗ ਲੋਕਾਂ 'ਚ ਪ੍ਰਵੇਸ਼ ਕਰ ਜਾਂਦੇ ਨੇ ਕਿਉਂਕਿ ਸਾਰੇ ਨਹੀਂ ਕਰਦੇ। ਕੁਛ ਤਾਂ ਉਹ ਨੇ ਜਿਹੜੇ ਇਥੇ ਆ ਕੇ

ਵਿਕਾਰਾਂ 'ਚ ਪੈਂਦੇ ਨੇ। ਮਾੜੇ ਲੇਖ ਲਿਖਦੇ ਨੇ ਤੇ ਉਹ ਜਦੋਂ ਸਹਿਣੇ ਪੈਂਦੇ ਨੇ, ਉਸ ਵੇਲੇ ਬਹੁਤ ਦੁਖੀ ਹੁੰਦੇ ਨੇ ਕਿਉਂਕਿ ਕੋਈ ਕੀਤਾ ਹੋਇਆ ਕਰਮ, ਅਕਾਰਥ ਨਹੀਂ ਜਾਂਦਾ, ਆਪਣਾ ਫਲ ਦੇਣ ਨੂੰ ਸਮਰੱਥ ਹੁੰਦੈ। ਸੋ ਮਹਾਰਾਜ ਕਹਿੰਦੇ ਪਿਆਰਿਆ –

*ਐਸਾ ਕੰਮੁ ਮੂਲੇ ਨ ਕੀਚੈ ਜਿਤੁ ਅੰਤਿ ਪਛੋਤਾਈਐ ॥*

*ਅੰਗ– ੯੧੮*

ਨਾ ਕਰ ਇਹੋ ਜਿਹਾ ਕੰਮ ਜਿਹਦੇ ਨਾਲ ਤੈਨੂੰ ਅਖੀਰ ਦੇ ਉਤੇ ਪਛਤਾਉਣਾ ਪਵੇ –

*ਐਸੀ ਕਲਾ ਨ ਖੇਡੀਐ ਜਿਤੁ ਦਰਗਹ ਗਇਆ ਹਾਰੀਐ ॥*

*ਅੰਗ– ੪੮੯*

ਦਰਗਾਹ 'ਚ ਜਾ ਕੇ ਹਾਰ ਜਾਵੇਂ, ਐਸੀ ਬਾਜ਼ੀ ਨਾ ਖੇਲ੍ਹ, ਬਹੁਤ ਔਖਾ ਹੋਵੇਂਗਾ। ਪਛਤਾਉਣਾ ਪਵੇਗਾ, ਇਸ ਤਰ੍ਹਾਂ ਨਾਲ ਫੁਰਮਾਨ ਕਰਦੇ ਨੇ –

*ਧਾਰਨਾ – ਜਿੰਦੇ ਰੋਵੇਂਗੀ ਤੇ ਰੋ ਰੋ ਪਛੋਤਾਵੇਂਗੀ,*
*ਫੇਰ ਤੇਰਾ ਕੋਈ ਨਾ ਬਣੇ।*

*ਲੈ ਫਾਹੇ ਰਾਤੀ ਤੁਰਹਿ ਪ੍ਰਭੁ ਜਾਣੈ ਪ੍ਰਾਣੀ ॥*
*ਤਕਹਿ ਨਾਰਿ ਪਰਾਈਆ ਲੁਕਿ ਅੰਦਰਿ ਠਾਣੀ ॥*
*ਸੰਨ੍ਹੀ ਦੇਨ੍ਹਿ ਵਿਖੰਮ ਥਾਇ ਮਿਠਾ ਮਦੁ ਮਾਣੀ ॥*
*ਕਰਮੀ ਆਪੋ ਆਪਣੀ ਆਪੇ ਪਛੁਤਾਣੀ ॥*
*ਅਜਰਾਈਲੁ ਫਰੇਸਤਾ ਤਿਲ ਪੀੜੇ ਘਾਣੀ ॥*

*ਅੰਗ– ੩੧੫*

*ਆਪੀਨੈ ਭੋਗ ਭੋਗਿ ਕੈ ਹੋਇ ਭਸਮੜਿ ਭਉਰੁ ਸਿਧਾਇਆ ॥*
*ਵਡਾ ਹੋਆ ਦੁਨੀਦਾਰੁ ਗਲਿ ਸੰਗਲੁ ਘਤਿ ਚਲਾਇਆ ॥ ਅਗੈ*
*ਕਰਣੀ ਕੀਰਤਿ ਵਾਚੀਐ ਬਹਿ ਲੇਖਾ ਕਰਿ ਸਮਝਾਇਆ ॥*
*ਥਾਉ ਨ ਹੋਵੀ ਪਉਦੀਈ ਹੁਣਿ ਸੁਣੀਐ ਕਿਆ ਰੂਆਇਆ ॥*
*ਮਨਿ ਅੰਧੈ ਜਨਮੁ ਗਵਾਇਆ ॥*

*ਅੰਗ– ੪੬੪*

ਦੋਵੇਂ ਤਰੀਕੇ ਨੇ, ਇਕ ਤਾਂ ਉਹ ਨੇ ਜਿਨ੍ਹਾਂ ਨੇ ਆ ਕੇ ਇਥੇ ਸਮਝ ਨਹੀਂ ਕੀਤੀ, ਮਨਮਰਜ਼ੀਆਂ ਕੀਤੀਆਂ ਨੇ, ਧੱਕੇ ਕੀਤੇ ਨੇ ਦੂਜਿਆਂ ਨੂੰ ਧੋਖੇ ਦਿਤੇ ਨੇ। ਵੈਰ-ਵਿਰੋਧ ਕੀਤੇ ਨੇ, ਦੁਖੀ ਕੀਤੈ, ਜ਼ੋਰ ਕੀਤੇ ਨੇ, ਲੁੱਟਿਐ, ਖੋਹਿਐ, ਮਹਾਰਾਜ ਕਹਿੰਦੇ ਉਨ੍ਹਾਂ ਦੇ ਕਰਮ ਉਨ੍ਹਾਂ ਨੂੰ ਐਸੇ ਥਾਂ ਲੈ ਜਾਣਗੇ – ***'ਅਜਰਾਈਲੁ ਫਰੇਸਤਾ ਤਿਲ ਪੀੜੇ ਘਾਣੀ॥' ਦਰਿ ਲਏ ਲੇਖਾ ਪੀੜਿ ਛੁਟੈ ਨਾਨਕਾ ਜਿਉ ਤੇਲੁ ॥ (ਅੰਗ– 473)*** ਜਿਵੇਂ ਤੇਲ ਕੱਢਦੇ ਨੇ ਇਸ ਤਰ੍ਹਾਂ ਕੱਢਿਆ ਜਾਵੇਗਾ। ਕਿੰਨਾ ਹੈ, ਕਹਿੰਦੇ, ਅਠਾਰ੍ਹਾਂ ਨਰਕ ਵੱਡੇ-ਵੱਡੇ ਨੇ, ਜਿੱਥੇ ਫੇਰ ਐਸੇ ਕਰਮ ਕਰਨ ਵਾਲੇ ਜਾਂਦੇ ਨੇ, ਇਨ੍ਹਾਂ ਲੋਕਾਂ ਨੂੰ ਪਾਮਰ ਕਹਿੰਦੇ ਨੇ, ਪਾਪੀ ਕਹਿੰਦੇ ਨੇ। ਆਪਣਾ ਦੇਖਦੇ ਨੇ, ਦੂਸਰੇ ਦਾ ਨਹੀਂ ਭਲਾ ਮਨਾਉਂਦੇ। ਦੂਸਰੇ ਉਹ ਨੇ ਜਿਹੜੇ ਪੁੰਨ ਦਾਨ ਕਰਦੇ ਨੇ, ਨੇਕ ਕੰਮ ਕਰਦੇ ਨੇ। ਰਸਤਿਆਂ ਦੇ ਉਤੇ ਨਲਕੇ ਲਵਾਉਂਦੇ ਨੇ, ਹੋਰ ਅਨੇਕਾਂ ਕਿਸਮ ਦੀਆਂ ਸੜਕਾਂ ਸਾਫ ਰਖਦੇ ਨੇ, ਦਰਖਤ ਲਾਉਂਦੇ ਨੇ, ਦੂਸਰਿਆਂ ਨੂੰ ਦੁੱਖ ਨਹੀਂ ਹੋਣ ਦਿੰਦੇ, ਦੁਖੀ ਦੇ ਜਾ ਕੇ ਹਾਅ ਦਾ ਨਾਅਰਾ ਮਾਰਦੇ ਨੇ, ਜੋ ਸਰਦੈ, ਉਹਦੀ ਮਦਦ ਕਰਦੇ ਨੇ, ਲੇਕਿਨ ਉਹਦਾ ਬਦਲਾ ਚਾਹੁੰਦੇ ਨੇ ਕਿ ਇਹਦਾ ਮੈਨੂੰ ਫਲ ਮਿਲੇ। ਉਹਦਾ ਕੁਛ ਇਥੇ ਵੀ ਫਲ ਮਿਲਦੈ, ਕੁਛ ਦਰਗਾਹ 'ਚ ਜਾ ਕੇ ਵੀ ਮਿਲਦੈ। ਆਮ ਸਾਧਾਰਣ ਕੀਤੇ ਹੋਏ ਦਾਨ, 70 ਗੁਣਾਂ ਵਧਦੇ ਨੇ ਦਰਗਾਹ ਦੇ ਵਿਚ। 10 ਗੁਣਾਂ ਇਥੇ ਵਧਿਆ ਕਰਦੇ ਨੇ। ਖੇਤ ਦਾ ਫਰਕ ਹੈ –

*ਖੇਤੁ ਪਛਾਣੈ ਬੀਜੈ ਦਾਨੁ ॥* *ਅੰਗ– ੧੪੧੧*

ਚੰਗੇ ਖੇਤ ਵਿਚ ਫਸਲ ਹੋਵੇ, ਜ਼ਿਆਦਾ ਵਧਦੀ ਹੈ, ਮਹਾਂਪੁਰਸ਼ਾਂ ਦੇ, ਬ੍ਰਹਮਗਿਆਨੀਆਂ ਦੇ ਜਿੱਥੇ ਦਿਨ ਰਾਤ ਲੰਗਰ ਚਲਦੇ ਨੇ, ਹਸਪਤਾਲ ਚਲਦੇ ਨੇ, ਗਰੀਬਾਂ ਦੀ ਮਦਦ ਕੀਤੀ ਜਾਂਦੀ ਹੈ, ਐਸੇ ਥਾਂ ਬੀਜਿਆ ਹੋਇਆ ਦਾਨ ਹਜ਼ਾਰ ਤੇ ਲੱਖਾਂ ਗੁਣਾਂ ਵਧਦਾ ਹੈ –

*ਪੁੰਨ ਦਾਨੁ ਜੋ ਬੀਜਦੇ ਸਭ ਧਰਮ ਰਾਇ ਕੈ ਜਾਈ ॥*

*ਅੰਗ– ੧੪੧੪*

ਇਹ ਧਰਮਰਾਜ ਦੇ ਜਾਂਦੇ ਨੇ। ਤੀਸਰੇ ਉਹ ਨੇ ਜਿਹੜੇ ਭਜਨ ਬੰਦਗੀ ਕਰਦੇ ਨੇ, ਮਹਾਂਪੁਰਸ਼ਾਂ ਨੂੰ ਮਿਲ ਗਏ ਪਰ ਪੂਰੇ ਨਹੀਂ ਹੋ ਸਕੇ। ਉਨ੍ਹਾਂ ਨੂੰ ਯੋਗ ਭ੍ਰਿਸ਼ਟ ਕਿਹਾ ਜਾਂਦੈ। ਜਾਣ ਤਾਂ ਗਏ, ਗੁਰੂ ਵੀ ਧਾਰਨ ਕਰ ਲਿਆ, ਬਾਣੀਆਂ ਵੀ ਪੜ੍ਹਦੇ ਨੇ, ਪਰ ਅੰਦਰ ਅਜੇ ਪ੍ਰਕਾਸ਼ ਨਹੀਂ ਹੋਇਆ। ਅੰਦਰ ਸੋਝੀ ਨਹੀਂ ਆਈ, ਮਾਇਆ ਦੇ ਲੇਪ ਤੋਂ ਉੱਚੇ ਨਹੀਂ ਉੱਠ ਸਕੇ। ਉਹ ਜਿਹੜੇ ਪ੍ਰੇਮੀ ਨੇ ਉਨ੍ਹਾਂ ਦੇ ਮਨ ਵਿਚ ਪਛਤਾਵਾ ਹੁੰਦੈ ਕਿ ਮਾਨਸ ਜਨਮ ਵੀ ਮਿਲਿਆ ਤੇ ਅਸੀਂ ਕਿਸੇ ਕਿਨਾਰੇ ਵੀ ਨਾ ਪਹੁੰਚੇ। ਉਨ੍ਹਾਂ ਨੂੰ ਯੋਗ ਭ੍ਰਿਸ਼ਟ ਕਹਿੰਦੇ ਨੇ। ਉਹ ਜਿਸ ਵਕਤ ਸਰੀਰ ਛੱਡਦੇ ਨੇ, ਉਸ ਵੇਲੇ ਉਨ੍ਹਾਂ ਦੀ ਪਿਛਲੀ ਕਰਨੀ ਕਮਾਈ ਨੂੰ ਤੋਲ ਕੇ, ਜੋਖ ਕੇ, ਪਰਖ ਕੇ ਮੁੜ ਕੇ ਫੇਰ ਮਨੁੱਖ ਦੇਹੀ ਦੇ ਵਿਚ ਉਨ੍ਹਾਂ ਦਾ ਜੀਵ ਆਤਮਾ ਪ੍ਰਵੇਸ਼ ਕਰਾ ਦਿੰਦੈ ਕਿ ਜਿਹੜੀ ਪਿਛਲੀ ਕਮੀ ਰਹਿ ਗਈ, ਹੁਣ ਪੂਰੀ ਕਰ ਲਵੇ।

ਸੰਤ ਮਹਾਰਾਜ ਜੀ (ਸ੍ਰੀ ਮਾਨ ਸੰਤ ਈਸ਼ਰ ਸਿੰਘ ਜੀ ਰਾੜਾ ਸਾਹਿਬ) ਦੱਸਿਆ ਕਰਦੇ ਸੀ ਕਿ ਜਦੋਂ ਤਿੰਨ-ਚਾਰ ਵਾਰੀ ਐਸਾ ਹੋ ਜਾਵੇ ਤਾਂ ਉਹਦੀ ਨਿਸ਼ਾਨੀ ਹੀ ਇਹ ਹੁੰਦੀ ਹੈ ਕਿ ਬੱਚਾ ਹੀ, ਪੰਜ-ਚਾਰ ਸਾਲ ਦਾ, ਇਸ ਤੋਂ ਵੀ ਛੋਟਾ ਉਹ ਕਹਿੰਦੈ ਕਿ ਮੈਨੂੰ ਗੁਰੂ ਧਾਰਨ ਕਰਾਓ, ਮੈਨੂੰ ਅੰਮ੍ਰਿਤ ਛਕਾਓ, ਮੈਂ ਨਾਮ ਜਪਣੈ, ਮੈਂ ਬਾਣੀ ਪੜ੍ਹਨੀ ਹੈ। ਉਹਨੂੰ ਗਿਆਨ ਹੁੰਦੈ ਪਿਛਲੇ ਜਨਮ ਦਾ। ਜਿੰਨੇ ਮਹਾਂਪੁਰਸ਼ ਹੋਏ ਨੇ ਉਨ੍ਹਾਂ ਨੂੰ ਤਾਂ ਉਵੇਂ ਹੀ ਗਿਆਨ ਹੋਇਆ ਕਰਦੈ ਪਿਛਲਾ। ਵੈਸੇ ਉਹ ਜਾਣ ਜਾਂਦੇ ਨੇ ਕਿ ਆਹ ਜਿਹੜਾ ਪ੍ਰੇਮੀ ਆਇਐ ਬੱਚਾ ਛੋਟਾ, ਇਹਨੇ ਪਹਿਲਾਂ ਕਈ ਜਨਮ ਭਗਤੀ ਕੀਤੀ ਹੋਈ ਹੈ, ਪਰ ਅਧੂਰਾ ਰਹਿ ਗਿਆ, ਹਰ ਵਾਰੀ ਅਧੂਰਾ ਰਹਿ ਗਿਆ। ਉਹ ਯੋਗ ਭ੍ਰਿਸ਼ਟ ਹੋਇਆ ਕਰਦੇ ਨੇ, ਜੇ ਉਨ੍ਹਾਂ ਦੇ ਮਨ ਵਿਚ ਕੋਈ ਐਸੀ ਵਾਸ਼ਨਾ ਆ ਜਾਵੇ ਕਿ ਅਸੀਂ ਇਹਦਾ ਫਲ ਲਈਏ, ਤਾਂ

ਉਹ ਬ੍ਰਹਮ ਲੋਕ ਦੇ ਵਿਚ ਵਾਸਾ ਪਾਇਆ ਕਰਦੇ ਨੇ। ਮਹਾਨ ਸੁਖ ਦੀ ਪ੍ਰਾਪਤੀ ਹੋ ਜਾਂਦੀ ਹੈ, ਲੇਕਿਨ ਪਾਰ ਨਹੀਂ ਲੰਘਿਆ ਕਰਦੇ। ਇਸ ਤੋਂ ਅੱਗੇ ਐਸੇ ਵੀ ਹੁੰਦੇ ਨੇ ਜਿਹੜੇ ਪ੍ਰਮੇਸ਼ਰ ਦਾ ਨਾਮ ਜਪਦੇ ਨੇ, ਦਿਨ ਰਾਤ ਭਜਨ ਕਰਦੇ ਨੇ, ਹਰ ਵਕਤ ਨਾਮ ਜਪਦੇ ਨੇ, ਨੇਕ ਕੰਮ ਕਰਦੇ ਨੇ, ਸੰਸਾਰ ਦਾ ਸੱਚੇ ਦਿਲੋਂ ਕਹਿੰਦੇ ਨੇ - 'ਨਾਨਕ ਨਾਮ ਚੜ੍ਹਦੀ ਕਲਾ, ਤੇਰੇ ਭਾਣੇ ਸਰਬੱਤ ਕਾ ਭਲਾ।' ਕਿਸੇ ਦਾ ਬੁਰਾ ਨਹੀਂ ਮੰਗਦੇ ਤੇ ਪ੍ਰਮੇਸ਼ਰ ਨਾਲ ਜੁੜੇ ਰਹਿੰਦੇ ਨੇ ਤੇ ਐਸੀ ਬਿਰਤੀ ਹੁੰਦੀ ਹੈ ਕਿ ਜੇ ਜ਼ਰਾ ਕੁ ਵੀ ਵਿਸਰ ਜਾਵੇ ਪ੍ਰਮੇਸ਼ਰ ਤਾਂ ਉਨ੍ਹਾਂ ਦੀ ਜੋ ਹਾਲਤ ਹੋਇਆ ਕਰਦੀ ਹੈ, ਉਹਦੇ ਬਾਰੇ ਗੁਰੂ ਮਹਾਰਾਜ ਇਸ ਤਰ੍ਹਾਂ ਫੁਰਮਾਨ ਕਰਦੇ ਨੇ -

*ਜਿਉ ਮਛੁਲੀ ਬਿਨੁ ਪਾਣੀਐ ਕਿਉ ਜੀਵਣੁ ਪਾਵੈ ॥*
*ਬੂੰਦ ਵਿਹੂਣਾ ਚਾਤ੍ਰਿਕੋ ਕਿਉ ਕਰਿ ਤ੍ਰਿਪਤਾਵੈ ॥*
*ਨਾਦ ਕੁਰੰਕਹਿ ਬੇਧਿਆ ਸਨਮੁਖ ਉਠਿ ਧਾਵੈ ॥*
*ਭਵਰੁ ਲੋਭੀ ਕੁਸਮ ਬਾਸੁ ਕਾ ਮਿਲਿ ਆਪੁ ਬੰਧਾਵੈ ॥*
*ਤਿਉ ਸੰਤ ਜਨਾ ਹਰਿ ਪ੍ਰੀਤਿ ਹੈ ਦੇਖਿ ਦਰਸੁ ਅਘਾਵੈ ॥*

*ਅੰਗ- ੭੦੮*

ਐਸਾ ਪਿਆਰ ਜੋ ਗੁਰੂ ਨਾਲ ਕਰਦੇ ਨੇ, ਜਿਵੇਂ ਮੱਛੀ ਜੀਉਂਦੀ ਨਹੀਂ ਪਾਣੀ ਤੋਂ ਬਗੈਰ, ਜੇ ਐਸਾ ਪਿਆਰ ਗੁਰੂ ਦੇ ਨਾਲ ਗੁਰਸਿੱਖ ਦਾ ਪੈ ਜਾਵੇ -

*ਅੰਤਰਿ ਗੁਰੁ ਆਰਾਧਣਾ ਜਿਹਵਾ ਜਪਿ ਗੁਰ ਨਾਉ ॥*
*ਨੇਤ੍ਰੀ ਸਤਿਗੁਰੁ ਪੇਖਣਾ ਸ੍ਰਵਣੀ ਸੁਨਣਾ ਗੁਰ ਨਾਉ ॥*
*ਸਤਿਗੁਰ ਸੇਤੀ ਰਤਿਆ ਦਰਗਹ ਪਾਈਐ ਠਾਉ ॥*

*ਅੰਗ - ੫੧੭*

ਉਹਨੂੰ ਵਾਹਿਗੁਰੂ ਦੀ ਦਰਗਾਹ ਦੇ ਵਿਚ ਵਾਸਾ ਮਿਲ ਜਾਇਆ ਕਰਦੈ -

*ਧਾਰਨਾ - ਦਰਗਹ ਮਿਲਦੈ ਥਾਉਂ,*
*ਗੁਰਾਂ ਨਾਲ ਰੱਤਿਆਂ-ਗੁਰਾਂ ਨਾਲ ਰੱਤਿਆਂ।*

***'ਸਤਿਗੁਰ ਸੇਤੀ ਰਤਿਆ ਦਰਗਹ ਪਾਈਐ ਠਾਉ ॥'*** ਇਹ ਚਾਰ ਕਿਸਮ ਦੇ ਮਨੁੱਖਾਂ ਦੀ ਚਾਰ ਕਿਸਮ ਦੀ ਗਤੀ ਹੁੰਦੀ ਹੈ। ਪੰਜਵੀਂ ਉਹ ਹੁੰਦੀ ਹੈ ਜਿਨ੍ਹਾਂ ਨੂੰ ਪ੍ਰਮੇਸ਼ਰ ਭੇਜਿਆ ਕਰਦੈ ਕਿ ਜਾਓ ਸੰਸਾਰ 'ਤੇ, ਭੁੱਲੇ ਲੋਕਾਂ ਨੂੰ ਰਸਤੇ ਪਾਓ, ਕਬੁੱਧ ਕਰਨ 'ਤੇ ਹਟਾਓ। ਉਲਟੀਆਂ ਗੱਲਾਂ ਸੋਚਣ ਤੋਂ ਹਟਾਓ, ਜਾ ਕੇ ਉਨ੍ਹਾਂ ਨੂੰ ਸਹੀ ਮਾਰਗ ਦੱਸੋ ਤਾਂਕਿ ਆਪਣਾ ਜਨਮ ਬਿਰਥਾ ਨਾ ਗਵਾ ਬੈਠਣ। ਉਹ ਜਿਹੜੇ ਹੁੰਦੇ ਨੇ ਮਰਜ਼ੀ ਨਾਲ ਆਇਆ ਕਰਦੇ ਨੇ -

*ਜਨਮ ਮਰਣ ਦੁਹਹੂ ਮਹਿ ਨਾਹੀ ਜਨ ਪਰਉਪਕਾਰੀ ਆਏ ॥*
*ਜੀਅ ਦਾਨੁ ਦੇ ਭਗਤੀ ਲਾਇਨਿ ਹਰਿ ਸਿਉ ਲੈਨਿ ਮਿਲਾਏ ॥*

*ਅੰਗ- ੭੪੯*

ਉਨ੍ਹਾਂ ਦਾ ਕੰਮ ਹੁੰਦੈ ਵਾਹਿਗੁਰੂ ਨਾਲੋਂ ਟੁੱਟੀਆਂ ਰੂਹਾਂ ਨੂੰ ਜੋੜ ਦੇਣਾ। ਛੇਵੇਂ ਉਹ ਹੋਇਆ ਕਰਦੇ ਨੇ ਜਿਨ੍ਹਾਂ ਨੂੰ ਇਥੇ ਆ ਕੇ ਗਿਆਨ ਦੀ ਪ੍ਰਾਪਤੀ ਹੋ ਜਾਂਦੀ ਹੈ -

*ਕਬਹੂ ਸਾਧਸੰਗਤਿ ਇਹੁ ਪਾਵੈ ॥*
*ਉਸੁ ਅਸਥਾਨ ਤੇ ਬਹੁਰਿ ਨ ਆਵੈ ॥*
*ਅੰਤਰਿ ਹੋਇ ਗਿਆਨ ਪਰਗਾਸੁ ॥*
*ਉਸੁ ਅਸਥਾਨ ਕਾ ਨਹੀ ਬਿਨਾਸੁ ॥*
*ਮਨ ਤਨ ਨਾਮਿ ਰਤੇ ਇਕ ਰੰਗਿ ॥*
*ਸਦਾ ਬਸਹਿ ਪਾਰਬ੍ਰਹਮ ਕੈ ਸੰਗਿ ॥*
*ਜਿਉ ਜਲ ਮਹਿ ਜਲੁ ਆਇ ਖਟਾਨਾ ॥*
*ਤਿਉ ਜੋਤੀ ਸੰਗਿ ਜੋਤਿ ਸਮਾਨਾ ॥*
*ਮਿਟਿ ਗਏ ਗਵਨ ਪਾਏ ਬਿਸ੍ਰਾਮ ॥*
*ਨਾਨਕ ਪ੍ਰਭ ਕੈ ਸਦ ਕੁਰਬਾਨ ॥* *ਅੰਗ- ੨੭੮*

ਉਹ ਕਿਤੇ ਜਾਇਆ ਨਹੀਂ ਕਰਦੇ, ਉਹ ਇਸ ਸਰੀਰ ਦੇ ਵਿਚ ਰਹਿੰਦੇ ਹੁੰਦੇ ਹੀ ਜੀਵਨ ਮੁਕਤ ਹੋ ਜਾਇਆ ਕਰਦੇ ਨੇ ਤੇ ਪ੍ਰਮੇਸ਼ਰ ਨੂੰ ਇਸ ਤਰ੍ਹਾਂ ਦੇਖ ਲੈਂਦੇ ਨੇ ਜਿਵੇਂ ਕੋਈ ਹੱਥ 'ਤੇ ਚੀਜ਼ ਪਈ ਹੋਵੇ, ਅਸੀਂ ਖੁੱਲ੍ਹੀਆਂ ਅੱਖਾਂ ਨਾਲ ਦੇਖ ਲਈਏ। ਇਸ ਤਰ੍ਹਾਂ ਉਨ੍ਹਾਂ ਨੂੰ ਪ੍ਰਮੇਸ਼ਰ ਹਰ ਥਾਂ ਨਜ਼ਰ ਆਇਆ ਕਰਦੈ -

*ਜਹ ਜਹ ਪੇਖਉ ਤਹ ਹਜੂਰਿ ਦੂਰਿ ਕਤਹੁ ਨ ਜਾਈ ॥*
*ਰਵਿ ਰਹਿਆ ਸਰਬਤ੍ਰ ਮੈ ਮਨ ਸਦਾ ਧਿਆਈ ॥ ੧ ॥*
*ਈਤ ਊਤ ਨਹੀ ਬੀਛੁੜੈ ਸੋ ਸੰਗੀ ਗਨੀਐ ॥*
*ਬਿਨਸਿ ਜਾਇ ਜੋ ਨਿਮਖ ਮਹਿ*
*ਸੋ ਅਲਪ ਸੁਖੁ ਭਨੀਐ ॥ ਰਹਾਉ ॥* *ਅੰਗ - ੬੭੭*

ਸੋ ਮੈਂ ਇਹ ਬੇਨਤੀ ਕਰਦਾ ਸੀ, ਸਵਰਗ ਦੀ ਬਾਤ ਕਰ ਰਿਹਾ ਸੀ ਮੈਂ, ਕਿਉਂਕਿ ਅਸੀਂ ਸਵਰਗ ਨੂੰ ਬਹੁਤ ਉੱਚਾ ਗਿਣਦੇ ਹਾਂ। ਉਸ ਤੋਂ ਉੱਚੀਆਂ ਅਵਸਥਾ ਤਾਂ ਇਹ ਨੇ ਜਿਹੜੀਆਂ ਮੈਂ ਪਿਛਲੀਆਂ ਤਿੰਨ ਦੱਸੀਆਂ ਨੇ। ਸਵਰਗ ਦੇ ਵਿਚ ਤਾਂ ਚਲੇ ਜਾਈਦੈ, ਮੁੜ ਕੇ ਫੇਰ ਇਥੇ ਆ ਜਾਈਦੈ, ਫੇਰ ਓਹੀ ਕੰਮ, ਓਹੀ ਕਰਮ, ਫੇਰ ਬੰਨ੍ਹ ਲੈਂਦੇ ਨੇ। ਫੇਰ ਪਰਾਲਬਧ ਕਰਮਾਂ ਦਾ ਸਾਨੂੰ ਦੁਖ ਸੁਖ ਭੋਗਣਾ ਪੈਂਦੈ, ਫੇਰ ਅਸੀਂ ਰੋਂਦੇ ਹਾਂ। ਸੁੱਖ ਦੇ ਵਿਚ ਭੁੱਲ ਜਾਂਦੇ ਹਾਂ। ਉਹ ਜੋ ਦੇਵ ਲੋਕ ਨੇ ਉਨ੍ਹਾਂ ਦਾ ਜ਼ਿਕਰ ਮੈਂ ਕਰਿਆ ਸੀ ਕਿ ਇਥੇ ਦੇ ਬਾਦਸ਼ਾਹ ਨਾਲੋਂ ਗੰਧਰਭ ਲੋਕ 'ਚ ਸੌ ਗੁਣਾਂ ਜ਼ਿਆਦਾ ਸੁਖ ਹੁੰਦੈ, ਗੰਧਰਬ ਲੋਕ ਨਾਲੋਂ ਸੌ ਗੁਣਾ ਜ਼ਿਆਦਾ ਸੁਖ ਦੇਵ ਗੰਧਰਬ ਲੋਕ 'ਚ ਹੋਇਆ ਕਰਦੈ, ਇਥੇ ਦੇ ਬਾਦਸ਼ਾਹ ਨਾਲੋਂ 10,000 ਗੁਣਾਂ ਜ਼ਿਆਦਾ ਸੁਖ। ਉਸ ਤੋਂ ਸੌ ਗੁਣਾਂ ਜ਼ਿਆਦਾ ਸੁਖ ਪਿੱਤਰ ਲੋਕ 'ਚ ਹੋਇਆ ਕਰਦੈ, ਉਸ ਤੋਂ ਸੌ ਗੁਣਾਂ ਜ਼ਿਆਦਾ ਸੁਖ ਸਵਰਗ ਲੋਕ 'ਚ ਹੋਇਆ ਕਰਦੈ, ਉਸ ਤੋਂ ਸੌ ਗੁਣਾਂ ਜ਼ਿਆਦਾ ਸੁਖ ਇੰਦਰ ਲੋਕ 'ਚ ਹੋਇਆ ਕਰਦੈ। ਉਸ ਤੋਂ ਸੌ ਗੁਣਾਂ ਜ਼ਿਆਦਾ ਕਰਮ ਦੇਵ 'ਚ, ਫੇਰ ਅਜਾਨ ਦੇਵ ਲੋਕ ਹੈ, ਪਰਜਾਪਤ ਲੋਕ ਹੈ, ਬ੍ਰਹਮ ਲੋਕ ਹੈ, ਸ਼ਿਵ ਲੋਕ ਹੈ, ਬੈਕੁੰਠ ਧਾਮ ਹੈ। ਜ਼ਰਬ ਦੇ ਲਿਓ ਕਦੇ ਵਿਹਲੇ ਬੈਠ ਕੇ, ਸੌ-ਸੌ ਵਧਾਈ ਜਾਇਓ। ਉਨ੍ਹਾਂ ਮੰਡਲਾਂ ਦੇ ਵਿਚ ਜਿਹੜੇ ਦੇਵਤੇ

ਬੈਠੇ ਨੇ ਤੁਸੀਂ ਹੈਰਾਨ ਹੋ ਜਾਓਂਗੇ ਕਿ ਐਨੇ ਸੁਖੀ ਹੁੰਦੇ ਹੋਏ, ਫੇਰ ਇਸ ਮਨੁੱਖ ਜੂਨੀ ਨੂੰ ਕਿਉਂ ਭਾਲਦੇ ਨੇ, ਮਨੁੱਖ ਦੇਹੀ ਨੂੰ ਕਿਉਂ ਲੋਚਦੇ ਨੇ? ਉਹ ਇਹ ਹੈ ਕਿ ਉਹ ਤਪ ਕਰਕੇ ਉਪਰ ਤਾਂ ਚਲੇ ਜਾਂਦੇ ਨੇ, ਲੇਕਿਨ ਸਮਾਂ ਚਾਹੇ ਲੱਖ ਸਾਲ ਬਾਅਦ, ਚਾਹੇ ਕਰੋੜ ਸਾਲ ਬਾਅਦ ਮੁੜ ਕੇ ਫੇਰ ਉਨ੍ਹਾਂ ਨੂੰ ਥੱਲੇ ਆਉਣਾ ਪੈਂਦੈ। ਕੋਈ ਟਿਕਾਣਾ ਤਾਂ ਮਿਲਿਆ ਨਾ, ਉਹ ਤਾਂ ਪੱਕਾ ਟਿਕਾਣਾ ਹੋਇਆ ਨਾ। ਦੂਸਰਾ ਇਹ ਹੈ ਕਿ ਜਿਹੜਾ ਸਾਡਾ ਮਨੁੱਖ ਦਾ ਸਰੀਰ ਹੈ। ਧਿਆਨ ਨਾਲ ਸੁਣਿਓ ਇਨ੍ਹਾਂ ਗੱਲਾਂ ਨੂੰ, ਇਹਦੇ ਵਿਚ ਵਾਹਿਗੁਰੂ ਪ੍ਰਗਟ ਹੋ ਜਾਂਦੈ, ਹੋਰ ਕਿਸੇ ਸਰੀਰ 'ਚ ਪ੍ਰਗਟ ਨਹੀਂ ਹੁੰਦਾ। ਇਹਦੇ 'ਚ ਉਹਨੇ ਆਪਣਾ ਆਪ ਰੱਖਿਆ ਹੋਇਐ –

*ਕਾਇਆ ਨਗਰੁ ਨਗਰ ਗੜ ਅੰਦਰਿ ॥*
*ਸਾਚਾ ਵਾਸਾ ਪੁਰਿ ਗਗਨੰਦਰਿ ॥*
*ਅਸਥਿਰੁ ਥਾਨੁ ਸਦਾ ਨਿਰਮਾਇਲੁ*
*ਆਪੇ ਆਪੁ ਉਪਾਇਦਾ ॥* *ਅੰਗ- ੧੦੩੩*

ਇਹਦੇ ਸਰੀਰ ਦੇ ਵਿਚ ਬੈਠੈ, ਇਹਨੂੰ ਦੇਖਣਾ ਹੋਵੇ, ਅੱਖ ਹੈ ਅੰਦਰਲੀ ਖੋਲ੍ਹ ਲਓ, ਮਹਾਂਪੁਰਸ਼ਾਂ ਨੂੰ ਮਿਲ ਕੇ ਕਿਉਂਕਿ ਅੱਖ ਖੋਲ੍ਹਣ ਦਾ ਯਤਨ ਵੀ ਮਹਾਰਾਜ ਨੇ ਇਸ ਤਰ੍ਹਾਂ ਫੁਰਮਾਨ ਕਰਿਆ ਹੈ, ਪੜ੍ਹੋ ਪਿਆਰ ਨਾਲ –

*ਨਉ ਦਰਵਾਜੇ ਕਾਇਆ ਕੋਟੁ ਹੈ ਦਸਵੈ ਗੁਪਤੁ ਰਖੀਜੈ ॥*
*ਬਜਰ ਕਪਾਟ ਨ ਖੁਲਨੀ ਗੁਰ ਸਬਦਿ ਖੁਲੀਜੈ ॥*
*ਅਨਹਦ ਵਾਜੇ ਧੁਨਿ ਵਜਦੇ ਗੁਰ ਸਬਦਿ ਸੁਣੀਜੈ ॥*
*ਤਿਤੁ ਘਟ ਅੰਤਰਿ ਚਾਨਣਾ ਕਰਿ ਭਗਤਿ ਮਿਲੀਜੈ ॥*
*ਸਭ ਮਹਿ ਏਕੁ ਵਰਤਦਾ ਜਿਨਿ ਆਪੇ ਰਚਨ ਰਚਾਈ ॥*
*ਅੰਗ- ੯੫੪*
*ਵਾਹੁ ਵਾਹੁ ਸਚੇ ਪਾਤਿਸਾਹ ਤੂ ਸਚੀ ਨਾਈ ॥* *ਅੰਗ- ੯੪੭*

ਆਹ ਜਿਹੜਾ ਸਰੀਰ ਹੈ ਨਉਂ ਦਰਵਾਜਿਆਂ ਵਾਲਾ ਕਿਲਾ, ਦੋਵੇਂ ਅੱਖਾਂ, ਦੋਵੇਂ ਨੱਕ ਦਾ ਰਸਤੇ, ਦੋਵੇਂ ਕੰਨ, ਮੂੰਹ ਤੇ ਮਲਮੂਤਰ ਦੇ ਇੰਦ੍ਰੇ; ਨੌਂ ਬਣ ਜਾਂਦੇ ਨੇ। ਨੌਂ ਦਰਵਾਜ਼ੇ ਬਾਹਰ ਨੂੰ ਖੁਲ੍ਹਦੇ ਨੇ, ਅੰਦਰ ਨੂੰ ਨਹੀਂ ਖੁਲ੍ਹਦੇ। ਪਰ ਬਹੁਤ ਥੋੜ੍ਹੇ ਬੰਦਿਆਂ ਨੂੰ ਇਸ ਗੱਲ ਦਾ ਗਿਆਨ ਹੈ ਕਿ ਅੰਦਰ ਨੂੰ ਵੀ ਖੁਲ੍ਹਦੇ ਨੇ, ਜਦੋਂ ਅੰਦਰਲੀ ਅੱਖ ਖੁਲ੍ਹ ਜਾਂਦੀ ਹੈ ਇਹਨੂੰ ਦਿੱਬਯ ਅੱਖ ਕਹਿੰਦੇ ਨੇ। ਉਹਦੇ ਨਾਲ ਕੀ ਹੁੰਦੈ? ਸਾਰੀ ਸ੍ਰਿਸ਼ਟੀ ਨਜ਼ਰ ਆਉਣ ਲੱਗ ਜਾਂਦੀ ਹੈ। ਜਦੋਂ ਦਿੱਬਯ ਕੰਨ ਖੁਲ੍ਹ ਜਾਂਦੇ ਨੇ ਤਾਂ ਇਹ ਅਨਹਦ ਨਾਦ, ਜੋ ਕੁਛ ਵੀ ਪ੍ਰਮੇਸ਼ਰ ਦੀ ਦਰਗਾਹ 'ਚ ਹੋਇਐ, ਸਭ ਕੁਛ ਸੁਣਨ ਲਗ ਜਾਂਦੈ। ਜਦੋਂ ਦਿੱਬਯ ਰਸਨਾ ਖੁਲ੍ਹ ਜਾਂਦੀ ਹੈ, ਉਸ ਵੇਲੇ ਐਸਾ ਮਹਾਨ ਅਨੰਦ, ਨਾਮ ਦਾ ਰਸ ਜੋ ਹੈ, ਉਹ ਐਨਾ ਜ਼ਬਰਦਸਤ ਚੜ੍ਹ ਜਾਂਦੈ ਕਿ ਦਿਨ ਤੇ ਰਾਤ ਉਸ ਦਾ ਜੋ ਨਸ਼ਾ ਹੈ, ਉਤਰਿਆ ਨਹੀਂ ਕਰਦਾ –

*ਧਾਰਨਾ – ਚੜ੍ਹੀ ਰਹੇ ਦਿਨ ਰਾਤ,*
*ਨਾਮ ਖੁਮਾਰੀ–ਨਾਮ ਖੁਮਾਰੀ।*
*ਪੋਸਤ ਮਦ ਅਫੀਮ ਭੰਗ ਉਤਰ ਜਾਇ ਪਰਭਾਤਿ।*
*ਨਾਮ ਖੁਮਾਰੀ ਨਾਨਕਾ ਚੜ੍ਹੀ ਰਹੇ ਦਿਨ ਰਾਤ।* *ਜਨਮ ਸਾਖੀ*

ਮਹਾਨ ਰਸ ਦੇ ਵਿਚ ਚਲਿਆ ਜਾਂਦੈ, ਜਦੋਂ ਦਿੱਬਯ ਰਸਨਾ ਖੁਲ੍ਹ ਜਾਂਦੀ ਹੈ, ਜਦੋਂ ਦਿੱਬਯ ਨਾਸਕਾ ਖੁਲ੍ਹਦੀ ਹੈ, ਉਸ ਵੇਲੇ ਬਗੈਰ ਸੁਗੰਧੀਆਂ ਤੋਂ ਆਪਣੇ ਆਪ ਹੀ ਸੁਗੰਧੀਆਂ ਆਉਂਦੀਆਂ ਨੇ। ਇਨ੍ਹਾਂ ਦਾ ਸਾਨੂੰ ਨਾ ਪਤਾ ਹੋਣ ਕਰਕੇ ਮਾਨਸ ਸਰੀਰ ਵੀ ਮਿਲਿਐ, ਐਸੇ ਕੀਮਤੀ ਜੋ ਸਾਡੇ ਇੰਦ੍ਰੇ ਸੀ, ਉਹ ਬੇਫਲ ਚਲੇ ਜਾਂਦੇ ਨੇ। ਕਿਸੇ ਲੇਖੇ 'ਚ ਨਹੀਂ ਆਉਂਦੇ, ਵਰਤੋਂ ਹੀ ਨਹੀਂ ਕਰਦੇ।

ਸੋ ਮਹਾਰਾਜ ਕਹਿੰਦੇ, ਪਿਆਰਿਓ! ਇਹ ਜਿਹੜਾ ਸਰੀਰ ਹੈ ਇਹਦੇ ਨੌਂ ਦਰਵਾਜ਼ੇ ਨੇ। ਪਰ ਇਹਦੇ ਵਿਚ ਇਕ ਐਸਾ ਦਰਵਾਜ਼ਾ ਹੈ ਜਿਹਨੂੰ ਤੁਸੀਂ ਕਦੇ ਵੀ ਖੋਲ੍ਹਣ ਦਾ ਯਤਨ ਨਹੀਂ ਕਰਿਆ। ਉਹ ਖੁਲ੍ਹਦਾ ਨਹੀਂ ਹੈ, ਕਿਉਂਕਿ ਉਹਦੇ ਅੱਗੇ ਦਰਵਾਜ਼ਾ ਲੱਗਿਆ ਹੋਇਐ। ਬਜਰ ਕਪਾਟ ਕਹਿੰਦੇ ਨੇ ਉਸ ਨੂੰ। ਜਦੋਂ ਤੱਕ ਗੁਰੂ ਤੋਂ ਸ਼ਬਦ ਨਹੀਂ ਮਿਲਦਾ, ਪੰਜ ਪਿਆਰਿਆਂ ਤੋਂ ਵਾਹਿਗੁਰੂ ਮੰਤਰ ਨਹੀਂ ਪ੍ਰਾਪਤ ਹੁੰਦਾ ਅਰ ਉਹ ਚਾਬੀ ਨਹੀਂ ਲਾਉਂਦਾ, ਓਨੀਂ ਦੇਰ ਤੱਕ ਦਰਵਾਜ਼ਾ ਕਿਵੇਂ ਖੁਲ੍ਹ ਜਾਏਗਾ ਕਿਉਂਕਿ ਪ੍ਰਮੇਸ਼ਰ ਨੇ ਬੰਦ ਕਰਿਆ ਹੋਇਐ –

*ਜਿਸ ਕਾ ਗ੍ਰਿਹੁ ਤਿਨਿ ਦੀਆ ਤਾਲਾ ਕੁੰਜੀ ਗੁਰ ਸਉਪਾਈ ॥*
*ਅਨਿਕ ਉਪਾਵ ਕਰੇ ਨਹੀ ਪਾਵੈ ਬਿਨੁ ਸਤਿਗੁਰ ਸਰਣਾਈ ॥*
*ਅੰਗ – ੨੦੫*

ਜਿੰਨਾ ਜੀਅ ਕਰਦੈ, ਯਤਨ ਕਰ ਲੈ, ਨਹੀਂ ਦਰਵਾਜ਼ਾ ਖੁਲ੍ਹਿਆ ਕਰਦਾ। ਜਦੋਂ ਤੱਕ ਸਤਿਗੁਰੂ ਦੀ ਸ਼ਰਨ ਵਿਚ ਨਹੀਂ ਆਉਂਦਾ। ਸਤਿਗੁਰੂ ਚਾਬੀ ਨਹੀਂ ਦਿੰਦਾ, ਗੁਰੂ ਸ਼ਬਦ ਨਹੀਂ ਦਿੰਦਾ, ਸ਼ਬਦ ਲਾ ਕੇ ਇਹ ਖੁਲ੍ਹਦੈ, ਇਹ ਕੋਈ ਲੋਹੇ ਦੀ ਚਾਬੀ ਤਾਂ ਹੈ ਨਹੀਂ, ਨਾ ਨੰਬਰਾਂ ਦੀ ਚਾਬੀ ਹੈ। ਇਹ ਤਾਂ ਮੰਤਰ ਦੀ ਚਾਬੀ ਹੈ ਜਿਵੇਂ ਮੰਤਰ ਨਾਲ ਸਿਮ–ਸਿਮ ਕਹਿਣ ਤੇ ਅਲੀ ਬਾਬਾ ਦਾ ਦਰਵਾਜ਼ਾ ਖੁਲ੍ਹ ਜਾਂਦਾ ਸੀ। ਉਹ ਦਰਵਾਜਾ ਖੁਲ੍ਹਦੈ, ਉਹ ਪ੍ਰਤੀਕ ਹੈ ਸਾਖੀ। ਕਹਾਣੀ ਕਿਸੇ ਨੇ ਬੜੀ ਸੋਹਣੀ ਬਣਾਈ ਹੈ ਲੇਕਿਨ ਉਹਦਾ ਅੰਤਰੀਵ ਭਾਵ ਬੜਾ ਜਬਰਦਸਤ ਹੈ, ਅੰਦਰ ਬੇਅੰਤ ਦੌਲਤਾਂ ਪਈਆਂ ਨੇ, ਆਦਮੀ ਦੇਖ ਕੇ ਹੈਰਾਨ ਹੋ ਜਾਂਦੈ ਕਿ ਐਨੀ ਦੌਲਤ? ਉਹ ਦਰਵਾਜ਼ਾ ਖੋਲ੍ਹ ਲੈਂਦੇ ਸੀ, ਪੱਥਰ ਖੁਲ੍ਹ ਜਾਂਦਾ ਸੀ, ਬਜਰ ਕਪਾਟ ਲੱਗੇ ਹੋਏ ਸੀ ਉਹ ਵੀ ਖੁਲ੍ਹ ਜਾਂਦੇ ਸੀ। ਮਹਾਰਾਜ ਕਹਿੰਦੇ –

*ਗੁਰਦੁਆਰੈ ਲਾਇ ਭਾਵਨੀ*
*ਇਕਨਾ ਦਸਵਾ ਦੁਆਰੁ ਦਿਖਾਇਆ॥*
*ਤਹ ਅਨੇਕ ਰੂਪ ਨਾਉ ਨਵ ਨਿਧਿ*
*ਤਿਸ ਦਾ ਅੰਤੁ ਨ ਜਾਈ ਪਾਇਆ ॥* *ਅੰਗ- ੯੨੨*

ਐਨੇ ਖਜ਼ਾਨੇ ਨੇ ਕਿ ਉਹਦਾ ਅੰਤ ਹੀ ਨਹੀਂ ਪਾਇਆ ਜਾ ਸਕਦਾ। ਅਰ ਮਨੁੱਖ ਦੇ ਅੰਦਰ ਪਏ ਨੇ ਸਾਰੇ। ਪਿੱਛੇ ਲੱਗੇ ਫਿਰਦੇ ਨੇ, ਕਹਿੰਦੇ ਸਾਨੂੰ ਵਰਤੋ। ਲੇਕਿਨ ਮਨ੍ਹਾ ਕੀਤਾ ਹੋਇਆ ਹੈ ਮਹਾਰਾਜ ਨੇ ਕਿ ਨਹੀਂ ਇਹ ਵਰਤਣੇ ਨਹੀਂ

ਹਨ। ਇਨ੍ਹਾਂ ਨੂੰ ਨਹੀਂ ਵਰਤਣਾ ਆਪਣੇ ਵਾਸਤੇ। ਸੋ ਐਸਾ ਸਰੀਰ - ***'ਬਜਰ ਕਪਾਟ ਨ ਖੁਲਨੀ ਗੁਰ ਸਬਦਿ ਖੁਲੀਜੈ ॥'*** ਜਦੋਂ ਖੁਲ੍ਹ ਗਏ ਕਹਿੰਦੇ ਨਿਸ਼ਾਨੀ ਕੀ ਹੈ? ਕਹਿੰਦੇ - ***'ਅਨਹਦ ਵਾਜੇ ਧੁਨਿ ਵਜਦੇ ਗੁਰ ਸਬਦਿ ਸੁਣੀਜੈ॥ ਤਿਤੁ ਘਟ ਅੰਤਰਿ ਚਾਨਣਾ ਕਰਿ ਭਗਤਿ ਮਿਲੀਜੈ॥'*** ਧੁਨ ਹੈ ਉਥੇ ਲਗਾਤਾਰੀ, 24 ਘੰਟੇ ਅਨਹਦ ਦੀ। ਕੌਣ ਪਹੁੰਚਾ ਸਕਦੈ ਉਥੇ, ਮਹਾਰਾਜ ਕਹਿੰਦੇ, ਗੁਰੂ ਤੋਂ ਬਗੈਰ ਹੋਰ ਕੋਈ ਪਹੁੰਚਾਉਣ ਨੂੰ ਸਮਰੱਥ ਹੀ ਨਹੀਂ ਹੈ। ਗੁਰੂ ਕਹਿੰਦੇ ਹੀ ਉਹਨੂੰ ਨੇ ਜੋ -

*ਘਰ ਮਹਿ ਘਰੁ ਦੇਖਾਇ ਦੇਇ ਸੋ ਸਤਿਗੁਰੁ ਪੁਰਖੁ ਸੁਜਾਣੁ ॥*
*ਅੰਗ- ੧੨੯੧*

ਜਿਹੜਾ ਇਸ ਸਰੀਰ ਦੇ ਵਿਚ ਵਾਹਿਗੁਰੂ ਦਾ ਘਰ ਦਿਖਾ ਦੇਵੇ ਉਹ ਗੁਰੂ ਹੋਇਆ ਕਰਦੈ। ਕਹਿੰਦੇ, ਨਿਸ਼ਾਨੀ ਕੀ ਹੈ ਫੇਰ? ਐਵੇਂ ਕਹਿ ਦੇਵੇ ਕਿ ਤੈਨੂੰ ਘਰ ਦਿਸ ਗਿਆ। ਮਹਾਰਾਜ ਕਹਿੰਦੇ, ਪੰਜਾਂ ਸ਼ਬਦਾਂ ਦੀ ਧੁਨਕਾਰ ਹੋ ਰਹੀ ਹੈ ਉਥੇ। ਨਿਸ਼ਾਨੀ ਹੈ ਉਥੇ, ਉਨ੍ਹਾਂ ਸ਼ਬਦਾਂ ਦੀ -

*ਦੀਪ ਲੋਅ ਪਾਤਾਲ ਤਹ ਖੰਡ ਮੰਡਲ ਹੈਰਾਨੁ ॥ ਅੰਗ- ੧੨੯੧*

ਵਿਸਮਾਦ ਹੀ ਵਿਸਮਾਦ ਹੈ -

*ਤਾਰ ਘੋਰ ਬਾਜਿੰਤ੍ਰ ਤਹ ਸਾਚਿ ਤਖਤਿ ਸੁਲਤਾਨੁ ॥*
*ਅੰਗ- ੧੨੯੧*

ਐਨੇ ਨਾਦ ਵਜਦੇ ਨੇ, ਕੋਈ ਹਿਸਾਬ, ਗਿਣਤੀ ਮਿਣਤੀ ਨਹੀਂ ਹੈ, ਮਹਾਰਾਜ ਨੇ ਸੋ ਦਰ ਦੀ ਪਉੜੀ ਦੇ ਵਿਚ ਇਸ ਦਰਵਾਜ਼ੇ ਦੇ ਉਤੇ ਜਿਹੜੇ ਖੜ੍ਹ ਕੇ ਗਾ ਰਹੇ ਨੇ, ਉਨ੍ਹਾਂ ਦੀ ਗਿਣਤੀ ਕਰਕੇ ਨਾਲ ਲਿਖਿਆ ਹੈ ਕਿ -

*ਹੋਰ ਕੇਤੇ ਗਾਵਨਿ ਸੇ ਮੈ ਚਿਤਿ ਨ ਆਵਨਿ*
*ਨਾਨਕੁ ਕਿਆ ਵੀਚਾਰੇ ॥ ਅੰਗ- ੬*

ਕਿੰਨਿਆਂ ਨੂੰ ਕਹਿ ਦੇਈਏ, ਉਥੇ ਕੋਈ ਗਿਣਤੀ ਮਿਣਤੀ ਹੈ? ਕਹਿੰਦੇ, ਆਹ ਸਰੀਰ ਦੇ ਅੰਦਰ ਹੋ ਰਿਹੈ ਸਭ ਕੁਛ। ਕਿਉਂਕਿ ਵਾਹਿਗੁਰੂ ਆਹ ਸਰੀਰ ਤੋਂ ਬਾਹਰ ਨਹੀਂ ਬੈਠਾ-

*ਤਾਰ ਘੋਰ ਬਾਜਿੰਤ੍ਰ ਤਹ ਸਾਚਿ ਤਖਤਿ ਸੁਲਤਾਨੁ ॥*
*ਸੁਖਮਨ ਕੈ ਘਰਿ ਰਾਗੁ ਸੁਨਿ ਸੁੰਨਿ ਮੰਡਲਿ ਲਿਵ ਲਾਇ ॥*
*ਅੰਗ- ੧੨੯੧*

ਹੁਣ ਮਹਾਰਾਜ ਕਹਿੰਦੇ, ਜੋ ਸੁਖਮਨਾ ਨਾੜੀ ਤੇਰੇ ਅੰਦਰ ਹੈ ਉਹਦੇ ਨਾਲ ਸੁਰਤ ਨੂੰ ਜੋੜ, ਜਦੋਂ ਤੂੰ ਸ਼ਬਦ ਦੇ ਨਾਲ ਸੁਰਤ ਜੋੜੇਂਗਾ, ਉਹ ਸ਼ਬਦ ਚੁੱਕੇਗਾ ਤੇਰੀ ਸੁਰਤ ਨੂੰ ਤੇ ਓਸ ਥਾਂ 'ਤੇ ਲੈ ਜਾਏਗਾ, ਜਿਸ ਥਾਂ ਦੇ ਉਤੇ ਅਨਹਦ ਝੁਨਕਾਰ ਹੋ ਰਹੀ ਹੈ। ਕਰਨਾ ਹੀ ਕੁਛ ਨਹੀਂ ਹੈ ਫੇਰ ਸੁਰਤਾਂ ਕਿੱਥੇ ਰਹਿਣ। ਸੁਰਤ ਤਾਂ ਸਾਡੀ ਬਾਹਰ ਖਿੰਡੀ ਪਈ ਹੈ। ਬਾਹਰਲਾ ਅਨੰਦ ਆਉਂਦੈ ਇਸ ਨੂੰ ਕਿ ਮੇਰੇ ਕੋਲ ਜਾਇਦਾਦ ਬਹੁਤ ਹੈ, ਮੇਰੇ ਕੋਲ ਐਨੀ ਜ਼ਮੀਨ ਹੈ। ਨਾਲ ਲੈ ਜਾਏਂਗਾ ਕੀ ਭਾਈ? ਕੀ ਕਰੇਂਗਾ ਜ਼ਮੀਨਾਂ ਨੂੰ ਚਾਰ ਦਿਨ ਦਾ ਵਾਜਾ ਤੂੰ ਵਜਾ ਲੈ। ਚਲੇ ਗਏ ਸਾਰੇ -

*ਫਰੀਦਾ ਕਿਥੈ ਤੈਡੇ ਮਾਪਿਆ ਜਿਨ੍ਹੀ ਤੂ ਜਣਿਓਹਿ ॥*
*ਤੈ ਪਾਸਹੁ ਓਇ ਲਦਿ ਗਏ ਤੂੰ ਅਜੈ ਨ ਪਤੀਣੋਹਿ ॥*
*ਅੰਗ- ੧੩੮੧*

ਕਿੱਥੇ ਗਏ ਮਾਂ-ਬਾਪ ਜਿਹੜੇ ਗੋਦੀ ਚੁੱਕੀਂ ਫਿਰਦੇ ਸੀ, ਉਂਗਲੀ ਲਾ ਕੇ ਲੰਘਾਇਆ ਕਰਦੇ ਸੀ। ਉਹ ਚਲੇ ਗਏ, ਉਵੇਂ ਜਿਵੇਂ ਤੇਰਾ ਹਾਲ ਹੋਣੈ। ਤੂੰ ਵੀ ਚਲਿਆ ਜਾਣੈ। ਇਨ੍ਹਾਂ ਚੀਜ਼ਾਂ 'ਚ ਨਾ ਫਸ, ਅੰਦਰਲੀ ਖੋਜ ਕਰ, ਜਿਹੜਾ ਤੈਨੂੰ ਸਰੀਰ ਮਿਲਿਐ, ਉਹਨੂੰ ਵਾਂਝਾ ਨਾ ਗਵਾ। ਵਾਂਝਾ ਗਵਾਇਆ ਤਾਂ ਮਹਾਰਾਜ ਤਾਂ ਬੜਾ ਜ਼ਬਰਸਤ ਉਲਾਂਭਾ ਦਿੰਦੇ ਨੇ ਇਸ ਤਰ੍ਹਾਂ ਨਾਲ -

*ਧਾਰਨਾ - ਕਾਹਨੂੰ ਜੰਮਣਾ ਸੀ ਭਗਤੀ ਤੋਂ ਹੀਣਿਆ ਓਏ,*
*ਕਾਹਨੂੰ ਜੰਮਣਾ।*

ਐਸਾ ਸਰੀਰ ਜੇ ਇਹਦੇ ਅੰਦਰਲੀ ਖੋਜ ਨਹੀਂ ਕਰੀ ਦੱਸ ਕਹਿੰਦੇ ਤੂੰ ਕਾਹਤੋਂ ਮਾਨਸ ਜਨਮ ਧਾਰਿਐ। ਤੇਰੇ ਆਉਣ ਦਾ ਕੀ ਫਾਇਦੈ? -

*ਜਿਨੀ ਐਸਾ ਹਰਿ ਨਾਮੁ ਨ ਚੇਤਿਓ*
*ਸੇ ਕਾਹੇ ਜਗਿ ਆਏ ਰਾਮ ਰਾਜੇ ॥*
*ਇਹੁ ਮਾਣਸ ਜਨਮੁ ਦੁਲੰਭੁ ਹੈ*
*ਨਾਮ ਬਿਨਾ ਬਿਰਥਾ ਸਭੁ ਜਾਏ ॥ ਅੰਗ- ੪੫੦*

ਕਿਸੇ ਕੰਮ ਨਹੀਂ ਆਉਂਦਾ। ਜਾਂਦਾ ਹੋਇਆ ਲਕੜੀਆਂ ਨਾਲ ਲੈ ਜਾਂਦੈ। ਨੁਕਸਾਨ ਕਰਕੇ ਜਾਂਦੈ -

*ਨਰੂ ਮਰੈ ਨਰੁ ਕਾਮਿ ਨ ਆਵੈ ॥*
*ਪਸੂ ਮਰੈ ਦਸ ਕਾਜ ਸਵਾਰੈ ॥ ਅੰਗ- ੮੭੦*
*ਹੁਣਿ ਵਤੈ ਹਰਿ ਨਾਮੁ ਨ ਬੀਜਿਓ ਅਗੈ ਭੁਖਾ ਕਿਆ ਖਾਏ ॥*
*ਅੰਗ- ੪੫੦*

ਤੇਰੀ ਵੱਤ ਲੱਗੀ ਹੋਈ ਹੈ, 84 ਲੱਖ ਜੂਨਾਂ ਦੇ ਭੈੜਿਆਂ ਸਰੀਰਾਂ 'ਚੋਂ ਲੰਘ ਕੇ ਤੂੰ ਮਨੁੱਖ ਬਣਿਆ ਹੋਇਆ ਹੈਂ ਤੇ ਵੱਤ ਲੱਗੀ ਹੋਈ ਹੈ ਤੇ ਤੂੰ ਨਾਮ ਨਹੀਂ ਬੀਜਦਾ। ਜੇ ਵਤ ਲੱਗੀ ਹੋਵੇ, ਕਣਕ ਬੀਜੇ ਨਾ, ਫੇਰ ਕੀ ਖਾਊਂਗਾ। ਖੇਤ ਉਵੇਂ ਜਿਵੇਂ ਰਹਿ ਜਾਣਗੇ ਖਾਲੀ, ਵੱਤਰ 'ਚ ਦਾਣਾ ਨਹੀਂ ਪਿਆ। ਹੁਣ ਵੱਤਰ ਆਈ ਹੋਈ ਹੈ।

ਕਹਿੰਦੇ, ਮਨ ਦੇ ਪਿੱਛੇ ਲੱਗ ਕੇ ਜੀਵਨ ਗੁਜ਼ਾਰ ਦਿਤਾ, ਗੁਰੂ ਦੀ ਬਾਤ ਨਹੀਂ ਮੰਨੀ। ਫੇਰ ਹੋਏਗਾ ਕੀ? -

*ਮਨਮੁਖੁ ਦੁਖ ਕਾ ਖੇਤੁ ਹੈ ਦੁਖੁ ਬੀਜੇ ਦੁਖੁ ਖਾਇ ॥*
*ਦੁਖ ਵਿਚਿ ਜੰਮੈ ਦੁਖਿ ਮਰੈ ਹਉਮੈ ਕਰਤ ਵਿਹਾਇ ॥*
*ਅੰਗ- ੯੪੭*

ਮੈਂ-ਮੈਂ ਕਰਦੇ ਦਾ ਲੰਘਾ ਲਿਆ ਜਨਮ ਤੂੰ ਸਾਰਾ। ਤੇ ਹੋਏਗਾ ਕੀ? -

*ਮਨਮੁਖਾ ਨੋ ਫਿਰਿ ਜਨਮੁ ਹੈ ਨਾਨਕ ਹਰਿ ਭਾਏ ॥*
*ਅੰਗ- ੪੫੦*

*ਮਨਮੁਖਿ ਫਿਰਿ ਫਿਰਿ ਚੋਟਾ ਖਾਵੈ ॥*
*ਜਿਤਨੇ ਨਰਕ ਸੇ ਮਨਮੁਖਿ ਭੋਗੈ ਗੁਰਮੁਖਿ ਲੇਪੁ ਨ ਮਾਸਾ ਹੇ ॥*
*ਅੰਗ- ੧੦੭੩*

ਗੁਰਮੁਖ ਨੂੰ ਤਾਂ ਹੈ ਨਹੀਂ ਇਹ ਰਸਤਾ, ਮਨ ਦੇ ਪਿੱਛੇ ਲਗਣ ਵਾਲੇ ਜੋ ਬੰਦੇ ਨੇ, ਉਨ੍ਹਾਂ ਵਾਸਤੇ ਗੁਰੂ ਮਹਾਰਾਜ ਕਹਿੰਦੇ ਇਹ ਰਸਤਾ ਹੈ ਭਾਈ - 'ਮਨਮੁਖਾ ਨੋ ਫਿਰਿ ਜਨਮੁ ਹੈ ਨਾਨਕ ਹਰਿ ਭਾਏ ॥ ' ਸੋ ਐਸਾ ਜੋ ਤੇਰੇ ਸਰੀਰ ਦੇ ਅੰਦਰ ਪ੍ਰਮੇਸ਼ਰ ਨੇ ਆਪਣਾ ਆਪ ਛੁਪਾ ਕੇ ਰੱਖਿਆ ਹੈ, ਉਹਨੂੰ ਤੂੰ ਖੋਜ ਨਹੀਂ ਸਕਿਆ ਤੇ ਗੁਰੂ ਤੋਂ ਤੂੰ ਚਾਬੀ ਨਹੀਂ ਲੈ ਸਕਿਆ। ਦੱਸ ਤੇਰੇ ਜਨਮ ਦਾ ਫਾਇਦਾ ਕੀ? ਜਿਹੋ ਜਿਹਾ ਜਗ ਤੇ ਆਇਆ ਓਹੋ ਜਿਹਾ ਨਾ ਆਇਆ -

*ਆਵਨ ਆਏ ਸ੍ਰਿਸਟਿ ਮਹਿ ਬਿਨੁ ਬੂਝੇ ਪਸੁ ਢੋਰ ॥*

*ਅੰਗ- ੨੫੧*

ਆ ਤਾਂ ਗਿਆ, ਲੇਕਿਨ ਬੁੱਝਿਆ ਨਹੀਂ, ਬੁੱਝਣ ਤੋਂ ਬਗੈਰ ਪਸ਼ੂ ਦਾ ਪਸ਼ੂ ਰਹਿ ਗਿਆ।

*ਨਾਨਕ ਗੁਰਮੁਖਿ ਸੋ ਬੁਝੈ ਜਾ ਕੈ ਭਾਗ ਮਥੋਰ ॥*
*ਯਾ ਜੁਗ ਮਹਿ ਏਕਹਿ ਕਉ ਆਇਆ ॥*
*ਜਨਮਤ ਮੋਹਿਓ ਮੋਹਨੀ ਮਾਇਆ ॥* *ਅੰਗ- ੨੫੧*

ਜੰਮਦਾ ਹੀ ਮਾਇਆ ਨੇ ਮੋਹ ਲਿਆ। ਆਇਆ ਤਾਂ ਇਸ ਕਰਕੇ ਸੀ ਕਿ ਮੈਂ ਨਾਮ ਜਪਾਂਗਾ। ਐਸਾ ਬਾਣੀ ਦੇ ਵਿਚ ਆਉਂਦੈ -

*ਗਰਭ ਕੁੰਟ ਮਹਿ ਉਰਧ ਤਪ ਕਰਤੇ ॥*
*ਸਾਸਿ ਸਾਸਿ ਸਿਮਰਤ ਪ੍ਰਭੁ ਰਹਤੇ ॥* *ਅੰਗ - ੨੫੧*

ਮਾਂ ਦੇ ਪੇਟ ਵਿਚ ਪੁੱਠਾ ਲਟਕਦਾ, ਤਪ ਕਰਦਾ ਸੀ ਤੇ ਸੁਖਮਨਾ ਨਾੜੀ ਦੇ ਵਿਚ ਸੁਰਤ ਹੋਣ ਕਰਕੇ, ਇਕ ਸੌ ਜਨਮ ਦਾ ਪਿਛਲਾ ਗਿਆਨ ਸੀ ਇਸ ਨੂੰ। ਪਛਤਾਉਂਦਾ ਸੀ ਕਿ ਮੈਂ ਆਹ ਵੀ ਜਨਮ ਇਵੇਂ ਹੀ ਲੰਘਾਇਆ, ਇਹਦੇ ਵਿਚ ਮੈਂ ਵੈਰ, ਵਿਰੋਧ, ਈਰਖਾ ਕਰਦਾ ਰਿਹਾ। ਇਹ ਵੀ ਮੇਰਾ ਇਵੇਂ ਹੀ ਗਿਆ। ਫੇਰ ਕਹਿੰਦਾ, ਹੁਣ ਮੈਂ ਜਪਾਂਗਾ ਜੇ ਮੈਨੂੰ ਹੁਣ ਮੌਕਾ ਮਿਲ ਜਾਏ ਤਾਂ ਮੈਂ ਹੁਣ ਨਾਮ ਜਪਾਂਗਾ। ਸਵਾਸ-ਸਵਾਸ ਜਪਾਂਗਾ, ਇਕ ਮਿੰਟ ਨਹੀਂ ਮੈਂ ਹਟਦਾ। ਬੇਨਤੀਆਂ ਕਰਦੈ ਕਿ ਹੇ ਪ੍ਰਭੂ! ਹੁਣ ਤੂੰ ਮੈਨੂੰ ਇਸ ਅੰਧ ਕੂਪ ਦੇ ਵਿਚੋਂ ਕੱਢ ਦੇ, ਹੁਣ ਮੈਂ ਤੇਰਾ ਨਾਮ ਜਪਾਂਗਾ।

ਉਹ ਕਹਿੰਦੇ, ਐ ਜੀਵ! ਕੀ ਤੈਨੂੰ ਇਕ ਵਾਰੀ ਮਨੁੱਖ ਬਣਾਇਐ? ਬਹੁਤ ਵਾਰੀ ਤੂੰ ਬਣਿਐ ਤੇ ਜਦੋਂ ਵੀ ਤੂੰ ਮਨੁੱਖ ਬਣਦੈਂ ਉਸ ਵੇਲੇ ਤੂੰ ਵਾਇਦਾ ਫਰਾਮੋਸ਼ ਹੋ ਜਾਂਦੈ, ਭੁੱਲ ਜਾਂਦੈ ਆਪਣੇ ਕੀਤੇ ਵਾਇਦੇ। ਉਥੇ ਹੋਰ ਹੀ ਚੀਜ਼ਾਂ ਨੇ ਉਨ੍ਹਾਂ ਦੇ ਵਿਚ ਫਸ ਜਾਨੈ। ਉਹ ਤੈਨੂੰ ਸੁਰਤ ਨਹੀਂ ਆਉਣ ਦਿੰਦੀਆਂ। ਕਹਿੰਦਾ, ਨਹੀਂ ਮਹਾਰਾਜ! ਹੁਣ ਮੈਂ ਜਪਾਂਗਾ।

ਕਹਿੰਦੇ, ਜਮਾਨਤ ਦੇ।

ਕਹਿੰਦਾ, ਮਹਾਰਾਜ ਜਮਾਨਤ ਇਥੇ ਮੈਂ ਕਾਹਦੀ ਦੇ ਦੇਵਾਂ?

ਕਹਿੰਦੇ, ਪੰਜ ਤੱਤਾਂ ਦੇ ਦੇਵਤੇ ਤੇਰੇ ਨਾਲ ਨੇ।

ਆਕਾਸ਼ ਨੂੰ ਕਿਹਾ, ਉਹ ਕਹਿੰਦਾ ਮੇਰਾ ਤਾਂ ਵਜੂਦ ਹੀ ਨਹੀਂ। ਅੱਗ ਨੂੰ ਕਿਹਾ ਉਹ ਕਹਿੰਦੀ ਕਿ ਤੇਰਾ ਮੇਰਾ ਕੀ ਸਾਥ ਹੈ? ਮੈਂ ਜਿੱਥੇ ਹੋਵਾਂ ਉਥੇ ਤੂੰ ਨਹੀਂ ਹੋ ਸਕਦਾ, ਆਪਣਾ ਸਾਥ ਕੀ ਹੈ? ਮੈਂ ਤੈਨੂੰ ਕਿਵੇਂ ਪ੍ਰੇਰਨਾ ਕਰਾਂਗੀ ਜਦ ਕਿ ਤੂੰ ਤਾਂ ਮੇਰੇ ਤੋਂ ਦੂਰ-ਦੂਰ ਨੱਠਦੈਂ। ਧਰਤੀ ਨੂੰ ਕਿਹਾ, ਉਹ ਕਹਿੰਦੀ ਮਾੜੀ ਜਿਹੀ ਧੂੜ ਉਡ ਕੇ ਮੈਂ ਤੇਰੇ ਉਤੇ ਪੈ ਜਾਵਾਂ, ਤੂੰ ਤਾਂ ਹੱਥਾਂ ਨਾਲ ਝਾੜੀ ਜਾਨੈ। ਮੈਨੂੰ ਤਾਂ ਤੂੰ ਪੈਰਾਂ ਥੱਲੇ ਹੀ ਰੱਖਦੈਂ। ਕਦੇ ਸੀਸ 'ਤੇ ਵੀ ਚੁੱਕਿਐ? ਮੈਂ ਨਹੀਂ ਤੇਰੀ ਜਮਾਨਤ ਦੇ ਸਕਦੀ। ਇਸੇ ਤਰ੍ਹਾਂ ਦੇ ਨਾਲ ਹਵਾ ਨੇ ਕਿਹਾ ਕਿ ਮੇਰਾ ਵਜੂਦ ਹੀ ਨਹੀਂ ਮੈਂ ਕਿਵੇਂ ਤੇਰੀ ਜਮਾਨਤ ਦੇ ਦੇਵਾਂ। ਪਾਣੀ ਰਹਿ ਗਿਆ, ਪਾਣੀ ਕੋਲ ਮਿੰਨਤਾਂ ਕਰਦੈ ਕਿ ਹੇ ਵਰੁਣ ਦੇਵਤਾ, ਤੂੰ ਨਾ ਕਿਤੇ ਮੁਕਰ ਜਾਈਂ, ਹੁਣ ਚਾਰ ਤਾਂ ਜਵਾਬ ਦੇ ਗਏ। ਉਹ ਕਹਿੰਦਾ, ਤੇਰਾ ਇਤਬਾਰ ਕੋਈ ਨਹੀਂ, ਬੇਵਿਸ਼ਵਾਸ਼ਾ ਹੈਂ ਤੂੰ, ਪਰ ਮੈਂ ਇਕ ਸ਼ਰਤ ਨਾਲ ਜ਼ਮਾਨਤ ਦੇਵਾਂਗਾ। ਫੇਰ ਬੇਨਤੀ ਕਰਦੈ ਕਿ ਹੇ ਪ੍ਰਭੂ! ਇਹ ਸ਼ਰਤੀਆ ਜ਼ਮਾਨਤ ਦਿੰਦੈ?

ਹਾਜ਼ਰ ਹੋਏ ਦੋਵੇਂ ਜਣੇ ਕਹਿਣ ਲੱਗੇ ਕਿ ਕਿਵੇਂ ਦਿੰਦੈ?

ਕਹਿਣ ਲੱਗਿਆ ਕਿ ਮਹਾਰਾਜ! ਇਸ ਜੀਵ ਦਾ ਇਤਬਾਰ ਤਾਂ ਨਹੀਂ ਹੈ, ਇਹ ਤਾਂ 'ਨੈਂ ਲੰਘੀ ਖੁਆਜਾ ਵਿਸਰਿਆ।' ਕਿੱਡਾ ਹੀ ਇਸ ਤੇ ਇਤਬਾਰ ਕਰ ਦਿਓ, ਮੁੜ ਕੇ ਭੁੱਲ ਜਾਂਦੈ। ਯਾਦ ਹੀ ਨਹੀਂ ਰੱਖਦਾ। ਇਹ ਤੈਨੂੰ ਨਹੀਂ ਯਾਦ ਰਖਦਾ, ਜਿਹਨੇ ਸਰੀਰ ਬਣਾਇਐ, ਮੇਰਾ ਕੀ ਇਸ 'ਤੇ ਬਲ ਚੱਲਨੈ। ਕਹਿੰਦੇ, ਫੇਰ ਜ਼ਮਾਨਤ ਦੇਣ ਕਿਉਂ ਆਇਐਂ? ਕਹਿੰਦਾ, ਮਹਾਰਾਜ! ਮੈਂ ਐਨਾ ਕੁ ਕਰ ਦਿੰਨਾਂ ਵਿਚਾਰਾ ਫਸਿਆ ਹੋਇਐ ਕਿ ਜਦੋਂ ਅੰਮ੍ਰਿਤ ਵੇਲੇ ਉੱਠ ਕੇ ਇਹ ਇਸ਼ਨਾਨ ਕਰਨ ਲੱਗਿਆ ਕਰੇਗਾ, ਸਰੀਰ ਦੇ ਉਤੇ ਇਕ ਦੋ ਕੱਪ ਪਾਏਗਾ, ਮੈਂ ਇਹਦੇ ਮੂੰਹ ਵਿਚੋਂ ਵਾਹਿਗੁਰੂ, ਰਾਮ, ਅੱਲਾ ਕਢਾ ਦਿਆ ਕਰੂੰ। ਅਗਾਂਹਾਂ ਇਹ ਜਾਣੇ ਇਹਦਾ ਕੰਮ ਜਾਣੇ।

ਸੋ ਮਹਾਰਾਜ ਕਹਿੰਦੇ, ਐਸੇ ਵਾਇਦੇ ਕਰਕੇ ਆਇਆ ਹੋਇਐਂ ਪਿਆਰਿਆ -

*ਉਰਝਿ ਪਰੇ ਜੋ ਛੋਡਿ ਛਡਾਨਾ ॥*
*ਦੇਵਨਹਾਰੁ ਮਨਹਿ ਬਿਸਰਾਨਾ ॥* *ਅੰਗ- ੨੫੧*

ਹੁਣ ਸੰਤ ਹਾਕਾਂ ਮਾਰਦੇ ਫਿਰਦੇ ਨੇ, ਸੰਤਾਂ ਨੂੰ ਬੜੀ ਮੁਸ਼ਕਲ ਆ ਗਈ। ਕਹਿੰਦੇ ਨੇ ਕਿ ਇਹ ਸੁਣਦਾ ਹੀ ਨਹੀਂ ਹੈ। ਬੋਲਾ ਹੀ ਹੈ ਇਹ ਤਾਂ। ਇਹਦੇ ਮਤਲਬ ਦੀ ਗੱਲ ਕਰ ਦਿਓ ਇਕ ਸਕਿੰਟ ਨਹੀਂ ਲਾਉਂਦਾ ਸੁਣਨ ਨੂੰ। ਉਹ ਦੂਰ ਕਰ ਦਿਓ ਕਹਿੰਦਾ ਮੈਂ ਸੁਣ ਲਈ ਸੀ। ਜੋ ਇਹਦੇ ਭਲੇ ਦੀਆਂ ਗੱਲਾਂ ਕਰੋ, ਕਹਿੰਦੇ ਉਹ ਨਹੀਂ ਇਹ ਸੁਣਦਾ। ਇਹਦੀ ਬਿਰਤੀ ਐਸੀ ਬਣੀ ਹੋਈ ਹੈ ਕਿ ਉਹ ਬਾਤ ਇਹਨੇ ਸੁਣਨੀ ਨਹੀਂ, ਮਨ 'ਚ ਵਸਾਉਣੀ ਨਹੀਂ ਹੈ-

*ਚੰਗਿਆਈਂ ਆਲਕੁ ਕਰੇ ਬੁਰਿਆਈਂ ਹੋਇ ਸੇਰੁ ॥*

*ਅੰਗ- ੫੧੮*

*(ਬਾਕੀ ਪੰਨਾ 47 'ਤੇ)*

# ਆਤਮ ਗਿਆਨ

*ਪ੍ਰਵਚਨ - ਸੰਤ ਬਾਬਾ ਵਰਿਆਮ ਸਿੰਘ ਜੀ*
*ਸੰਪਾਦਕ - ਪ੍ਰੋ. ਗੁਰਦੇਵ ਸਿੰਘ*

*(ਲੜੀ ਜੋੜਨ ਲਈ ਦੇਖੋ, ਮਾਰਚ ਅੰਕ, ਪੰਨਾ-46)*

ਤਿੰਨ ਕਿਸਮ ਦੇ ਕਰਮ ਹੁੰਦੇ ਹਨ, ਸੰਚਿਤ, ਪ੍ਰਾਲਬਧ ਤੇ ਕ੍ਰਿਆਮਾਨ; ਕ੍ਰਿਆਮਾਨ ਉਹ ਹੁੰਦੇ ਹਨ ਜਿਹੜੇ ਅਸੀਂ ਹਰ ਰੋਜ਼ ਕਰਦੇ ਹਾਂ। ਜਿਹੜਾ ਸੋਚਵਾਨ ਬੰਦਾ ਹੁੰਦਾ ਹੈ, ਉਸ ਨੂੰ ਗੁਰੂ ਮਹਾਰਾਜ ਜੀ ਨਿੱਤ ਦੇ ਕਰਮ ਬਾਰੇ ਸਾਵਧਾਨ ਕਰਦੇ ਹੋਏ ਫੁਰਮਾਨ ਕਰਦੇ ਹਨ।

*ਐਸੀ ਕਲਾ ਨ ਖੇਡੀਐ ਜਿਤੁ ਦਰਗਹ ਗਇਆ ਹਾਰੀਐ ॥*
*ਅੰਗ- ੪੬੯*

*ਫਰੀਦਾ ਜਿਨ੍ਹੀ ਕੰਮੀ ਨਾਹਿ ਗੁਣ ਤੇ ਕੰਮੜੇ ਵਿਸਾਰਿ ॥*
*ਮਤੁ ਸਰਮਿੰਦਾ ਥੀਵਹੀ ਸਾਂਈ ਦੈ ਦਰਬਾਰਿ ॥*
*ਅੰਗ- ੧੩੮੧*

*ਓਥੈ ਸਚੇ ਹੀ ਸਚਿ ਨਿਬੜੈ ਚੁਣਿ ਵਖਿ ਕਢੇ ਜਜਮਾਲਿਆ ॥*
*ਅੰਗ- ੪੬੩*

ਇਸ ਕਰਕੇ ਪਿਆਰਿਓ! ਸੰਸਾਰ ਦੇ ਅੰਦਰ ਰਹਿ ਕੇ ਇਸ ਤਰ੍ਹਾਂ ਦਾ ਕੋਈ ਕੰਮ ਨਾ ਕਰਿਓ ਜਿਸ ਕਰਕੇ ਦਰਗਾਹ ਵਿਚ ਹਾਰ ਹੋ ਜਾਵੇ ਅਤੇ ਸ਼ਰਮਿੰਦਾ ਹੋਣਾ ਪਵੇ। ਉਥੇ ਜਾ ਕੇ ਤਾਂ ਕਟਿਹਰੇ ਵਿਚ ਖੜ੍ਹਾ ਹੋਣਾ ਪਵੇਗਾ, ਇਥੇ ਤਾਂ ਪਾਪਾਂ ਨੂੰ ਭੇਖ ਥੱਲੇ ਦਬਾ ਲਵੇਂਗਾ, ਪੈਸੇ ਦੇ ਬਲ ਨਾਲ ਦਬਾ ਲਵੇਂਗਾ ਪਰ ਅੱਗੇ ਜਾ ਕੇ ਤਾਂ ਸੱਚ ਤੇ ਨਿਬੇੜਾ ਹੋਵੇਗਾ। ਉਥੇ ਤਾਂ ਖਰੇ-ਖੋਟੇ ਦੀ ਚੋਣ ਹੋਵੇਗੀ ਤੇ ਖੋਟਿਆਂ ਨੂੰ ਜਮਾਂ ਦੇ ਵਸ ਪੈ ਕੇ ਰੋਣਾ ਤੇ ਪਛਤਾਉਣਾ ਪਵੇਗਾ।

*ਰਹੈ ਇਕਾਂਕੀ ਸੰਕਟ ਪਾਵੈ।*
*ਪਛੁਤਾਵਹਿ ਸਿਰ ਧੁਨ ਬਿਲਪਾਵਹਿ। (ਸੂਰਜ ਪ੍ਰਕਾਸ਼)*

ਮਹਾਰਾਜ ਜੀ ਕਹਿੰਦੇ ਭਾਈ ਬੋਹੜੂ! ਤੈਨੂੰ ਇਕੱਲੇ ਨੂੰ ਹੀ ਸਾਰੇ ਸੰਕਟ ਮਿਲਣਗੇ, ਸਿਰ ਫੜ ਕੇ ਪਛਤਾਵੇਂਗਾ ਤੇ ਵਿਰਲਾਪ ਕਰੇਂਗਾ ਪਰ ਬਣਨਾ ਕੁਝ ਨਹੀਂ ਕਿਉਂਕਿ ਕਿਸੇ ਨੇ ਸਹਾਇਤਾ ਨਹੀਂ ਕਰਨੀ। ਮਾਤਾ, ਪਿਤਾ, ਪੁੱਤ, ਸਬੰਧੀ, ਸਭ ਨੇ ਛੱਡ ਕੇ ਪਾਸੇ ਹੋ ਜਾਣਾ ਹੈ, ਉਥੇ ਕੇਵਲ ਨਾਮ ਹੀ ਤੇਰੀ ਸਹਾਇਤਾ ਕਰੇਗਾ। ਤੂੰ ਸਾਰਾ ਸਮਾਂ ਖੋਟੀ ਕਮਾਈ ਕਰਨ ਵਿਚ ਬਰਬਾਦ ਕਰ ਦਿਤਾ, ਜਿਸ ਕੰਮ ਵਾਸਤੇ ਆਇਆ ਸੀ ਉਹ ਕੀਤਾ ਹੀ ਨਹੀਂ। ਹਾਲੇ ਵੀ ਕੁਝ ਨਹੀਂ ਵਿਗੜਿਆ, ਤੇਰੇ ਪਾਸ ਸਮਾਂ ਹੈ, ਸਮੇਂ ਨੂੰ ਸੰਭਾਲ ਲੈ, ਤੇਰਾ ਉਧਾਰ ਹੋ ਜਾਵੇਗਾ। ਹੁਣ ਤੋਂ ਨਾਮ ਜਪਣਾ ਸ਼ੁਰੂ ਕਰ ਦੇ, ਸੰਸਾਰ ਦੇ ਜੰਜਾਲ ਨੂੰ ਤਿਆਗ ਦੇ ਜਿਹਦੇ ਵਿਚ ਤੂੰ ਫਸਿਆ ਹੋਇਆ ਹੈ। ਹਿੰਮਤ ਕਰਕੇ ਇਸ ਨੂੰ ਤੋੜ ਕੇ ਬਾਹਰ ਹੋ ਜਾ ਜਿਵੇਂ ਮਗਰਮੱਛ ਮੱਛੀਆਂ ਦੇ ਜਾਲ ਨੂੰ ਤੋੜ ਕੇ ਬਾਹਰ ਨਿਕਲ ਜਾਂਦਾ ਹੈ -

*ਜਹ ਮਾਤ ਪਿਤਾ ਸੁਤ ਮੀਤ ਨ ਭਾਈ ॥*
*ਮਨ ਊਹਾ ਨਾਮੁ ਤੇਰੈ ਸੰਗਿ ਸਹਾਈ ॥ ਅੰਗ- ੨੬੪*

*ਯਾ ਤੇ ਸੱਤਯਨਾਮ ਕਰਤਾਰ।*
*ਸਿਮਰਹੁ ਨਿਸ ਦਿਨ ਹੋਯ ਉਧਾਰ।*
*ਤਯਾਗਹੁ ਜਗ ਜੰਜਾਰ ਸੁ ਗ੍ਰਸਯੋ।*
*ਜਿਮੁ ਝਖ ਤੋਰਹਿ ਜਾਰ ਜੁ ਫਸਯੋ। (ਸੂਰਜ ਪ੍ਰਕਾਸ਼)*

ਕੁਕਰਮ ਕਰਨ ਦੀ ਬਿਰਤੀ ਨੂੰ ਛੱਡ ਕੇ ਧਰਮ ਦੀ ਕਿਰਤ ਕਰਕੇ ਜੀਵਨ ਦਾ ਨਿਰਬਾਹ ਕਰਿਆ ਕਰ, ਪਾਪਾਂ ਨੂੰ ਕਦੇ ਪੁੰਨ ਦਾ ਫਲ ਨਹੀਂ ਲੱਗਦਾ। ਸੁੱਚੀ ਕਿਰਤ ਵਿਚ ਸੰਤੋਖ ਤੇ ਸਤੋਗੁਣ ਹੁੰਦਾ ਹੈ ਜਿਸ ਕਰਕੇ ਨਾਮ ਵਿਚ ਬਿਰਤੀ ਜੁੜ ਜਾਂਦੀ ਹੈ। ਭਾਈ ਬੋਹੜੂ ਨੂੰ ਸਤਿਗੁਰੂ ਜੀ ਦੇ ਬਚਨ ਅਮੋਘ ਬਾਣ ਦੀ ਤਰ੍ਹਾਂ ਲੱਗੇ, ਪਛਤਾਵਾ ਕਰਕੇ ਨੇਤਰਾਂ ਵਿਚੋਂ ਜਲ ਵਹਿ ਰਿਹਾ ਹੈ ਕਿਉਂਕਿ ਪੂਰੇ ਗੁਰੂ ਦੀ ਸਿਖਿਆ ਸੰਸਾਰ ਦੇ ਤਾਰਨ ਨੂੰ ਸਮਰੱਥ ਹੋਇਆ ਕਰਦੀ ਹੈ।

*ਜਿਸ ਕੈ ਅੰਤਰਿ ਬਸੈ ਨਿਰੰਕਾਰੁ ॥*
*ਤਿਸ ਕੀ ਸੀਖ ਤਰੈ ਸੰਸਾਰੁ ॥ ਅੰਗ- ੨੬੯*

*ਸੁਨਿ ਸਤਿਗੁਰ ਕੇ ਬਾਕ ਰਸੀਲੇ।*
*ਬ੍ਰਿੰਦ ਬਿਕਾਰਨ ਪਰਮ ਕਟੀਲੇ।*
*ਭਾਗ ਬਡੇ ਮਸਤਕ ਜਿਸ ਜਾਗੇ।*
*ਤੀਖਨ ਤੀਰ ਸਮਾਨ ਸੁ ਲਾਗੇ। (ਸੂਰਜ ਪ੍ਰਕਾਸ਼)*

ਪੂਰੇ ਸਤਿਗੁਰੂ ਦੇ ਬਚਨ ਸੁਣ ਕੇ ਕਲੇਜੇ ਵਿਚ ਛੇਕ ਪੈ ਗਿਆ, ਬਿਕਾਰ ਕੱਟੇ ਗਏ ਤੇ ਸੋਝੀ ਆ ਗਈ ਕਿ ਮੈਂ ਬੜੇ ਗਲਤ ਕੰਮਾਂ ਵਿਚ ਪੈ ਕੇ ਸਮਾਂ ਬਰਬਾਦ ਕਰ ਦਿਤਾ। ਸੋਚਦਾ ਹੈ ਜੇ ਪਹਿਲਾਂ ਪਤਾ ਹੁੰਦਾ ਕਿ ਦਰਗਾਹ ਵਿਚ ਲੇਖੇ ਪੱਤੇ ਹੁੰਦੇ ਹਨ ਤੇ ਜਮਦੂਤ ਫੜ ਕੇ ਘਾਣੀਆਂ ਵਿਚ ਪੀੜਦੇ ਹਨ, ਮੈਂ ਕਦੇ ਪਾਪ ਤੇ ਬੇਈਮਾਨੀ ਨਾ ਕਰਦਾ, ਹੁਣ ਫਲ ਭੋਗਣੇ ਪੈਣਗੇ।

*ਦਰਿ ਲਏ ਲੇਖਾ ਪੀੜਿ ਛੁਟੈ ਨਾਨਕਾ ਜਿਉ ਤੇਲੁ॥ ਅੰਗ- ੪੭੩*

ਹੰਝੂ ਭਰੇ ਨੇਤਰਾਂ ਨਾਲ ਕਹਿਣ ਲੱਗਾ, ਸੱਚੇ ਪਾਤਸ਼ਾਹ ਜੀ! ਸਜ਼ਾ ਬਾਰੇ ਵੀ ਆਪ ਜੀ ਨੇ ਦੱਸ ਦਿਤਾ ਕਿ ਦਰਗਾਹ ਵਿਚ ਆਹ ਹਾਲ ਹੋਵੇਗਾ, ਮੇਰੇ ਪਾਸੋਂ ਪਾਪ ਬਹੁਤ ਹੋ ਗਏ ਪਰ ਹੁਣ ਰੋਣ ਤੋਂ ਇਲਾਵਾ ਮੇਰੇ ਵੱਸ ਵਿਚ ਕੀ ਹੈ? ਮੇਰੇ ਤੇ ਕਿਰਪਾ ਕਰਕੇ ਆਪਣੇ ਚਰਨਾਂ ਵਿਚ ਰੱਖ ਲਵੋ, ਮੈਨੂੰ ਆਪ ਜੀ ਤੋਂ ਬਗੈਰ ਹੋਰ ਕੋਈ ਨਹੀਂ ਬਚਾ ਸਕਦਾ, ਮੈਂ ਆਪ ਜੀ ਦੀ ਸੇਵਾ ਵਿਚ ਰਹਿ ਕੇ ਸਾਰਾ ਜੀਵਨ ਬਤੀਤ ਕਰਨਾ ਚਾਹੁੰਦਾ ਹਾਂ। ਉਸ ਵੇਲੇ ਨਾਲ ਦੇ ਸੰਗੀਆਂ ਨੂੰ ਕਹਿ ਦਿਤਾ ਕਿ ਤੁਸੀਂ ਜਾਵੋ, ਮੈਂ ਇੱਥੇ ਹੀ ਗੁਰੂ ਚਰਨਾਂ ਵਿਚ ਰਹਾਂਗਾ। ਪਛਤਾਵਾ ਐਨਾ ਗਹਿਰਾ ਚਲਾ ਗਿਆ ਕਿ ਸਤਿਗੁਰੂ ਜੀ ਤੇ ਪੂਰਨ ਪ੍ਰਤੀਤ ਤੇ ਸ਼ਰਧਾ ਆ ਗਈ। ਮਹਾਰਾਜ ਜੀ ਨੇ ਅੰਦਰੋਂ ਦੇਖ ਲਿਆ ਤੇ ਕ੍ਰਿਪਾ ਦ੍ਰਿਸ਼ਟੀ ਕਰ ਦਿਤੀ ਤੇ ਬਚਨ ਕਰ ਦਿਤਾ ਕਹਿੰਦੇ ਠੀਕ ਹੈ ਭਾਈ

ਬੋਹੜੂ! ਇਥੇ ਰਹਿ ਕੇ ਸੇਵਾ ਕਰਿਆ ਕਰ।

*ਕਿਰਪਾ ਦ੍ਰਿਸ਼ਟ ਕਰ ਬਖਸ਼ੋ ਨਾਮ।*
*ਜਿਸ ਤੇ ਭਏ ਸੰਪੂਰਨ ਕਾਮ।* (ਸੂਰਜ ਪ੍ਰਕਾਸ਼)

ਸਤਿਗੁਰੂ ਜੀ ਨੇ ਨਾਮ ਦੀ ਬਖਸ਼ਿਸ਼ ਕਰ ਦਿਤੀ ਜਿਸ ਨਾਲ ਸਾਰੇ ਸੰਕਟ ਦਾ ਖਾਤਮਾ ਹੋ ਗਿਆ। ਕਹਿੰਦੇ ਭਾਈ ਬੋਹੜੂ! ਸਾਡੇ ਸਾਮ੍ਹਣੇ ਕੋਲ ਹੋ ਕੇ ਬੈਠ ਤੇ ਕਹਿ ਮੁੱਖ ਤੋਂ 'ਵਾਹਿਗੁਰੂ'। ਸਤਿਗੁਰੂ ਜੀ ਦੇ ਪਵਿੱਤਰ ਮੁੱਖ ਤੋਂ ਉਚਾਰਨ ਕੀਤਾ ਹੋਇਆ 'ਸ਼ਬਦ' ਜਦੋਂ ਉਸ ਦੇ ਕੰਨਾਂ ਨੇ ਸੁਣਿਆਂ ਤਾਂ ਉਸ ਦੇ ਰੋਮ-ਰੋਮ ਵਿਚੋਂ ਨਾਮ ਦੀ ਝਰਨਾਹਟ ਛਿੜ ਗਈ। ਅੰਦਰ ਵਾਹਿਗੁਰੂ-ਵਾਹਿਗੁਰੂ ਦੀ ਧੁਨੀ ਹੋਣ ਲੱਗ ਗਈ ਤੇ ਸਾਰਾ ਸਰੀਰ ਨਾਮ ਨਾਲ ਭਰ ਗਿਆ। ਐਸੇ ਅੰਮ੍ਰਿਤ ਨਾਮ ਦਾ ਜਾਪ ਸ਼ੁਰੂ ਕਰ ਦਿਤਾ ਜਿਸ ਨਾਲ ਜਨਮਾਂ-ਜਨਮਾਂਤਰਾਂ ਦੇ ਪਾਪਾਂ ਦੀ ਮੈਲ ਲਹਿਣੀ ਸ਼ੁਰੂ ਹੋ ਗਈ ਤੇ ਮਨ ਨਿਰਮਲ ਹੁੰਦਾ ਗਿਆ। ਦੁਨੀਆਂ ਵਿਚ ਕਿਸੇ ਦੇਵੀ-ਦੇਵਤੇ ਦੀ ਤਾਕਤ ਨਹੀਂ ਕਿ ਕਰਮਾਂ ਤੋਂ ਖਹਿੜਾ ਛੁਡਾ ਦੇਵੇ ਕਿਉਂਕਿ ਸੰਚਿਤ ਕਰਮਾਂ ਦਾ ਐਡਾ ਵੱਡਾ ਭੰਡਾਰ ਹੈ ਕਿ ਜਿਸ ਦੀ ਕੋਈ ਗਿਣਤੀ-ਮਿਣਤੀ ਨਹੀਂ ਹੋ ਸਕਦੀ ਤੇ ਅੰਤਸ਼ਕਰਣ ਮੈਲਾ ਹੋਇਆ ਪਿਆ ਹੈ। ਪਤਾ ਨਹੀਂ ਅਰਬਾਂ ਸਾਲਾਂ ਵਿਚ ਮੁੱਕਣ ਜਾਂ ਖਰਬਾਂ ਸਾਲ ਵਿਚ ਮੁੱਕਣ, ਜਿਉਂ-ਜਿਉਂ ਵਾਰੀ ਆਏਗੀ ਤਿਉਂ-ਤਿਉਂ ਭੋਗਣੇ ਪੈਂਦੇ ਹਨ। ਇਹ ਕੇਵਲ ਨਾਮ ਦਾ ਪ੍ਰਤਾਪ ਹੈ ਜਿਸ ਨਾਲ ਕਰਮਾਂ ਦਾ ਖਾਤਮਾ ਹੋ ਜਾਂਦਾ ਹੈ, ਨਹੀਂ ਤਾਂ ਹਉਮੈ ਦੀ ਮੈਲ ਕਰਕੇ ਜੀਵ ਜਨਮ-ਮਰਨ ਦੇ ਚੱਕਰ ਵਿਚ ਪਿਆ ਰਹਿੰਦਾ ਹੈ। ਪੰਜ ਚੋਰ, ਪੰਜ ਵਿਸ਼ੇ, ਪੰਜ ਠੱਗ, ਚਾਰ ਅੱਗ ਦੀਆਂ ਨਦੀਆਂ, ਦੋ ਡੈਣਾਂ ਤੇ ਈਰਖਾ, ਨਿੰਦਿਆ, ਚੁਗਲੀ ਆਦਿ ਤੋਂ ਛੁਟਕਾਰਾ ਹੋ ਜਾਂਦਾ ਹੈ ਜਦੋਂ ਪੂਰੇ ਸਤਿਗੁਰੂ ਦਾ ਦਿਤਾ ਹੋਇਆ ਨਾਮ ਜਪਿਆ ਜਾਂਦਾ ਹੈ -

*ਗੁਰਿ ਪੂਰੈ ਮੇਰੀ ਰਾਖਿ ਲਈ ॥*
*ਅੰਮ੍ਰਿਤ ਨਾਮੁ ਰਿਦੇ ਮਹਿ ਦੀਨੋ*
*ਜਨਮ ਜਨਮ ਕੀ ਮੈਲੁ ਗਈ ॥ ੧ ॥ ਰਹਾਉ ॥*
*ਨਿਵਰੇ ਦੂਤ ਦੁਸਟ ਬੈਰਾਈ ਗੁਰ ਪੂਰੇ ਕਾ ਜਪਿਆ ਜਾਪੁ ॥*
*ਕਹਾ ਕਰੈ ਕੋਈ ਬੇਚਾਰਾ ਪ੍ਰਭ ਮੇਰੇ ਕਾ ਬਡ ਪਰਤਾਪੁ ॥*
*ਅੰਗ- ੮੨੩*

ਇਹ ਨਿਸ਼ਾਨੀ ਹੁੰਦੀ ਹੈ ਕਿ ਜਦ ਨਾਮ ਅੰਦਰ ਚਲ ਜਾਂਦਾ ਹੈ ਤਾਂ ਜਿਹੜੇ ਪਾਪ ਕੀਤੇ ਹਨ ਉਹ ਮਿੱਟ ਜਾਂਦੇ ਹਨ ਕਿਉਂਕਿ ਇਨ੍ਹਾਂ ਨੂੰ ਮੇਟਣ ਵਾਲੀ ਉਹ ਸ਼ਕਤੀ ਹੈ ਜਿਸ ਨੇ ਸੰਸਾਰ ਰਚਿਆ ਹੈ। ਗੁਰੂ ਮਹਾਰਾਜ ਜੀ ਨੇ ਸਾਡੇ ਉਧਾਰ ਵਾਸਤੇ ਦੋ ਚੀਜ਼ਾਂ ਸਿਮਰਨ ਤੇ ਸੇਵਾ ਪ੍ਰਚਲਤ ਕੀਤੀਆਂ ਹਨ। ਹੁਣ ਭਾਈ ਬੋਹੜੂ ਬੰਦਗੀ ਕਰਦਾ ਹੈ ਤੇ ਸੇਵਾ ਵੀ ਕਰਦਾ ਹੈ। ਸੇਵਾ ਕਰਨ ਨਾਲ ਜੇ ਗੁਰੂ ਪ੍ਰਸੰਨ ਹੋ ਜਾਵੇ ਤਾਂ ਵੀ ਪਾਪਾਂ ਦਾ ਨਾਸ਼ ਹੋ ਜਾਦਾ ਹੈ ਤੇ ਮਾਣ ਵਡਿਆਈ ਮਿਲਦੀ ਹੈ।

*ਗੁਰ ਕੀ ਸੇਵਾ ਪਾਏ ਮਾਨੁ ॥* *ਅੰਗ- ੮੬੪*
*ਸਾ ਸੇਵਾ ਕੀਤੀ ਸਫਲ ਹੈ ਜਿਤੁ ਸਤਿਗੁਰ ਕਾ ਮਨੁ ਮੰਨੇ ॥*
*ਜਾ ਸਤਿਗੁਰ ਕਾ ਮਨੁ ਮੰਨਿਆ ਤਾ ਪਾਪ ਕਸੰਮਲ ਭੰਨੇ ॥*
*ਅੰਗ- ੩੧੪*

ਸਤਿਗੁਰੂ ਜੀ ਨੇ ਭਾਈ ਬੋਹੜੂ ਜੀ ਦੀ ਹਾਲਤ ਵੇਖ ਕੇ ਅੰਦਰੋਂ ਭਾਂਪ ਲਿਆ ਕਿ ਨਾਮ ਜਪਦੇ-ਜਪਦੇ ਇਸ ਦੀ ਰੂਹਾਨੀ ਤਰੱਕੀ ਹੋ ਰਹੀ ਹੈ। ਸਥੂਲ ਸਰੀਰ ਵਿਚੋਂ ਲੰਘ ਕੇ ਇਸ ਦੀ ਬਿਰਤੀ ਹੁਣ ਸੂਖਸ਼ਮ ਸਰੀਰ ਅਤੇ ਕਾਰਨ ਸਰੀਰ ਨੂੰ ਪਾਰ ਕਰ ਗਈ ਹੈ। ਇਸ ਨੂੰ ਸਮਝਣ ਵਾਸਤੇ ਇਸ ਤਰ੍ਹਾਂ ਵੀ ਦੱਸਿਆ ਜਾਂਦਾ ਹੈ ਕਿ ਸਾਡੇ ਅੰਤਸ਼ਕਰਣ ਦੇ ਪੰਜ ਪਰਦੇ ਹੁੰਦੇ ਹਨ। ਪਹਿਲਾ ਅੰਨਮਈ ਕੋਸ਼ ਹੁੰਦਾ ਹੈ, ਉਹ ਇਹ ਹੈ ਕਿ ਅਸੀਂ ਆਪਣੇ ਆਪ ਨੂੰ ਸਾਢੇ ਤਿੰਨ ਹੱਥ ਦਾ ਸਰੀਰ ਸਮਝਦੇ ਹਾਂ। ਸਰੀਰ ਨੂੰ ਕੋਈ ਗਾਲ੍ਹ ਕੱਢ ਦੇਵੇ ਮਰਨ ਮਾਰਨ ਨੂੰ ਤਿਆਰ ਹੋ ਜਾਂਦੇ ਹਾਂ ਕਿਉਂਕਿ ਸਾਡਾ ਪੱਕਾ ਅਧਿਆਸ ਬਣ ਗਿਆ ਕਿ ਅਸੀਂ ਸਰੀਰ ਹਾਂ। ਦੂਸਰਾ ਪਰਦਾ ਪ੍ਰਾਣਮਈ ਕੋਸ਼ ਹੈ ਜਿਸ ਨੂੰ ਸਵਾਸ ਦੀ ਗਤੀ ਕਹਿੰਦੇ ਹਨ। ਰਸਨਾ ਤੇ ਸਵਾਸ ਨਾਲ ਨਾਮ ਜਪਣ ਨਾਲ ਇਨ੍ਹਾਂ ਨੂੰ ਪਾਰ ਕੀਤਾ ਜਾਂਦਾ ਹੈ ਕਿਉਂਕਿ ਇਹ ਦੋਵੇਂ ਸਥੂਲ ਸਰੀਰ ਨਾਲ ਸਬੰਧ ਰਖਦੇ ਹਨ। ਜਿਸ ਵੇਲੇ ਬਿਰਤੀ ਇਨ੍ਹਾਂ ਤੋਂ ਉਪਰ ਲੰਘ ਜਾਂਦੀ ਹੈ ਤਾਂ ਅੱਗੇ ਮਨੋਮਈ ਕੋਸ਼ ਤੇ ਵਿਗਿਆਨਮਈ ਕੋਸ਼ ਹੁੰਦੇ ਹਨ ਜਿਨ੍ਹਾਂ ਦਾ ਸਬੰਧ ਮਨ ਤੇ ਬੁੱਧੀ ਨਾਲ ਹੁੰਦਾ ਹੈ ਜੋ ਸੂਖਸ਼ਮ ਹੁੰਦੇ ਹਨ। ਇਹ ਤਿੰਨੇ ਪਰਦੇ (ਪ੍ਰਾਣਮਈ, ਮਨੋਮਈ, ਵਿਗਿਆਨਮਈ) ਸੁਰਤਿ ਵਿਚ ਨਾਮ ਜਪਣ ਨਾਲ ਟੁੱਟਦੇ ਹਨ ਜਦੋਂ ਨਾ ਬੁਲ੍ਹ ਹਿੱਲਣ, ਨਾ ਰਸਨਾ ਹਿੱਲੇ ਲੇਕਿਨ ਨਾਮ ਦੀ ਧੁਨੀ ਪੂਰੀ ਸ਼ਕਤੀ ਨਾਲ ਚੱਲ ਪੈਂਦੀ ਹੈ, ਖਿੱਚ ਆ ਜਾਂਦੀ ਹੈ ਫੇਰ ਬਿਰਤੀ ਸਥੂਲ ਸਰੀਰ, ਸੂਖਸ਼ਮ ਸਰੀਰ, ਕਾਰਨ ਸਰੀਰ ਨੂੰ ਲੰਘ ਜਾਂਦੀ ਹੈ। ਪੰਜਵਾਂ ਅਨੰਦਮਈ ਕੋਸ਼ ਹੈ, ਇਹ ਰਹਿ ਜਾਂਦਾ ਹੈ, ਇਥੋਂ ਆਪਣੇ ਆਪ ਨਹੀਂ ਲੰਘ ਸਕੀਦਾ, ਕੇਵਲ ਗੁਰੂ ਦੀ ਕਿਰਪਾ ਤੇ ਮਦਦ ਨਾਲ ਲੰਘਿਆ ਜਾਂਦਾ ਹੈ।

*ਜਿਸ ਨੋ ਦਇਆਲੁ ਹੋਵੈ ਮੇਰਾ ਸੁਆਮੀ*
*ਤਿਸੁ ਗੁਰਸਿਖ ਗੁਰੂ ਉਪਦੇਸੁ ਸੁਣਾਵੈ ॥* *ਅੰਗ - ੩੦੬*

ਸਤਿਗੁਰੂ ਇਸ ਨੂੰ ਆਤਮ ਉਪਦੇਸ਼ ਸੁਣਾ ਕੇ ਆਤਮ ਮੰਡਲ (ਅਨੰਦਮਈ ਕੋਸ਼) ਵਿਚ ਪ੍ਰਵੇਸ਼ ਕਰਵਾ ਦਿੰਦਾ ਹੈ। ਜਦੋਂ ਇਥੇ ਪਹੁੰਚ ਜਾਵੇ ਫੇਰ ਚਲਦੇ-ਫਿਰਦੇ, ਕਾਰੋਬਾਰ ਕਰਦੇ, ਗੱਲ-ਬਾਤ ਕਰਦੇ ਹੋਏ ਦੀ ਬਿਰਤੀ ਨਾਮ ਵਿਚ ਲੱਗੀ ਰਹਿੰਦੀ ਹੈ। ਹਨ੍ਹੇਰੇ ਵਿਚ ਨਹੀਂ ਰਹਿੰਦਾ, ਅੰਦਰ ਗਿਆਨ ਦਾ ਪ੍ਰਕਾਸ਼ ਰਹਿੰਦਾ ਹੈ ਜਿਸ ਨਾਲ ਬਿਰਤੀ ਇਕ ਰਸ ਟਿਕੀ ਰਹਿੰਦੀ ਹੈ। ਅਧਿਆਤਮਕ ਅੱਖਰਾਂ ਵਿਚ ਇਸ ਨੂੰ ਸਹਿਜ ਸਮਾਧ ਕਹਿੰਦੇ ਹਨ। ਜਿਸ ਨੂੰ ਇਹ ਅਵਸਥਾ ਪ੍ਰਾਪਤ ਹੋ ਜਾਵੇ, ਇਸ ਦਾ ਅਕਹਿ ਰਸ ਤੇ ਅਨੰਦ ਕੇਵਲ ਓਹੀ ਜਾਣਦਾ ਹੈ। ਜਿਸ ਨੂੰ ਪ੍ਰਾਪਤ ਨਾ ਹੋਵੇ, ਉਨ੍ਹਾਂ ਨੂੰ ਪਤਾ ਨਹੀਂ ਹੁੰਦਾ, ਉਹ ਅਨਜਾਣ ਹੁੰਦੇ ਹਨ।

*ਸਹਜ ਸਮਾਧਿ ਲਗੀ ਲਿਵ ਅੰਤਰਿ*
*ਸੋ ਰਸੁ ਸੋਈ ਜਾਣੈ ਜੀਉ ॥* *ਅੰਗ- ੧੦੬*

ਇਸ ਨਾਲ ਦਿਬ ਸ੍ਰਵਣ ਖੁਲ੍ਹ ਜਾਂਦੇ ਹਨ, ਦਿਬ ਰਸਨਾ ਖੁਲ੍ਹ ਜਾਂਦੀ ਹੈ ਅਤੇ ਦਿਬ ਨੇਤਰ ਖੁਲ੍ਹ ਜਾਂਦੇ ਹਨ ਜਿਸ ਨਾਲ ਹਰ ਪਾਸੇ ਪ੍ਰਮੇਸ਼ਰ ਦੇ ਦਰਸ਼ਨ ਹੁੰਦੇ ਹਨ। ਉਸ ਦੇ ਸਾਮ੍ਹਣੇ ਆਪਣੇ ਆਪ ਹੀ ਸਾਰੀ ਦੁਨੀਆਂ ਕਿਤਾਬ ਦੀ ਤਰ੍ਹਾਂ ਖੁਲ੍ਹ ਜਾਇਆ ਕਰਦੀ ਹੈ। ਜਿਸ ਨਾਲ ਹਰ ਥਾਂ ਦੇਖ ਲੈਂਦਾ ਹੈ ਤੇ ਹਰ ਥਾਂ ਤੋਂ ਸੁਣ ਲੈਂਦਾ ਹੈ। ਵਾਹਿਗੁਰੂ ਜੀ ਨੇ ਉਹ ਦਿਬ ਕਲਾ ਸਾਡੇ ਅੰਦਰ ਰੱਖੀ ਹੋਈ ਹੈ ਪਰ ਅਸੀਂ ਸਭ ਕੁਝ ਪ੍ਰਕਿਰਤੀ ਦੇ ਨੇਤਰਾਂ ਤੇ ਕੰਨਾਂ ਨਾਲ ਦੇਖਦੇ ਸੁਣਦੇ ਹਾਂ ਤੇ ਉਹ ਅਸੀਂ ਬੰਦ ਕੀਤੇ ਹੋਏ ਹਨ। ਗੁਰੂ ਮਹਾਰਾਜ ਜੀ ਦੀ ਕ੍ਰਿਪਾ ਨਾਲ ਭਾਈ ਬੋਹੜੂ ਜੀ ਨੂੰ ਸਹਿਜ ਅਵਸਥਾ ਪ੍ਰਾਪਤ ਹੋ ਗਈ ਜਿਸ ਨੂੰ ਗੁਰਮੁਖ ਦੀ ਪਦਵੀ ਕਹਿੰਦੇ ਹਨ। ਉਨ੍ਹਾਂ ਦੇ ਅੰਦਰ ਤੱਤ ਗਿਆਨ ਦਾ ਪ੍ਰਕਾਸ਼ ਹੋ ਗਿਆ ਤੇ ਬਜਰ ਕਪਾਟ ਜਿਸ ਨੂੰ ਦਸਵਾਂ ਦੁਆਰ ਕਹਿੰਦੇ ਹਨ ਉਹ ਖੁਲ੍ਹ ਗਿਆ।

*ਗੁਰਮੁਖਿ ਅੰਤਰਿ ਸਹਜੁ ਹੈ ਮਨੁ ਚੜਿਆ ਦਸਵੈ ਆਕਾਸਿ ॥*
*ਅੰਗ- ੧੪੧੪*

*ਧਾਵਤੁ ਥੰਮ੍ਹਿਆ ਸਤਿਗੁਰਿ ਮਿਲਿਐ*
*ਦਸਵਾ ਦੁਆਰੁ ਪਾਇਆ ॥* *ਅੰਗ- ੪੪੧*

*ਨਉ ਦਰਵਾਜੇ ਕਾਇਆ ਕੋਟੁ ਹੈ ਦਸਵੈ ਗੁਪਤੁ ਰਖੀਜੈ ॥*
*ਬਜਰ ਕਪਾਟ ਨ ਖੁਲਨੀ ਗੁਰ ਸਬਦਿ ਖੁਲੀਜੈ ॥*
*ਅਨਹਦ ਵਾਜੇ ਧੁਨਿ ਵਜਦੇ ਗੁਰ ਸਬਦਿ ਸੁਣੀਜੈ ॥*
*ਤਿਤੁ ਘਟ ਅੰਤਰਿ ਚਾਨਣਾ ਕਰਿ ਭਗਤਿ ਮਿਲੀਜੈ ॥*
*ਸਭ ਮਹਿ ਏਕੁ ਵਰਤਦਾ ਜਿਨਿ ਆਪੇ ਰਚਨ ਰਚਾਈ ॥*
*ਅੰਗ- ੯੫੪*

ਉਥੇ ਦੀਆਂ ਨਿਸ਼ਾਨੀਆਂ ਗੁਰੂ ਮਹਾਰਾਜ ਜੀ ਦਸਦੇ ਹਨ ਕਿ ਸਰੀਰ ਦੇ ਨੌਂ ਦਰਵਾਜੇ ਹਨ ਪਰ ਦਸਵਾਂ ਗੁਪਤ ਹੈ ਜਿਸ ਨੂੰ ਦਸਵਾਂ ਦੁਆਰ ਕਹਿੰਦੇ ਹਨ। ਉਹ ਆਪਣੇ ਆਪ ਨਹੀਂ ਖੁਲ੍ਹਦਾ, ਉਸ ਦੀ ਚਾਬੀ ਗੁਰੂ ਕੋਲ ਹੈ, ਗੁਰੂ ਦੀ ਕ੍ਰਿਪਾ ਦੁਆਰਾ ਸ਼ਬਦ ਦੀ ਕਮਾਈ ਕਰਕੇ ਖੁਲ੍ਹਦਾ ਹੈ। ਜਿਸ ਪ੍ਰਭੂ ਨੇ ਖੰਡ-ਬ੍ਰਹਿਮੰਡ ਰਚੇ ਹਨ, ਜੋ ਹਰ ਥਾਂ ਪਰੀਪੂਰਨ ਹੈ, ਉਥੇ ਪ੍ਰਕਾਸ਼ ਹੀ ਪ੍ਰਕਾਸ਼ ਹੈ। ਜਿਸ ਸ਼ਬਦ ਦੀ ਧੁਨ ਸਾਰੀ ਸ੍ਰਿਸ਼ਟੀ ਦੇ ਅੰਦਰ ਕਾਇਮ ਹੈ। ਪ੍ਰਭੂ ਦੀ ਦਰਗਾਹ ਦਾ ਉਹ ਅਨਹਦ ਸ਼ਬਦ ਸੁਣਾਈ ਦਿੰਦਾ ਹੈ। ਦਸਵੇਂ ਪਾਤਸ਼ਾਹ ਜੀ ਨੇ ਵੀ ਸ਼ਬਦ ਦੇ ਸੰਕੇਤ ਬਾਰੇ ਫੁਰਮਾਨ ਕੀਤਾ ਹੈ।

*ਪ੍ਰਿਥਮੈ ਓਅੰਕਾਰ ਤਿਨ ਕਹਾ॥ ਸੋ ਧੁਨ ਪੂਰ ਜਗਤ ਮੋ ਰਹਾ॥*
*(ਦਸਮ ਗ੍ਰੰਥ)*

ਮਹਾਰਾਜ ਜੀ ਦਸਦੇ ਹਨ ਕਿ ਅਕਾਲ ਪੁਰਖ ਦੇ ਮੁੱਖ ਤੋਂ ਜੋ 'ਸ਼ਬਦ' ਹੋਇਆ ਉਹ 'ਓਅੰਕਾਰ' ਦੀ ਧੁਨੀ ਹੈ ਜਾਂ ਇਸ ਨੂੰ ਕੁੰਨ ਵੀ ਕਹਿੰਦੇ ਹਨ। ਇਹ ਅਵਾਜ਼ ਲਗਾਤਾਰ ਸਭ ਦੇ ਅੰਦਰ ਚੱਲ ਰਹੀ ਹੈ, ਉਸ ਨੂੰ ਹੀ ਸ਼ਬਦ ਕਹਿੰਦੇ ਹਨ। ਇਹ ਇਸ ਤਰ੍ਹਾਂ ਦਾ ਸ਼ਬਦ ਨਹੀਂ ਜਿਵੇਂ ਕਿਸੇ ਚੀਜ਼ ਦੇ ਖੜਕਣ ਨਾਲ ਅਵਾਜ਼ ਪੈਦਾ ਹੁੰਦੀ ਹੋਵੇ, ਮਿਸਾਲ ਦੇ ਤੌਰ ਤੇ ਜਿਸ ਤਰ੍ਹਾਂ ਢੋਲ ਉਤੇ ਡੱਗਾ ਮਾਰ ਕੇ ਅਵਾਜ਼ ਆਉਂਦੀ ਹੈ। ਇਸ ਨੂੰ ਆਹਤ ਸ਼ਬਦ ਕਹਿੰਦੇ ਹਨ। ਜਿਹੜਾ ਦਰਗਾਹੀ ਸ਼ਬਦ ਹੈ, ਉਹ ਪ੍ਰਕਿਰਤੀ ਵਿਚ ਤੇ ਹਰ ਬੰਦੇ ਦੇ ਅੰਦਰ ਚਲ ਰਿਹਾ ਹੈ। ਉਸ ਨੂੰ ਪੰਚ ਸ਼ਬਦ ਵੀ ਕਹਿੰਦੇ ਹਨ ਜੋ ਕੇਵਲ ਪੂਰਾ ਗੁਰੂ ਦਿਖਾਉਂਦਾ ਹੈ।

*ਘਰ ਮਹਿ ਘਰੁ ਦੇਖਾਇ ਦੇਇ ਸੋ ਸਤਿਗੁਰੁ ਪੁਰਖੁ ਸੁਜਾਣੁ ॥*
*ਪੰਚ ਸਬਦ ਧੁਨਿਕਾਰ ਧੁਨਿ ਤਹ ਬਾਜੈ ਸਬਦੁ ਨੀਸਾਣੁ ॥*
*ਅੰਗ- ੧੨੯੧*

ਜਦੋਂ ਉਸ ਧੁਨ ਵਿਚ ਬਿਰਤੀ ਚਲੀ ਜਾਂਦੀ ਹੈ ਤਾਂ ਉਹ ਨਾਮ ਵਿਚ ਪਹੁੰਚ ਜਾਂਦੀ ਹੈ, ਨਾਮ ਉਸ ਨੂੰ ਹੀ ਕਹਿੰਦੇ ਹਨ। ਨਾਮ ਵਿਚ ਬੇਅੰਤ ਊਰਜਾ (energy) (ਸ਼ਕਤੀ) ਹੈ ਜਿਸ ਦਾ ਕੋਈ ਪਾਰਾਵਾਰ ਨਹੀਂ, ਕੋਈ ਸੁੰਨ-ਮੁੰਨ ਚੀਜ਼ ਨਹੀਂ, ਉਹ ਪ੍ਰਭੂ ਆਪੇ ਆਪ ਹੀ ਹੈ। ਨਿਰੰਕਾਰ ਜੀ ਜਦੋਂ ਕ੍ਰਿਆਸ਼ੀਲ ਹੋਏ ਤਾਂ ਏਕੰਕਾਰ ਸ਼ਬਦ ਜੋ ਪਾਰਾਵਾਰ ਤੋਂ ਰਹਿਤ ਹੈ, ਉਸ ਦਾ ਨਾਮ ਹੋਇਆ।

*ਆਪੀਨੈ੍ ਆਪੁ ਸਾਜਿਓ ਆਪੀਨੈ੍ ਰਚਿਓ ਨਾਉ ॥ ਅੰਗ- ੪੬੩*

*ਕੀਤਾ ਪਸਾਉ ਏਕੋ ਕਵਾਉ ॥*
*ਤਿਸ ਤੇ ਹੋਏ ਲਖ ਦਰੀਆਉ ॥* *ਅੰਗ- ੩*
*ਨਿਰੰਕਾਰ ਆਕਾਰ ਹੋਇ ਏਕੰਕਾਰ ਅਪਾਰ ਸਦਾਯਾ।*
*ਏਕੰਕਾਰਹੁੰ ਸ਼ਬਦ ਧੁਨ ਓਅੰਕਾਰ ਅਕਾਰ ਬਨਾਯਾ।*
*(ਵਾਰ ਭਾਈ ਗੁਰਦਾਸ ਜੀ-੨੬/੨)*

ਆਪਣੇ ਆਪ ਤੋਂ ਜਿਹੜਾ ਸਾਜਿਆ ਹੈ ਉਹ 'ਏਕੰਕਾਰ' ਹੈ ਅਤੇ ਇਸ ਤੋਂ ਅੱਗੇ ਨਾਮ ਸ਼ਕਤੀ ਹੈ। ਮਹਾਰਾਜ ਜੀ ਕਹਿੰਦੇ ਇਨ੍ਹਾਂ ਨੂੰ ਅੱਡ ਨਾ ਸਮਝ ਲੈਣਾ, ਕੇਵਲ ਇਕੋ ਵਾਹਿਗੁਰੂ ਹੈ। ਉਹ 'ਕਵਾਉ' ਬਾਣੀ ਇਹੋ ਹੈ ਜਿਸ ਨਾਲ ਸੰਸਾਰ ਦੀ ਉਤਪਤੀ ਹੋਈ ਹੈ। ਸੰਸਾਰ ਦੀ ਉਤਪਤੀ ਤੋਂ ਪਹਿਲਾਂ ਉਹ 'ਸ਼ਬਦ' ਵਾਹਿਗੁਰੂ ਦੇ ਵਿਚ ਹੀ ਸੀ ਤੇ ਸਾਰਾ 'ਸ਼ਬਦ' ਦਾ ਹੀ ਪਸਾਰਾ ਹੈ (This is all manifestation of Shabad Onkar. Before the creation of universe there was 'logas' and that was within God.) ਇਸ ਕਰਕੇ ਹੀ ਸਤਿਗੁਰੂ ਜੀ ਨੇ 'ੴ' ਇਕੱਠਾ ਬਣਾ ਦਿਤਾ ਕਿ ਇਸਨੂੰ ਅੱਡ-ਅੱਡ ਨਾ ਸਮਝ ਲੈਣਾ। ਵਾਹਿਗੁਰੂ ਦੀ ਐਨਰਜੀ ਨੂੰ ਨਾਮ ਕਹਿੰਦੇ ਹਨ। ਉਹ ਨਾਮ ਧੁਨ ਹੈ, ਦਿਬ ਹੈ, ਇਸ ਨੂੰ ਦੱਸਿਆ ਨਹੀਂ ਜਾ ਸਕਦਾ। ਮਹਾਰਾਜ ਜੀ ਕਹਿੰਦੇ ਹਨ ਕਿ ਇਹ 'ਸ਼ਬਦ' ਉਹੀ ਹੈ ਜਿਸ ਨੇ ਸ੍ਰਿਸ਼ਟੀ ਦੇ ਖੰਡਾਂ, ਬ੍ਰਹਿਮੰਡਾਂ, ਪੁਰੀਆਂ, ਭਵਨਾਂ, ਵਿਦਿਆ, ਗਿਆਨ ਤੇ ਸਾਰੇ ਗੁਣਾਂ ਨੂੰ ਧਾਰਨ ਕੀਤਾ ਹੋਇਆ ਹੈ -

*ਨਾਮ ਕੇ ਧਾਰੇ ਸਗਲੇ ਜੰਤ ॥*
*ਨਾਮ ਕੇ ਧਾਰੇ ਖੰਡ ਬ੍ਰਹਮੰਡ ॥*
*ਨਾਮ ਕੇ ਧਾਰੇ ਸਿਮ੍ਰਿਤਿ ਬੇਦ ਪੁਰਾਨ ॥*
*ਨਾਮ ਕੇ ਧਾਰੇ ਸੁਨਨ ਗਿਆਨ ਧਿਆਨ ॥*
*ਨਾਮ ਕੇ ਧਾਰੇ ਆਗਾਸ ਪਾਤਾਲ ॥*
*ਨਾਮ ਕੇ ਧਾਰੇ ਸਗਲ ਆਕਾਰ ॥*

*ਨਾਮ ਕੇ ਧਾਰੇ ਪੁਰੀਆ ਸਭ ਭਵਨ ॥ ਅੰਗ- ੨੮੪*

ਭਾਈ ਬੋਹੜੂ ਜੀ ਦੇ ਅੰਦਰ ਉਹ ਸ਼ਬਦ ਵੱਜ ਰਿਹਾ ਹੈ, ਅਜਪਾ-ਜਾਪ ਚੱਲ ਰਿਹਾ ਹੈ, ਜਿਸ ਨਾਲ ਇਕ-ਮਿਕ ਹੋ ਕੇ ਪ੍ਰਭੂ ਵਿਚ ਅਭੇਦ ਹੋ ਜਾਈਦਾ ਹੈ। ਜਿਹੜੇ ਪੰਜ ਚੋਰ ਤੰਗ ਕਰਦੇ ਸੀ, ਮਿੱਤਰ ਬਣ ਗਏ। ਜਿਹੜਾ ਮਨ ਇਧਰ-ਉਧਰ ਭੱਜਦਾ ਸੀ, ਸਥਿਰ ਹੋ ਕੇ ਸ਼ਬਦ ਦੇ ਅੰਮ੍ਰਿਤ ਰਸ ਵਿਚ ਖੀਵਾ ਹੋ ਗਿਆ।

*ਉਲਟਿ ਕਮਲੁ ਅੰਮ੍ਰਿਤਿ ਭਰਿਆ*
*ਇਹੁ ਮਨੁ ਕਤਹੁ ਨ ਜਾਇ ॥*
*ਅਜਪਾ ਜਾਪੁ ਨ ਵੀਸਰੈ ਆਦਿ ਜੁਗਾਦਿ ਸਮਾਇ ॥*
*ਸਭਿ ਸਖੀਆ ਪੰਚੇ ਮਿਲੇ ਗੁਰਮੁਖਿ ਨਿਜ ਘਰਿ ਵਾਸੁ ॥*
*ਸਬਦੁ ਖੋਜਿ ਇਹੁ ਘਰੁ ਲਹੈ ਨਾਨਕੁ ਤਾ ਕਾ ਦਾਸੁ ॥*
*ਅੰਗ- ੧੨੯੧*

ਦੋ ਤੋਂ ਇਕ ਹੋ ਗਿਆ ਤੇ ਉਸ ਨੂੰ ਨਿਜ ਘਰ ਵਿਚ ਵਾਸਾ ਮਿਲ ਗਿਆ। ਸਾਧ ਸੰਗਤ ਜੀ! ਮਹਾਰਾਜ ਜੀ ਨੇ ਕਿੱਡਾ ਵੱਡਾ ਬਚਨ ਕਰ ਦਿਤਾ ਕਿ ਜਿਸ ਨੂੰ ਸ਼ਬਦ ਦੀ ਖੋਜ ਕਰਕੇ ਇਹ ਅਵਸਥਾ ਪ੍ਰਾਪਤ ਹੋ ਜਾਵੇ ਉਸ ਦੇ ਅਸੀਂ ਦਾਸ ਹਾਂ। ਗੁਰੂ ਮਹਾਰਾਜ ਜੀ ਸਾਨੂੰ ਵੀ ਇਸੇ ਮੰਜ਼ਿਲ ਤੇ ਪਹੁੰਚਾਣਾ ਚਾਹੁੰਦੇ ਹਨ ਕਿਉਂਕਿ ਇਹੋ ਸਾਡੇ ਜੀਵਨ ਦਾ ਟੀਚਾ ਹੈ। ਇਥੇ ਆ ਕੇ ਇਕੋ ਰਹਿ ਜਾਂਦਾ ਹੈ। ਜਦੋਂ ਦੋਵੇਂ ਇਕ ਹੋ ਜਾਣ, ਫੇਰ ਫਰਕ ਨਹੀਂ ਹੋਇਆ ਕਰਦਾ ਕਿਉਂਕਿ ਵਾਹਿਗੁਰੂ ਵਿਚ ਅਭੇਦ ਹੋ ਜਾਂਦਾ ਹੈ।

*ਸੰਤ ਅਨੰਤਹਿ ਅੰਤਰੁ ਨਾਹੀ ॥ ਅੰਗ- ੪੮੬*

*ਜਿਨ੍ਾ ਨ ਵਿਸਰੈ ਨਾਮੁ ਸੇ ਕਿਨੇਹਿਆ ॥*
*ਭੇਦੁ ਨ ਜਾਣਹੁ ਮੂਲਿ ਸਾਂਈ ਜੇਹਿਆ ॥ ਅੰਗ- ੩੯੭*

ਜਦੋਂ ਭਾਈ ਬੋਹੜੂ ਜੀ ਨੂੰ ਵੀ ਇਹ ਅਵਸਥਾ ਪ੍ਰਾਪਤ ਹੋ ਗਈ ਤਾਂ ਗੁਰੂ ਜੀ ਨੇ ਇਕ ਦਿਨ ਆਪਣੇ ਕੋਲ ਬੁਲਾ ਲਿਆ। ਕਹਿਣ ਲੱਗੇ ਭਾਈ ਬੋਹੜੂ! ਤੁਹਾਨੂੰ ਗੁਰਮੁਖ ਦੀ ਪਦਵੀ ਪ੍ਰਾਪਤ ਹੋ ਗਈ ਹੈ ਤੇ ਹੁਣ ਤੁਸੀਂ ਆਪਣੇ ਘਰ ਜਾ ਸਕਦੇ ਹੋ। ਕਹਿਣ ਲੱਗਾ ਪਾਤਸ਼ਾਹ ਜੀ! ਹੁਣ ਮੈਂ ਕਿਹੜੀ ਕਿਰਤ ਕਰਾਂ? ਮਹਾਰਾਜ ਜੀ ਕਹਿੰਦੇ ਭਾਈ ਬੋਹੜੂ! ਹੁਣ ਤੁਸੀਂ ਧਰਮ ਦੀ ਕਿਰਤ ਕਰਕੇ ਗੁਰੂ ਨਮਿਤ ਲੰਗਰ ਚਲਾਉਣਾ, ਭੁੱਖਿਆਂ ਨੂੰ ਪ੍ਰਸ਼ਾਦਾ ਛਕਾਉਣਾ ਅਤੇ ਲੋੜਵੰਦਾਂ ਦੀਆਂ ਲੋੜਾਂ ਪੂਰੀਆਂ ਕਰਨੀਆਂ ਹਨ। ਨਿਰੰਕਾਰ ਦੀ ਕਿਰਤ ਕਰਨੀ, ਉਹ ਹੈ ਕਿ ਨਾਮ ਜਪਾਉਣਾ, ਤੁਸੀਂ ਆਪ ਵੀ ਨਾਮ ਜਪਣਾ ਅਤੇ ਸੰਸਾਰ ਨੂੰ ਵੀ ਨਾਮ ਜਪਾਉਣਾ ਹੈ। ਇਸ ਨਾਲ ਤੇਰੀ ਪਦਵੀ ਹੋਰ ਵੀ ਉਚੀ ਹੋ ਜਾਵੇਗੀ।

*ਜਨੁ ਨਾਨਕੁ ਧੂੜਿ ਮੰਗੈ ਤਿਸੁ ਗੁਰਸਿਖ ਕੀ*
*ਜੋ ਆਪਿ ਜਪੈ ਅਵਰਹ ਨਾਮੁ ਜਪਾਵੈ ॥ ਅੰਗ - ੩੦੬*

ਜਦ ਪੂਰੇ ਗੁਰੂ ਦੀ ਸ਼ਰਨ ਵਿਚ ਆਇਆ ਤਾਂ ਠੱਗੀਆਂ ਕਰਨ ਵਾਲਾ, ਝੂਠ ਬੋਲਣ ਵਾਲਾ ਤੇ ਪਾਪ ਕਰਨ ਵਾਲਾ ਭਾਈ ਬੋਹੜੂ ਇਕ ਸਾਧਾਰਨ ਵਿਅਕਤੀ ਤੋਂ ਗੁਰਮੁਖ ਪਿਆਰਾ ਬਣ ਗਿਆ। ਨਾਮ ਦੀ ਐਸੀ ਲਿਵ ਲੱਗੀ ਕਿ ਨਾਮ ਜਪ ਕੇ ਸਾਰੇ ਪਾਪ ਧੋ ਦਿਤੇ। ਸੰਸਾਰ ਦਾ ਐਸਾ ਦਸਤੂਰ ਹੈ ਕਿ ਜੇਕਰ ਕਿਸੇ ਤੋਂ ਬਚਪਨ ਵਿਚ ਵੀ ਕੋਈ ਗਲਤੀ ਹੋ ਜਾਵੇ ਤਾਂ ਵੀ ਆਖੀ ਜਾਂਦੇ ਹਨ ਕਿ ਫਲਾਣਾ ਬੰਦਾ ਬਚਪਨ ਵਿਚ ਇੰਜ ਕਰਦਾ ਹੁੰਦਾ ਸੀ। ਪਰ ਉਸ ਨੇ ਤਾਂ ਪਿਛਲੇ ਜਨਮਾਂ ਵਿਚ ਵੀ ਪਤਾ ਨਹੀਂ ਕਿੰਨਾ ਕੁਛ ਕੀਤਾ ਹੋਵੇਗਾ ਤੇ ਇਸ ਜਨਮ ਦੇ ਵੀ ਬਥੇਰੇ ਪਾਪ ਸਨ, ਦੇਖੋ! ਕਿੱਥੇ ਸੀ ਤੇ ਕਿੱਥੇ ਪਹੁੰਚ ਗਿਆ? ਪ੍ਰਮੇਸ਼ਰ ਦਾ ਰੂਪ ਬਣ ਗਿਆ। ਸੋ ਸਾਧਸੰਗਤ ਜੀ! ਥੋੜ੍ਹੇ ਚਿਰ ਵਾਸਤੇ ਜੀਵਨ ਮਿਲਿਆ ਹੈ, ਲਾਹਾ ਲੈ ਕੇ ਇਸ ਨੂੰ ਸੇਵਾ ਅਤੇ ਸਿਮਰਨ ਵਿਚ ਬਤੀਤ ਕਰੋ। ਗੁਰੂ ਬਚਨਾਂ ਤੇ ਭਰੋਸਾ ਕਰੋ ਤੇ ਭੈਅ ਵਿਚ ਰਹੋ, ਉਥੇ ਕਿਸੇ ਦੀ ਲਿਹਾਜ਼ ਨਹੀਂ ਹੋਣੀ, ਸਭ ਨੂੰ ਪਾਪਾਂ ਦੇ ਅਤੇ ਕੀਤੇ ਗਲਤ ਕੰਮਾਂ ਦੇ ਲੇਖੇ ਦੇਣੇ ਪੈਣਗੇ।

*ਉਸੁ ਸਾਚੇ ਦੀਬਾਨ ਮਹਿ ਪਲਾ ਨ ਪਕਰੈ ਕੋਇ ॥*
*ਅੰਗ- ੧੩੭੫*

*ਸਾਹਿਬੁ ਰੋਸੁ ਧਰਉ ਕਿ ਪਿਆਰੁ॥ ਅੰਗ- ੩੩੮*

*ਕਰਿ ਬੰਦੇ ਤੂ ਬੰਦਗੀ ਜਿਚਰੁ ਘਟ ਮਹਿ ਸਾਹੁ॥ ਅੰਗ- ੭੨੪*

ਬੰਦਾ ਤਾਂ ਆਇਆ ਹੀ ਸੰਸਾਰ ਉਤੇ ਬੰਦਗੀ ਵਾਸਤੇ ਹੈ, ਜਿੰਨਾਂ ਚਿਰ ਸਰੀਰ ਵਿਚ ਸਾਹ ਕਾਇਮ ਹੈ ਅਖੀਰਲੇ ਸਵਾਸ ਤੱਕ ਨਾਲ ਜਪਦੇ ਰਹੋ। ਭਾਵੇਂ ਦੁਨੀਆਂ ਚੁਣ ਲਵੋ ਭਾਵੇਂ ਨਾਮ ਜਪ ਕੇ ਅੱਗਾ ਸਵਾਰ ਲਵੋ। ਜਿਸ ਨੇ ਬੰਦਗੀ ਕਰ ਲਈ, ਉਸ ਦਾ ਅੱਗੇ ਸਤਿਕਾਰ ਹੈ। ਜਿਸ ਨੇ ਨਹੀਂ ਕੀਤੀ ਉਸ ਨੂੰ ਫਿਟਕਾਰ ਹੈ। ਇਸ ਵਿਚੋਂ ਚੋਣ ਤੁਸੀਂ ਆਪ ਕਰਨੀ ਹੈ। ਧਰਮ ਦੀ ਕਿਰਤ-ਵਿਰਤ ਕਰਦੇ ਹੋਏ ਵੱਧ ਤੋਂ ਵੱਧ ਸਮਾਂ ਇਸ ਪਾਸੇ ਲਗਾਵੋ ਤਾਂਕਿ ਜੀਵਨ ਦਾ ਮਨੋਰਥ ਪੂਰਾ ਹੋ ਜਾਵੇ। ਦਰਗਾਹ ਵਿਚ ਜਾ ਕੇ ਝਿੜਕਾਂ ਨਾ ਪੈਣ ਸਗੋਂ ਜੈ-ਜੈ ਕਾਰ ਹੋਵੇ। ਜਿਹੜੇ ਕਰਮ ਪ੍ਰਾਲਬਧ ਅਨੁਸਾਰ ਆਉਂਦੇ ਹਨ ਉਹ ਭੋਗਣੇ ਹੀ ਪੈਂਦੇ ਹਨ, ਪ੍ਰਾਲਬਧ ਮੁਤਾਬਿਕ ਰਿਜ਼ਕ ਵਾਹਿਗੁਰੂ ਦਿੰਦਾ ਹੈ, ਇਸ ਦੀ ਚਿੰਤਾ ਨਾ ਕਰੋ।

*ਰੇ ਰੇ ਦਰਗਹ ਕਹੈ ਨ ਕੋਊ ॥*
*ਆਉ ਬੈਠੁ ਆਦਰੁ ਸੁਭ ਦੇਊ ॥ ਅੰਗ- ੨੫੨*

*ਕਾਹੇ ਰੇ ਮਨ ਚਿਤਵਹਿ ਉਦਮੁ*
*ਜਾ ਆਹਰਿ ਹਰਿ ਜੀਉ ਪਰਿਆ ॥*
*ਸੈਲ ਪਥਰ ਮਹਿ ਜੰਤ ਉਪਾਏ*
*ਤਾ ਕਾ ਰਿਜਕੁ ਆਗੈ ਕਰਿ ਧਰਿਆ ॥ ਅੰਗ- ੪੯੫*

ਸ਼ੁਰੂ ਵਿਚ ਹੀ ਬੇਨਤੀ ਕੀਤੀ ਸੀ ਕਿ ਸਤਿਗੁਰੂ ਜੀ ਨੇ ਆਪਣੇ ਸਿੱਖਾਂ ਤੇ ਬਖਸ਼ਿਸ਼ ਕਰਕੇ ਨਾਮ-ਦਾਨ-ਇਸ਼ਨਾਨ ਦਾ ਸੌਖਾ ਗੁਰਮਤਿ ਗਾਡੀ ਰਾਹ ਬਣਾ ਦਿਤਾ ਹੈ। ਇਸ ਮਾਰਗ ਤੇ ਸਹਿਜੇ-ਸਹਿਜੇ ਚਲਦੇ ਹੋਏ ਅਸੀਂ ਜੀਵਨ ਦਾ ਲਾਹਾ ਖੱਟ ਕੇ ਆਪਣੀ ਮੰਜ਼ਿਲ ਤੇ ਪਹੁੰਚ ਕੇ ਅਬਿਨਾਸ਼ੀ ਸੁੱਖ ਪ੍ਰਾਪਤ ਕਰ ਸਕਦੇ ਹਾਂ।

*'ਚਲਦਾ................।'*

# ਵਿਸਾਖੀ

*ਸੰਤ ਵਰਿਆਮ ਸਿੰਘ ਜੀ*
*ਬਾਨੀ ਵਿ. ਗੁ. ਰੂ. ਮਿਸ਼ਨ*

***ਸਤਿਨਾਮੁ ਸ੍ਰੀ ਵਾਹਿਗੁਰੂ,***
***ਧੰਨ ਸ੍ਰੀ ਗੁਰੂ ਨਾਨਕ ਦੇਵ ਜੀਓ ਮਹਾਰਾਜ।***

*ਡੰਡਉਤਿ ਬੰਦਨ ਅਨਿਕ ਬਾਰ ਸਰਬ ਕਲਾ ਸਮਰਥ॥*
*ਡੋਲਨ ਤੇ ਰਾਖਹੁ ਪ੍ਰਭੂ ਨਾਨਕ ਦੇ ਕਰਿ ਹਥ ॥*
*ਅੰਗ - ੨੫੬*

*ਫਿਰਤ ਫਿਰਤ ਪ੍ਰਭ ਆਇਆ ਪਰਿਆ ਤਉ ਸਰਨਾਇ ॥*
*ਨਾਨਕ ਕੀ ਪ੍ਰਭ ਬੇਨਤੀ ਅਪਨੀ ਭਗਤੀ ਲਾਇ ॥*
*ਅੰਗ - ੨੮੯*

***ਧਾਰਨਾ - ਚਕ੍ਰ ਚਿਹਨ ਬਰਨ ਰੂਪ ਤੇਰਾ,***
***ਲਖਿਆ ਨ ਜਾਵੇ ਮਾਲਕਾ।***

***ਚਕ੍ਰ ਚਿਹਨ ਅਰੁ ਬਰਨ ਜਾਤਿ***
***ਅਰੁ ਪਾਤਿ ਨਹਿਨ ਜਿਹ॥***
***ਰੂਪ ਰੰਗ ਅਰੁ ਰੇਖ ਭੇਖ***
***ਕੋਊ ਕਹਿ ਨ ਸਕਤਿ ਕਿਹ॥***
***ਅਚਲ ਮੂਰਤਿ ਅਨਭਉ ਪ੍ਰਕਾਸ ਅਮਿਤੋਜ ਕਹਿੱਜੈ॥***
***ਕੋਟਿ ਇੰਦ੍ਰ ਇੰਦ੍ਰਾਣਿ ਸਾਹਿ ਸਾਹਾਣਿ ਗਣਿੱਜੈ॥***
***ਤ੍ਰਿਭਵਣ ਮਹੀਪ ਸੁਰ ਨਰ ਅਸੁਰ***
***ਨੇਤ ਨੇਤ ਬਨ ਤ੍ਰਿਣ ਕਹਤ॥***
***ਤ੍ਵ ਸਰਬ ਨਾਮ ਕਥੈ ਕਵਨ***
***ਕਰਮ ਨਾਮ ਬਰਣਤ ਸੁਮਤਿ॥*** ***(ਜਾਪੁ ਸਾਹਿਬ)***

***ਨਾਮ ਕਾਮ ਬਿਹੀਨ ਪੇਖਤ ਧਾਮ ਹੂੰ ਨਹਿ ਜਾਹਿ॥***
***ਸਰਬ ਮਾਨ ਸਰਬੱਤ੍ਰ ਮਾਨ ਸਦੈਵ ਮਾਨਤ ਤਾਹਿ॥***
***ਏਕ ਮੂਰਤਿ ਅਨੇਕ ਦਰਸਨ ਕੀਨ ਰੂਪ ਅਨੇਕ॥***
***ਖੇਲ ਖੇਲ ਅਖੇਲ ਖੇਲਨ ਅੰਤ ਕੋ ਫਿਰ ਏਕ॥***
***(ਜਾਪੁ ਸਾਹਿਬ)***

***ਜੈਸੇ ਏਕ ਆਗ ਤੇ ਕਨੂਕਾ ਕੋਟ ਆਗ ਉਠੇ,***
***ਨਿਆਰੇ ਨਿਆਰੇ ਹੋਇ ਕੈ***
***ਫੇਰਿ ਆਗ ਮੈ ਮਿਲਾਹਿੰਗੇ॥***
***ਜੈਸੇ ਏਕ ਧੂਰ ਤੇ ਅਨੇਕ ਧੂਰ ਪੂਰਤ ਹੈਂ,***
***ਧੂਰਿ ਕੇ ਕਨੂਕਾ ਫੇਰ ਧੂਰਿ ਹੀ ਸਮਾਹਿੰਗੇ॥***
***ਜੈਸੇ ਏਕ ਨਦ ਤੇ ਤਰੰਗ ਕੋਟ ਉਪਜਤ ਹੈ***
***ਪਾਨ ਕੇ ਤਰੰਗ ਸਬੈ ਪਾਨ ਹੀ ਕਹਾਹਿੰਗੇ॥***
***ਤੈਸੇ ਬਿਸ੍ਵ ਰੂਪ ਤੇ, ਅਭੂਤ ਭੂਤ ਪ੍ਰਗਟ ਹੋਇ***
***ਤਾਹੀ ਤੇ ਉਪਜ ਸਬੈ ਤਾਹੀ ਮੈ ਸਮਾਹਿੰਗੇ॥***
***(ਅਕਾਲ ਉਸਤਤਿ)***

ਸਾਧਸੰਗਤ ਜੀ! ਗੱਜ ਕੇ ਬੋਲਣਾ ਸਤਿਨਾਮ ਸ੍ਰੀ ਵਾਹਿਗੁਰੂ। ਦੂਰ-ਦਰਾਜ਼ ਤੋਂ ਆਪ ਸਾਰੇ ਹੀ ਖਾਲਸੇ ਦਾ ਜਨਮਦਿਨ ਮਨਾਉਣ ਵਾਸਤੇ ਆਏ ਓਂ ਕਿਉਂਕਿ ਅੱਜ ਦੇ ਦਿਨ ਕੋਈ ਤਕਰੀਬਨ ਸਵਾ ਤਿੰਨ ਸੌ ਕੁ ਸਾਲ ਹੋ ਗਏ ਇਸ ਸਮੇਂ ਨੂੰ ਕਿ ਗੁਰੂ ਦਸ਼ਮੇਸ਼ ਪਿਤਾ ਨੇ ਗੁਰੂ ਨਾਨਕ ਸਾਹਿਬ ਦਾ ਜੋ ਅਰੰਭਿਆ ਹੋਇਆ ਕਾਰਜ ਸੀ, ਧਰਮ ਦਾ ਪੰਥ ਚਲਾਉਣ ਦਾ, ਉਹ ਚਲਦਾ-ਚਲਦਾ ਪੰਥ, ਹੌਲੀ-ਹੌਲੀ ਜਵਾਨ ਹੁੰਦਾ-ਹੁੰਦਾ, ਦੋ ਸੌ ਸਾਲ 'ਚ ਐਨੀ ਉਚੀ ਅਵਸਥਾ ਤੇ ਪਹੁੰਚ ਗਿਆ ਕਿ ਉਹਨੂੰ ਇਕ ਜ਼ਿੰਮੇਵਾਰੀ ਸੰਭਾਲੀ ਜਾਵੇ। ਗੁਰੂ ਸਦਾ ਨਹੀਂ ਆ ਸਕਿਆ ਕਰਦੇ, ਸੰਸਾਰ ਦੇ ਲੋਕ ਗੁਰੂਆਂ ਦੇ ਨਾਲ ਈਰਖਾ ਕਰਦੇ ਨੇ, ਵੈਰ ਕਰਦੇ ਨੇ, ਦੁੱਖ ਦਿੰਦੇ ਨੇ, ਰਾਜਸੀ ਜੋ ਸ਼ਕਤੀਆਂ ਹੋਇਆ ਕਰਦੀਆਂ ਨੇ, ਉਹ ਵੀ ਵਿਰੁੱਧ ਹੋ ਜਾਇਆ ਕਰਦੀਆਂ ਨੇ ਕਿਉਂਕਿ ਮਹਿਮਾ ਐਨੀ ਵੱਧ ਜਾਂਦੀ ਹੈ ਕਿ ਸਹੀ ਨਹੀਂ ਜਾਂਦੀ। ਸੋ ਗੁਰੂ ਦਸ਼ਮੇਸ਼ ਪਿਤਾ ਨੇ ਮਨੁੱਖ ਨੂੰ ਐਨਾ ਉੱਚਾ ਕਰਨ ਦਾ ਇਕ ਬੜਾ ਭਾਰਾ ਤਜਰਬਾ ਕੀਤਾ ਕਿ ਕੀ ਕੋਈ ਐਸਾ ਸਾਧਨ ਹੈ ਕਿ ਜਿਹਦੇ ਨਾਲ ਮਨੁੱਖ ਪ੍ਰਮੇਸ਼ਰ ਹੋ ਜਾਵੇ। ਰੱਬ ਦਾ ਰੂਪ ਧਾਰ ਲਵੇ, ਹੋਵੇ ਮਨੁੱਖ, ਪ੍ਰਕ੍ਰਿਤੀ 'ਚ ਰਹਿੰਦਾ ਹੋਵੇ, ਪੰਜਾਂ ਤੱਤਾਂ ਦੀ ਦੇਹ ਵਿਚ ਵਸਦਾ ਹੋਵੇ ਤੇ ਕੀ ਇਹ ਐਨੀ ਉਚਤਾ ਤੇ ਪਹੁੰਚ ਸਕਦਾ ਹੈ ਕਿ ਇਹ ਪ੍ਰਮੇਸ਼ਰ ਬਣ ਜਾਵੇ ਤੇ ਗੁਰੂ ਬਣ ਜਾਵੇ। ਇਹਦੀ ਜੋ ਬੁਨਿਆਦ ਸੀ ਗੁਰੂ ਨਾਨਕ ਪਾਤਸ਼ਾਹ ਤੋਂ ਹੀ ਰੱਖੀ ਗਈ। ਸੰਸਾਰ ਦੇ ਇਤਿਹਾਸ ਵਿਚ ਕੋਈ ਇਤਿਹਾਸ ਐਸਾ ਨਹੀਂ ਜਿਸ ਥਾਂ ਦੇ ਉਤੇ ਗੁਰੂ ਨੇ ਆਪਣੇ ਤੋਂ ਅਗਲੇ ਉਤਰਾਧਿਆਕਾਰੀ ਨੂੰ ਐਨਾ ਵੱਡਾ ਕਰ ਦਿਤਾ ਹੋਵੇ ਕਿ ਆਪ ਉਹਦੇ ਚਰਨਾਂ 'ਤੇ ਨਮਸ਼ਕਾਰ ਕਰ ਦੇਵੇ। ਗੁਰੂ ਨਾਨਕ ਪਾਤਸ਼ਾਹ ਜਦੋਂ ਅਕਾਲ ਪੁਰਖ ਦੀ ਦਰਗਾਹ 'ਚ ਗਏ ਤਾਂ ਅਕਾਲ ਪੁਰਖ ਨੇ ਕਿਹਾ ਹੇ ਨਾਨਕ! ਤੂੰ ਅਜੇ ਇਹ ਕੰਮ ਸ਼ੁਰੂ ਨਹੀਂ ਕਰਿਆ ਜਿਸ ਦੇ ਵਾਸਤੇ ਤੈਨੂੰ ਭੇਜਿਆ ਸੀ। ਕਹਿਣ ਲੱਗੇ, "ਹੇ ਪ੍ਰਭੂ! ਤੇਰਾ ਇਕ ਵਿਧਾਨ ਹੈ ਕਿ ਗੁਰੂ ਤੋਂ ਬਗੈਰ ਜੋ ਬੰਦਾ ਹੈ ਉਹ ਨਿਗੁਰਾ ਰਹਿੰਦਾ ਹੈ। ਸੋ ਸੰਸਾਰ ਦੇ ਅੰਦਰ ਮੈਂ ਕੋਈ ਨਹੀਂ ਦੇਖਿਆ, ਜਿਸ ਦੇ ਅੱਗੇ ਮੈਂ ਸੀਸ ਨਿਵਾ ਦੇਵਾਂ -

***ਬੀਜਉ ਸੂਝੈ ਕੋ ਨਹੀ ਬਹੈ ਦੁਲੀਚਾ ਪਾਇ ॥ ਅੰਗ - ੯੩੬***

ਸੋ ਮੈਂ ਆਪ ਦੀ ਸੇਵਾ 'ਚ ਹਾਜ਼ਰ ਹੋਇਆ ਹਾਂ। ਕਹਿਣ ਲੱਗੇ, ਹੇ ਨਾਨਕ! ਤੇਰੇ ਤੇ ਮੇਰੇ ਵਿਚ ਤਾਂ ਕੋਈ ਫਰਕ ਨਹੀਂ ਹੈ। ਤੂੰ ਤਾਂ ਮੁੱਢ ਤੋਂ ਹੀ ਗੁਰੂ ਹੈਂ, ਗੁਰੂ ਜੋਤ ਹੈਂ। ਮੈਂ ਪਾਰਬ੍ਰਹਮ ਪ੍ਰਮੇਸ਼ਰ ਹਾਂ ਤੇ ਤੂੰ ਗੁਰੂ ਪ੍ਰਮੇਸ਼ਰ। ਆਪਣੇ ਵਿਚ ਕੋਈ ਭੇਦ ਭਾਵ ਨਹੀਂ ਹੈ, ਤੂੰ ਜਾਹ, ਜਾਹ ਕੇ ਧਰਮ ਦਾ ਪੰਥ ਕਾਇਮ ਕਰ। ਦੁਨੀਆਂ ਬਹੁਤ ਗਲਤ ਹੋ ਗਈ, ਕਲਜੁੱਗ ਦਾ ਐਨਾ ਜ਼ੋਰ ਪੈ ਗਿਆ ਕਿ ਧਰਮ ਲੜਖੜਾ ਰਿਹਾ ਹੈ, ਰੋ ਰਿਹਾ ਹੈ, ਪੁਕਾਰਾਂ ਕਰ ਰਿਹਾ ਹੈ, ਧਰਤੀ ਪੁਕਾਰਾਂ ਕਰ ਰਹੀ ਹੈ, ਰੋਂਦੀ ਹੈ, ਆਵਾਜ਼ਾਂ ਆ ਰਹੀਆਂ ਨੇ ਧਰਤੀ ਦੀਆਂ। ਜੀਵ, ਜੰਤੂ

ਪਸ਼ੂ, ਮਨੁੱਖ ਸਭ ਰੋ ਰਹੇ ਨੇ ਤੇ ਮੈਂ ਇਹ ਸੰਸਾਰ ਰੋਣ ਵਾਸਤੇ ਨਹੀਂ ਸੀ ਪੈਦਾ ਕਰਿਆ। ਮੈਂ ਤਾਂ ਇਹ ਪਰਮ ਸੁੱਖ ਵਾਸਤੇ ਪੈਦਾ ਕਰਿਆ ਸੀ, ਮੈਂ ਤਾਂ ਆਪਣਾ ਥਾਉਂ ਬਣਾਇਆ ਸੀ–

***ਇਹੁ ਜਗੁ ਸਚੈ ਕੀ ਹੈ ਕੋਠੜੀ***
***ਸਚੇ ਕਾ ਵਿਚਿ ਵਾਸੁ ॥ ਅੰਗ - ੪੬੩***

ਪਰ ਆਹ ਮਨੁੱਖ ਨੇ ਕੀ ਕਰ ਦਿਤਾ ਉਸਨੂੰ ਐਨੇ ਸੁੰਦਰ ਸੰਸਾਰ ਨੂੰ। ਬਾਕੀ ਜਿੰਨੀਆਂ ਜੂਨਾਂ ਬਣਾਈਆਂ ਨੇ, ਉਨ੍ਹਾਂ ਨੇ ਤਾਂ ਮੇਰੀ ਦੁਨੀਆਂ ਨੂੰ ਬਦਸੂਰਤ ਨਹੀਂ ਕਰਿਆ, ਮੱਛੀਆਂ ਨੇ ਨਹੀਂ ਕਰਿਆ, ਦਰਖਤਾਂ ਨੇ ਨਹੀਂ ਕਰਿਆ, ਦਰਿਆਵਾਂ ਨੇ ਨਹੀਂ ਕਰਿਆ। ਪਹਾੜਾਂ ਨੇ ਨਹੀਂ ਕਰਿਆ, ਬਰਫਾਂ ਨੇ ਨਹੀਂ ਕਰਿਆ, ਹਵਾਵਾਂ ਨੇ ਵੀ ਨਹੀਂ ਕਰਿਆ, ਜੋ ਮੇਰੇ ਜਗਤ ਦੇ ਅੰਦਰ ਕੋਹਝਾਪਨ ਲਿਆਂਦਾ ਹੈ, ਹਾਇ ਕੁਰਲਾਟ ਲਿਆਂਦੀ ਹੈ, ਹਨ੍ਹੇਰਾ ਪੈਦਾ ਕੀਤਾ ਹੈ ਤਾਂ ਮੈਂ ਜਿਸਨੂੰ ਸਾਰਿਆਂ ਤੋਂ ਸ੍ਰੇਸ਼ਟ ਬਣਾਇਆ ਸੀ, 84 ਲੱਖ ਜੂਨ ਦਾ ਸਰਦਾਰ, ਉਸ ਮਨੁੱਖ ਨੇ ਪੈਦਾ ਕਰ ਦਿਤਾ। ਹੇ ਨਾਨਕ! ਉਹਨੂੰ ਸਮਝਾ ਜਾ ਕੇ, ਮੇਰਾ ਰੂਪ ਦੱਸ। ਪੱਥਰਾਂ ਨੂੰ ਮੱਥੇ ਟੇਕਣ ਲੱਗ ਗਿਆ, ਮੇਰੀਆਂ ਬਣੀਆਂ ਹੋਈਆਂ ਚੀਜ਼ਾਂ ਨੂੰ ਮੱਥੇ ਟੇਕਣ ਲਗ ਗਿਆ ਤੇ ਮੈਨੂੰ ਭੁੱਲ ਗਿਆ। ਦੇਵਤੇ, ਮੈਂ ਸ਼ਕਤੀਆਂ ਬਣਾਈਆਂ ਨੇ ਉਨ੍ਹਾਂ ਨੂੰ ਪੂਜਣ ਲੱਗ ਗਿਆ। ਉਹਨੂੰ ਦੱਸ ਕਿ ਉਦੋਂ ਤੱਕ ਉਹਦੀ ਕਲਿਆਣ ਨਹੀਂ ਹੋਣੀ ਜਦੋਂ ਤੱਕ ਉਹ ਇਕ ਪ੍ਰਭੂ ਨੂੰ ਨਹੀਂ ਮੰਨਦਾ। ਹੇ ਪ੍ਰਭੂ! ਤੇਰਾ ਸਰੂਪ ਤਾਂ ਬੇਅੰਤ ਹੈ, ਬੇਅੰਤ ਹੈ, ਇਹਦੀ ਕੀਮਤ ਨਹੀਂ ਪੈ ਸਕਦੀ, ਮੈਂ ਕੀ ਦੱਸਾਂ ਸੰਸਾਰ ਨੂੰ। ਕਹਿੰਦੇ, ਹੇ ਨਾਨਕ! ਮੈਂ ਆਪਣਾ ਸਰੂਪ ਦੱਸਦਾ ਹਾਂ –

***ੴ ਸਤਿ ਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ***
***ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ ॥***
***॥ ਜਪੁ ॥***

ਹੇ ਨਾਨਕ! ਤੂੰ ਇਸ ਦੇ ਉਪਰ ਆਪਣੀ ਮੋਹਰ ਲਾ। ਮਹਾਰਾਜ ਨੇ ਫੁਰਮਾਇਆ –

***ਆਦਿ ਸਚੁ ਜੁਗਾਦਿ ਸਚੁ ॥***
***ਹੈ ਭੀ ਸਚੁ ਨਾਨਕ ਹੋਸੀ ਭੀ ਸਚੁ ॥ ੧ ॥***

ਹੇ ਨਾਨਕ! ਏਸ ਮੰਤਰ ਨੂੰ, ਏਸ ਸਰੂਪ ਨੂੰ ਜੋ ਹਿਰਦੇ ਵਿਚ ਵਸਾਏਗਾ। ਉਹ ਮੇਰੇ ਵਰਗਾ ਹੋ ਜਾਏਗਾ, ਜੋ ਖਾਸ ਸਚਖੰਡ ਹੈ, ਉਹਦੇ ਵਿਚ ਆ ਕੇ ਉਹਦਾ ਨਿਵਾਸ ਹੋਏਗਾ। ਇਸ ਵਿਚ ਭੋਰਾ ਜਿੰਨਾ ਵੀ ਫਰਕ ਨਹੀਂ ਹੈ। ਜਿਸਦੇ ਹਿਰਦੇ 'ਚ ਮੇਰਾ ਇਹ ਨਿਰਗੁਨ ਸਰੂਪ ਵਸ ਗਿਆ, ਉਹ ਮੇਰੇ ਕੋਲ ਆਏਗਾ ਤੇ ਮੈਂ ਉਹਨੂੰ ਆਪ ਲੈ ਕੇ ਆਵਾਂਗਾ ਤੇ ਉਸਦੇ ਕੰਮ ਮੈਂ ਕਰਾਂਗਾ, ਸੰਸਾਰ ਦੇ ਅੰਦਰ ਸਾਰੇ। ਸੋ ਤੂੰ ਧਰਮ ਦਾ ਪੰਥ ਚਲਾ, ਮਨੁੱਖਾਂ ਨੂੰ ਦੱਸ ਜਾ ਕੇ। ਪਾਤਸ਼ਾਹ! ਤੂੰ ਹਉਮੈ ਪੈਦਾ ਕੀਤੀ ਹੈ ਜਗਤ ਦੇ ਅੰਦਰ। ਜਦੋਂ ਤੂੰ ਇਕ ਮੂਰਤ ਤੋਂ ਅਨੇਕਾਂ ਮੂਰਤਾਂ ਧਾਰਨ ਕਰੀਆਂ ਨੇ, ਵਿਚਾਲੇ ਹਉਮੈ ਦੇ ਪੜਦੇ ਪਾ ਦਿਤੇ। ਉਹ ਕਿਸ ਤਰ੍ਹਾਂ ਦੇ ਨਾਲ ਦੂਰ ਹੋਣਗੇ? ਕਹਿੰਦੇ, ਹੇ ਨਾਨਕ! ਮੈਂ ਤੈਨੂੰ ਆਪਣਾ ਨਾਮ ਦਿੰਦਾ ਹਾਂ, ਨਾਮ ਦਾ ਪਿਆਲਾ, ਦੱਸ ਸੰਸਾਰ ਨੂੰ ਜਾ ਕੇ ਕਿ ਵਾਹਿਗੁਰੂ ਮੰਤਰ ਦਾ ਜਾਪ ਕਰਨ।

***ਵਾਹਿਗੁਰੂ ਗੁਰਮੰਤ੍ਰ ਹੈ ਜਪਿ ਹਉਮੈ ਖੋਈ॥***
***ਭਾਈ ਗੁਰਦਾਸ ਜੀ ਵਾਰ 13/2***

ਲੇਕਿਨ ਇਹ ਵਾਹਿਗੁਰੂ ਮੰਤ੍ਰ ਓਨਾਂ ਚਿਰ ਫਲੀਭੂਤ ਨਹੀਂ ਹੋਣਾ, ਜਦੋਂ ਤੱਕ ਕਿਸੇ ਸਮਰੱਥ ਗੁਰੂ ਦੇ ਮੁਖਾਰਬਿੰਦ ਤੋਂ ਕੰਨਾਂ ਦੇ ਰਾਹੀਂ ਹੁੰਦਾ ਹੋਇਆ ਹਿਰਦੇ 'ਚ ਤੇ ਉਸ ਤੋਂ ਪਲਟ ਕੇ ਦਸਵੇਂ ਦੁਆਰ ਤੱਕ ਨਾ ਪਹੁੰਚੇ, ਉਨਾਂ ਚਿਰ ਹਉਮੈ ਦਾ ਰੋਗ ਕੱਟਿਆ ਨਹੀਂ ਜਾਣਾ। ਜਾਹ ਸੰਸਾਰ ਦੇ ਅੰਦਰ ਜਾ ਕੇ ਭੁੱਲੇ ਭਟਕੇ ਮਨੁੱਖਾਂ ਨੂੰ ਰਸਤੇ ਪਾ। ਗੁਰੂ ਨਾਨਕ ਪਾਤਸ਼ਾਹ ਨੌਂ ਰੂਪ ਧਾਰ ਚੁੱਕੇ ਨੇ। ਦੇਹੀ ਬਦਲ ਜਾਂਦੀ ਹੈ, ਰਹਿੰਦੀ ਗੁਰੂ ਜੋਤ ਓਹੀ ਹੈ। ਸਰੀਰ ਬਦਲਦੇ-ਬਦਲਦੇ ਅੱਜ ਦਸਵੇਂ ਜਾਮੇ ਤੱਕ ਪਹੁੰਚ ਗਏ ਤੇ ਹੁਣ ਸਮਾਂ ਆਇਆ ਕਿ ਗੁਰੂ ਜੋਤ ਨੇ ਪਰੀਪੂਰਨ ਹੋ ਜਾਣਾ ਹੈ, ਨਿਰਗੁਣ ਸਰੂਪ ਦੇ ਅੰਦਰ। ਉਸ ਵੇਲੇ ਇਕ ਜ਼ਿੰਮੇਵਾਰੀ ਸੰਭਾਲਣੀ ਸੀ। ਉਹ ਸੀ ਕਿ ਕਿਸ ਤਰ੍ਹਾਂ ਦੇ ਨਾਲ ਆਮ ਪੱਧਰ ਦੇ ਮਨੁੱਖ, ਦੂਸਰੇ ਦੇ ਅੰਦਰ ਏਸ ਮੰਤਰ ਦਾ ਪ੍ਰਵੇਸ਼ ਕਰਾ ਸਕਣ।

ਸੋ ਅੱਜ ਆਪ ਏਸ ਗੱਲ ਨੂੰ ਸਮਝਣ ਵਾਸਤੇ ਆਏ ਓਂ, ਪਹਿਲਾਂ ਇਹ ਸਮਝਣ ਦਾ ਯਤਨ ਕਰੋ, ਜਿਸਨੂੰ ਅਸੀਂ ਅੰਮ੍ਰਿਤ ਕਹਿੰਦੇ ਹਾਂ, ਇਹ ਹੁੰਦਾ ਕੀ ਹੈ? ਉਹ ਕਿੱਥੋ ਮਿਲਦਾ ਹੈ? ਕੋਈ ਹੈ ਤਰੀਕਾ? ਉਹਦੇ ਬਾਰੇ ਇਸ ਤਰ੍ਹਾਂ ਦੇ ਨਾਲ ਸਾਰੇ ਪੜ੍ਹ ਲਓ–

***ਧਾਰਨਾ – ਉਹ ਅੰਮ੍ਰਿਤ ਗੁਰਾਂ ਤੋਂ ਮਿਲਦੈ,***
***ਜਿਹਨੂੰ ਲੋਚਣ ਦੇਵਤੇ।***

***ਸੁਰਿ ਨਰ ਮੁਨਿ ਜਨ ਅੰਮ੍ਰਿਤੁ ਖੋਜਦੇ***
***ਸੁ ਅੰਮ੍ਰਿਤੁ ਗੁਰ ਤੇ ਪਾਇਆ ॥***
***ਪਾਇਆ ਅੰਮ੍ਰਿਤੁ ਗੁਰਿ ਕ੍ਰਿਪਾ ਕੀਨੀ***
***ਸਚਾ ਮਨਿ ਵਸਾਇਆ ॥ ਅੰਗ – ੯੧੮***

ਗੁਰੂ ਨੇ ਕ੍ਰਿਪਾ ਕਰ ਦਿਤੀ ਤੇ ਜਦੋਂ ਕ੍ਰਿਪਾ ਹੋਈ ਤਾਂ ਸੱਚਾ ਵਾਹਿਗੁਰੂ ਮਨ ਦੇ ਅੰਦਰ ਵਸ ਗਿਆ।

***ਜੀਅ ਜੰਤ ਸਭਿ ਤੁਧੁ ਉਪਾਏ***
***ਇਕਿ ਵੇਖਿ ਪਰਸਣਿ ਆਇਆ ॥ ਅੰਗ – ੯੧੮***

ਜਦੋਂ ਅੰਮ੍ਰਿਤ ਛਕ ਲਿਆ, ਫੇਰ ਕੋਈ ਪਰਿਵਰਤਨ ਹੋਇਆ ਕਿ ਉਹੋ ਜਿਹਾ ਹੀ ਬੰਦਾ ਰਿਹਾ? ਆਹ ਜਿਹੜੇ ਹੁੰਦੇ ਨੇ ਭੇਡਾਂ ਚਾਰਨ ਵਾਲੇ, ਜਦੋਂ ਇਹ ਇਕੱਠੇ ਹੋ ਕੇ ਪਹਾੜਾਂ ਤੇ ਜਾਂਦੇ ਨੇ ਤਾਂ ਹਜ਼ਾਰ-ਹਜ਼ਾਰ ਭੇਡ ਹੁੰਦੀ ਹੈ, ਦੋ-ਦੋ ਹਜ਼ਾਰ ਇਨ੍ਹਾਂ ਦੀ। ਆਮ ਤਾਂ ਪਛਾਣ ਨਹੀਂ ਹੁੰਦੀ, ਇਹ ਫੇਰ ਉਨ੍ਹਾਂ ਭੇਡਾਂ ਤੇ ਰੰਗ ਪਾ ਦਿੰਦੇ ਨੇ, ਕੋਈ ਪੀਲਾ ਪਾ ਦਿੰਦਾ ਹੈ, ਕੋਈ ਹਰਾ ਪਾ ਦਿੰਦਾ ਹੈ, ਕੋਈ ਕਾਸ਼ਨੀ ਪਾ ਦਿੰਦਾ ਹੈ, ਕੋਈ ਜਾਮਣੂ ਪਾ ਦਿੰਦਾ ਹੈ, ਕੋਈ ਨੀਲਾ ਪਾ ਦਿੰਦਾ ਹੈ, ਕੋਈ ਕਾਲਾ ਪਾ ਦਿੰਦਾ ਹੈ। ਰੰਗ ਤਾਂ ਪੈ ਜਾਂਦਾ ਹੈ ਭੇਡਾਂ ਦੇ ਉਤੇ, ਲੇਕਿਨ ਮੈਂ-ਮੈਂ ਉਹੀ, ਸਾਰੀ ਗੱਲ ਓਹੀ। ਉਹੀ ਰਹਿੰਦੀ ਹੈ ਸਾਰੀ

ਚੀਜ਼। ਫੇਰ ਜੇ ਅੰਮ੍ਰਿਤ ਛਕ ਲਿਆ ਪਰ ਜੇ ਬੰਦਾ ਓਹੋ ਜਿਹਾ ਹੀ ਰਹਿੰਦਾ ਹੈ, ਫੇਰ ਤਾਂ ਇਕ ਵਾਧੂ ਦਾ ਬੋਝ ਹੋ ਗਿਆ, ਆਪਣੇ ਆਪ ਨੂੰ ਬੰਧਨ 'ਚ ਪਾ ਲਿਆ। ਜੇ ਬੰਦੇ ਨੇ ਬਦਲਣਾ ਹੀ ਨਹੀਂ ਹੈ, ਓਹੀ ਲੋਭ ਹੈ, ਓਹੀ ਕ੍ਰੋਧ ਹੈ, ਓਹੀ ਹੰਕਾਰ ਹੈ, ਓਹੀ ਮੋਹ ਹੈ, ਓਹੀ ਤ੍ਰਿਸ਼ਨਾ ਹੈ, ਉਹ ਈਰਖਾ ਹੈ, ਤਾਂ ਭੇਡਾਂ ਤੇ ਰੰਗ ਪਾਉਣ ਵਾਲੀ ਗੱਲ ਹੋ ਗਈ। ਜੇ ਬੰਦਾ ਬਦਲ ਜਾਵੇ, ਕਾਇਆ ਕਲਪ ਹੋ ਜਾਵੇ, ਫੇਰ ਫਾਇਦਾ ਹੈ। ਮਹਾਰਾਜ ਕਹਿੰਦੇ ਜਦੋਂ ਅੰਮ੍ਰਿਤ ਮਿਲ ਜਾਂਦਾ ਹੈ, ਫੇਰ ਕੀ ਹੁੰਦਾ ਹੈ -

*ਲਬੁ ਲੋਭੁ ਅਹੰਕਾਰੁ ਚੂਕਾ ਸਤਿਗੁਰੂ ਭਲਾ ਭਾਇਆ॥*
*ਕਹੈ ਨਾਨਕੁ ਜਿਸ ਨੋ ਆਪਿ ਤੁਠਾ*
*ਤਿਨਿ ਅੰਮ੍ਰਿਤੁ ਗੁਰ ਤੇ ਪਾਇਆ ॥* *ਅੰਗ - ੯੧੮*

ਚੀਜ਼ਾਂ ਜੋੜੀ ਜਾਣੀਆਂ ਇਹਨੂੰ ਲਭ ਕਹਿੰਦੇ ਨੇ, ਵਰਤੋਂ 'ਚ ਆਉਂਦੀਆਂ ਨਹੀਂ, ਲਿਆ-ਲਿਆ ਜਮ੍ਹਾਂ ਕਰੀ ਜਾਣੇ, ਟਰੰਕ ਭਰੀ ਜਾਣੇ। ਬਹੁਤ ਸਾਰੇ ਐਸੇ ਦੇਖੇ ਨੇ, ਬੀਬੀਆਂ ਖਾਸ ਕਰਕੇ, ਸੰਦੂਕ ਭਰ ਲੈਂਦੀਆਂ ਨੇ, ਦਾਦੀ ਦੇ ਵੀ ਕੱਪੜੇ ਪਏ ਨੇ, ਸੱਸ ਦੇ ਵੀ ਪਏ ਨੇ, ਆਪ ਦੇ ਵੀ ਪਏ ਨੇ, ਪਤਾ ਨਹੀਂ ਉਨ੍ਹਾਂ ਦਾ ਕੀ ਕਰਨਾ ਹੈ, ਬਾਹਰ ਨਹੀਂ ਕੱਢਣਾ, ਉਨ੍ਹਾਂ ਨੂੰ ਵਰਤੋਂ 'ਚ ਨਹੀਂ ਲਿਆਉਣਾ। ਉਹਨੂੰ ਲਭ ਕਹਿੰਦੇ ਨੇ, ਲੋੜ ਤੋਂ ਜ਼ਿਆਦਾ ਚੀਜ਼ ਜਮ੍ਹਾਂ ਕਰ ਲੈਣੀ। ਲੋਭ ਹੁੰਦਾ ਹੈ ਚੀਜ਼ਾਂ ਹਾਸਲ ਕਰਨ ਦਾ ਹਰ ਵਕਤ ਫੁਰਨਾ ਰਹਿਣਾ ਕਿ ਹੋਰ ਮਿਲੇ, ਹੋਰ ਮਿਲੇ। ਅਭਿਮਾਨ ਜਿਹੜਾ ਹੈ ਆਦਮੀ ਦੇ ਅੰਦਰ, ਮੈਂ, ਹੰਗਤਾ ਤੇ ਮਮਤਾ ਜਿਹਦੇ ਕਰਕੇ ਅਸੀਂ 84 ਦੇ ਚੱਕਰ 'ਚ ਘੁੰਮਦੇ ਹਾਂ। ਮੋਹ - ਆਪਣੇ ਪਰਿਵਾਰ ਦਾ ਮੋਹ ਕਰਨਾ, ਬੱਚਿਆਂ ਦਾ ਮੋਹ ਕਰਨਾ, ਮੋਹ ਦੇ ਵਿਚ ਪ੍ਰਮੇਸ਼ਰ ਨੂੰ ਭੁੱਲ ਜਾਣਾ। ਸੋ ਇਹ ਸਾਰੀਆਂ ਚੀਜ਼ਾਂ - ਕਾਮ, ਕ੍ਰੋਧ, ਲੋਭ, ਮੋਹ ਅਹੰਕਾਰ, ਈਰਖਾ, ਨਿੰਦਿਆ, ਚੁਗਲੀ, ਵਖੀਲੀ, ਮਹਾਰਾਜ ਕਹਿੰਦੇ ਇਹ ਤਾਂ ਜਦੋਂ ਅੰਮ੍ਰਿਤ ਦਾ ਪ੍ਰਵੇਸ਼ ਹਿਰਦੇ 'ਚ ਹੋ ਜਾਂਦਾ ਹੈ, ਓਸ ਵੇਲੇ ਇਹ ਖਤਮ ਹੋ ਜਾਂਦੀਆਂ ਨੇ -

*ਲਬੁ ਲੋਭੁ ਅਹੰਕਾਰੁ ਚੂਕਾ ਸਤਿਗੁਰੂ ਭਲਾ ਭਾਇਆ॥*
*ਅੰਗ - ੯੧੮*

ਦੂਸਰੀ ਗੱਲ ਕੀ ਹੁੰਦੀ ਹੈ ਸਤਿਗੁਰੂ ਦੀ ਦ੍ਰਿਸ਼ਟੀ ਹੋ ਜਾਂਦੀ ਹੈ ਉਹਦੇ ਉਤੇ। ਉਹ ਭਾਅ ਗਿਆ ਗੁਰੂ ਨੂੰ, ਤੇ ਭਲਾ ਭਾਇਆ।

*ਕਹੈ ਨਾਨਕੁ ਜਿਸ ਨੋ ਆਪਿ ਤੁਠਾ.........॥* *ਅੰਗ - ੯੧੮*

ਇਹ ਅੰਮ੍ਰਿਤ ਹਰੇਕ ਨੂੰ ਤਾਂ ਮਿਲਦਾ ਨਹੀਂ, ਜਿਹਦੇ ਉਤੇ ਵਾਹਿਗੁਰੂ ਦਇਆਲ ਹੋ ਜਾਵੇ -

*.......ਤਿਨਿ ਅੰਮ੍ਰਿਤੁ ਗੁਰ ਤੇ ਪਾਇਆ ॥* *ਅੰਗ - ੯੧੮*

***ਧਾਰਨਾ - ਜਿਹਦੇ ਮਸਤਕਿ ਹੋਵੇ ਲਿਖਿਆ,***
***ਅੰਮ੍ਰਿਤ ਪੀਵੈ ਰੰਗ ਸਿਉਂ।***

'ਰੰਗ' ਕਹਿੰਦੇ ਨੇ ਪਿਆਰ ਨੂੰ। ਪਿਆਰ ਦੇ ਨਾਲ ਉਹ ਅੰਮ੍ਰਿਤ ਪੀਂਦਾ ਹੈ।

*ਜਿਨ ਵਡਿਆਈ ਤੇਰੇ ਨਾਮ ਕੀ ਤੇ ਰਤੇ ਮਨ ਮਾਹਿ ॥*
*ਨਾਨਕ ਅੰਮ੍ਰਿਤੁ ਏਕੁ ਹੈ ਦੂਜਾ ਅੰਮ੍ਰਿਤੁ ਨਾਹਿ ॥*
*ਨਾਨਕ ਅੰਮ੍ਰਿਤੁ ਮਨੈ ਮਾਹਿ ਪਾਈਐ ਗੁਰ ਪਰਸਾਦਿ ॥*
*ਤਿਨ੍ਹੀ ਪੀਤਾ ਰੰਗ ਸਿਉ ਜਿਨ੍ ਕਉ ਲਿਖਿਆ ਆਦਿ ॥*
*ਅੰਗ - ੧੨੩੮*

ਕਿੱਡੀ ਵੱਡੀ ਮਹਾਰਾਜ ਨੇ ਸੇਧ ਦਿਤੀ ਸਾਨੂੰ ਕਿ ਅੰਮ੍ਰਿਤ ਓਹੀ ਪੀਂਦਾ ਹੈ ਜਿਹਦੇ ਮੱਥੇ ਵਿਚ ਲੇਖ ਲਿਖਿਆ ਹੋਵੇ। ਜਦੋਂ ਪੈਦਾ ਹੋਇਆ ਉਸ ਵੇਲੇ ਹੀ ਉਹਦੇ ਮਸਤਕ ਦੇ ਉਤੇ ਲੇਖ ਹੋ ਗਿਆ। ਫੇਰ ਇਹ ਹੁੰਦਾ ਹੈ ਕਿ ਅਸੀਂ ਤਾਂ ਇਥੇ ਸਾਰੇ ਹੀ ਪੀਈ ਜਾਂਦੇ ਹਾਂ ਅੰਮ੍ਰਿਤ, ਛਕੀ ਜਾਂਦੇ ਹਾਂ ਸਾਰੇ। ਫੇਰ ਕੋਈ ਗੱਲ ਹੋਰ ਹੈ, ਇਹਦੇ ਵਿਚ ਭੇਤ ਹੋਰ ਹੈ। ਉਹ ਗੱਲ ਸਾਨੂੰ ਸਮਝਣੀ ਚਾਹੀਦੀ ਹੈ। ਉਹਦੇ ਬਾਰੇ ਮਹਾਰਾਜ ਫੁਰਮਾਨ ਕਰਦੇ ਨੇ ਕਿ ਗੱਲ ਸਮਝੋ ਪ੍ਰੇਮੀਓ!

***ਧਾਰਨਾ - ਸੁਣ ਮੇਰੇ ਮਨਾ***
***ਅੰਮ੍ਰਿਤ ਹਰਿ ਹਰਿ ਨਾਮ ਹੈ।***

*ਅੰਮ੍ਰਿਤੁ ਹਰਿ ਹਰਿ ਨਾਮੁ ਹੈ ਮੇਰੀ ਜਿੰਦੁੜੀਏ*
*ਅੰਮ੍ਰਿਤੁ ਗੁਰਮਤਿ ਪਾਏ ਰਾਮ ॥*
*ਹਉਮੈ ਮਾਇਆ ਬਿਖੁ ਹੈ ਮੇਰੀ ਜਿੰਦੁੜੀਏ*
*ਹਰਿ ਅੰਮ੍ਰਿਤਿ ਬਿਖੁ ਲਹਿ ਜਾਏ ਰਾਮ ॥* *ਅੰਗ - ੫੩੮*

ਮਹਾਰਾਜ ਨੇ ਗੱਲ ਸਮਝਾ ਦਿਤੀ ਕਿ ਐਵੇਂ ਭੁਲੇਖਿਆਂ 'ਚ ਨਾ ਪਵੋ, ਪਹਿਲਾਂ ਅੰਮ੍ਰਿਤ ਨੂੰ ਸਮਝ ਲਵੋ ਕਿ ਅੰਮ੍ਰਿਤ ਹੈ ਕੀ ਚੀਜ਼। ਮਹਾਰਾਜ ਕਹਿੰਦੇ, ਅੰਮ੍ਰਿਤ ਜਿਹੜਾ ਹੈ ਉਹ ਪ੍ਰਮੇਸ਼ਰ ਦਾ ਨਾਮ ਹੈ। ਮਿਲਦਾ ਕਿੱਥੋਂ ਹੈ ਕਹਿੰਦੇ ਗੁਰੂ ਦੀ ਮੱਤ ਧਾਰਨ ਕਰਕੇ ਮਿਲਦਾ ਹੈ। ਕੰਮ ਕੀ ਕਰਦਾ ਹੈ? ਕਹਿੰਦੇ, ਹਉਮੈ ਤੇ ਮਾਇਆ ਦੀ ਵਿਹੁ ਚੜ੍ਹੀ ਹੋਈ ਹੈ ਮਨੁੱਖ ਨੂੰ ਤੇ ਵਿਹੁ ਚੜ੍ਹੇ ਹੋਏ ਆਪਣੀ ਹੋਸ਼-ਹਵਾਸ਼ ਗਵਾਈ ਬੈਠਾ ਹੈ। ਕਹਿੰਦੇ, ਜਦੋਂ ਅੰਮ੍ਰਿਤ ਇਹਦੇ ਅੰਦਰ ਪ੍ਰਗਟ ਹੋ ਜਾਏਗਾ, ਓਸ ਵੇਲੇ ਦੋਵੇਂ ਜ਼ਹਿਰਾਂ ਲਹਿ ਜਾਣਗੀਆਂ। ਹਉਮੈ ਦੀ ਜ਼ਹਿਰ ਲਹਿ ਜਾਏਗੀ ਤੇ ਮਾਇਆ ਦੀ ਲਹਿ ਜਾਏਗੀ। ਆਹ ਤਾਂ ਬਹੁਤ ਔਖੀ ਗੱਲ ਕਹਿ ਦਿਤੀ ਮਹਾਰਾਜ ਨੇ। ਬੁਝਾਰਤ ਪਾ ਦਿਤੀ ਸਾਨੂੰ ਇਕ ਜ਼ਬਰਦਸਤ। ਬਈ ਗੱਲ ਕੀ ਹੋਈ, ਨਾਮ ਕਿੱਥੇ ਹੋਇਆ? ਮਹਾਰਾਜ ਕਹਿੰਦੇ -

*ਨਉ ਨਿਧਿ ਅੰਮ੍ਰਿਤੁ ਪ੍ਰਭ ਕਾ ਨਾਮੁ ॥*
*ਦੇਹੀ ਮਹਿ ਇਸ ਕਾ ਬਿਸ੍ਰਾਮੁ ॥*
*ਸੁੰਨ ਸਮਾਧਿ ਅਨਹਤ ਤਹ ਨਾਦ ॥*
*ਕਹਨੁ ਨ ਜਾਈ ਅਚਰਜ ਬਿਸਮਾਦ ॥* *ਅੰਗ - ੨੯੩*

ਆਹ ਜਿਹੜਾ ਸਰੀਰ ਲਈ ਫਿਰਦੇ ਹਾਂ ਨਾ ਪੰਜ ਤੱਤ ਦਾ ਆਪਾਂ, ਸੁਣਦੇ ਸੀਗੇ ਅੱਗੇ ਕਿ ਰਾਵਣ ਕੋਲ ਅੰਮ੍ਰਿਤ ਸੀ, ਰਾਮਚੰਦਰ ਤੀਰ ਮਾਰੀ ਗਏ, ਰਾਵਣ ਮਰਿਆ ਹੀ ਨਾ। ਅਖੀਰ ਭਬੀਖਣ ਨੇ ਦੱਸ ਦਿਤਾ ਕਿ ਹੇ ਪ੍ਰਭੂ! ਇਹਦੇ ਕੋਲ ਅੰਮ੍ਰਿਤ ਦਾ ਕੁੰਡ ਹੈ, ਇਹਨੇ ਪ੍ਰਗਟ ਕਰ ਲਿਆ ਅੰਦਰ ਅੰਮ੍ਰਿਤ ਦਾ ਕੁੰਡ। ਜਦੋਂ ਤੱਕ ਉਹ ,ਅੰਮ੍ਰਿਤ ਦਾ ਕੁੰਡ ਨਹੀਂ ਤਬਾਹ ਹੁੰਦਾ ਓਨੀਂ

ਦੇਰ ਤੱਕ ਇਹਨੇ ਮਰਨਾ ਨਹੀਂ ਹੈ। ਆਦਮੀ ਹੈਰਾਨ ਹੁੰਦਾ ਹੈ ਕਿ ਉਹਦੇ ਕੋਲ ਅੰਮ੍ਰਿਤ ਦਾ ਕੁੰਡ ਕਿੱਥੇ ਰੱਖਿਆ ਹੋਇਆ ਸੀ? ਮਹਾਰਾਜ ਕਹਿੰਦੇ, ਉਹਦੇ ਕੋਲ ਹੀ ਨਹੀਂ, ਤੁਹਾਡੇ ਸਾਰਿਆਂ ਕੋਲ ਹੈ ਅੰਮ੍ਰਿਤ ਦਾ ਕੁੰਡ। ਜਿਹਦੇ ਕੋਲ ਇਹ ਪ੍ਰਗਟ ਹੋ ਗਿਆ ਉਹ ਦੁਬਾਰਾ ਨਹੀਂ ਮਰਿਆ ਕਰਦਾ।

ਮਰਦਾ ਨਹੀਂ ਹੈ ਕਦੇ ਵੀ ਮੁੜ ਕੇ, ਕਿਉਂਕਿ ਅੰਮ੍ਰਿਤ ਦੀ ਇਹ ਨਿਸ਼ਾਨੀ ਹੈ ਕਿ ਮੌਤ ਦੇ ਉਤੇ ਫਤਹਿ ਕਰਕੇ ਅੰਮ੍ਰਿਤ ਬਣ ਜਾਂਦਾ ਹੈ। ਨਾ ਮਰਨ ਵਾਲਾ ਬੰਦਾ। ਸੋ ਮਹਾਰਾਜ ਨੇ ਦੱਸ ਦਿਤਾ ਕਿ ਭਾਈ ਹੈ ਤੇਰੇ ਅੰਦਰ –

*ਨਉ ਨਿਧਿ ਅੰਮ੍ਰਿਤੁ ਪ੍ਰਭ ਕਾ ਨਾਮੁ ॥*
*ਦੇਹੀ ਮਹਿ ਇਸ ਕਾ ਬਿਸ੍ਰਾਮੁ ॥* *ਅੰਗ – ੨੯੩*

ਆਹ ਪੰਜ ਤੱਤਾਂ ਦੀ ਦੇਹੀ ਦੇ ਵਿਚ ਅੰਮ੍ਰਿਤ ਪਿਆ ਹੈ। ਨਿਸ਼ਾਨੀ ਹੈ ਮਹਾਰਾਜ ਕੋਈ? ਮਹਾਰਾਜ ਕਹਿੰਦੇ ਹਾਂ, ਉਥੇ ਜਦੋਂ ਅੰਮ੍ਰਿਤ ਪ੍ਰਗਟ ਹੋਣਾ ਹੈ, ਫੇਰ ਫੁਰਨਾ ਹਟ ਜਾਣਾ ਹੈ, ਕੋਈ ਫੁਰਨਾ ਨਹੀਂ ਕਰਨਾ, ਕੋਈ ਕਲਪਨਾ ਨਹੀਂ ਆਉਣੀ। ਸਾਰੀ ਦੁਨੀਆਂ ਦੇ ਝਗੜੇ ਖਤਮ ਹੋ ਜਾਣੇ ਨੇ।

*ਸੁੰਨ ਸਮਾਧਿ ਅਨਹਤ ਤਹ ਨਾਦ ॥*
*ਕਹਨੁ ਨ ਜਾਈ ਅਚਰਜ ਬਿਸਮਾਦ ॥* *ਅੰਗ – ੨੯੩*

ਐਨਾ ਅਨੰਦ ਆਉਣਾ ਹੈ ਜਿਹੜਾ ਦੱਸ ਨਹੀਂ ਸਕਿਆ ਜਾਣਾ। ਜਿਨ੍ਹਾਂ ਨੂੰ ਇਸ ਗੱਲ ਦਾ ਸ਼ੌਕ ਹੈ ਕਿ ਅੰਮ੍ਰਿਤ ਕਿਵੇਂ ਪ੍ਰਗਟ ਕਰੀਏ, ਉਹ ਤਰੀਕਾ ਗੁਰੂ ਦਸ਼ਮੇਸ਼ ਪਿਤਾ ਨੇ ਸਾਡੇ ਵਾਸਤੇ ਲਿਆਂਦਾ ਕਿ ਅੰਮ੍ਰਿਤ ਅਸੀਂ ਕਿਵੇਂ ਅੰਦਰੋਂ ਕੱਢ ਸਕਦੇ ਹਾਂ। ਮਹਾਰਾਜ ਕਹਿੰਦੇ ਅੰਦਰ ਖੂਹ ਭਰਿਆ ਹੋਇਆ ਹੈ ਅੰਮ੍ਰਿਤ ਦਾ, ਉਹ ਕੱਢ-ਕੱਢ ਕੇ ਜਿਵੇਂ ਪਾਣੀ ਕੱਢਣ ਵਾਲੀ ਡੋਲ ਪਾਉਂਦੀ ਹੈ ਲੱਜ ਦੇ ਨਾਲ ਖਿੱਚੀ ਜਾਂਦੀ ਹੈ ਤੇ ਪਾਣੀ ਪੀ ਕੇ ਪਿਆਸ ਬੁਝਾਉਂਦੀ ਹੈ। ਇਸੇ ਤਰ੍ਹਾਂ ਇਕ ਤਰੀਕਾ ਦੱਸਿਆ ਹੈ ਮਹਾਰਾਜ ਨੇ ਕਿ ਇਕ ਜੁਗਤ ਹੈਗੀ ਜਦੋਂ ਤੱਕ ਉਹ ਜੁਗਤ ਨਹੀਂ ਵਰਤਦੇ ਓਨੀਂ ਦੇਰ ਤੱਕ ਉਹ ਅੰਮ੍ਰਿਤ ਪ੍ਰਗਟ ਨਹੀਂ ਹੁੰਦਾ। ਆਪਾਂ ਓਸ ਜੁਗਤ ਦਾ ਜ਼ਿਕਰ ਕਰਨਾ ਹੈ। ਸੋ ਗੁਰੂ ਦਸ਼ਮੇਸ਼ ਪਿਤਾ ਨੇ ਅੱਜ ਦੇ ਦਿਨ ਇਹ ਜੁਗਤ ਖਾਲਸੇ ਨੂੰ ਦੱਸੀ।

ਵਿਸਾਖੀ ਜਿਹੜੀ ਹੈ ਸਾਧਸੰਗਤ ਜੀ! ਇਹ ਸ਼ੁਰੂ ਤੋਂ ਹੀ ਬਹੁਤ ਵੱਡਾ ਤਿਉਹਾਰ ਚਲਿਆ ਆ ਰਿਹਾ ਹੈ। ਫਸਲਾਂ ਦਾ ਤਿਉਹਾਰ ਤਾਂ ਇਹ ਹੈਗਾ ਹੀ ਹੈਗਾ, ਕਿਸਾਨ ਦਾ ਪਿਛਲਾ ਸਾਲ ਖਤਮ ਹੋ ਗਿਆ ਕੱਲ੍ਹ, ਅੱਜ ਨਵਾਂ ਸਾਲ ਚਲਿਆ ਹੈ। ਜੋਤਸ਼ੀਆਂ ਦੇ ਹਿਸਾਬ ਨਾਲ ਸਾਲ ਲੱਗੇ ਨੂੰ ਮਹੀਨਾ ਹੋ ਗਿਆ। ਅੰਗ੍ਰੇਜ਼ਾਂ ਦਾ ਸਾਲ 31 ਦਿਸੰਬਰ ਨੂੰ ਖਤਮ ਹੋ ਗਿਆ। ਵਪਾਰੀਆਂ ਦਾ ਸਾਲ 31 ਮਾਰਚ ਨੂੰ ਖਤਮ ਹੋ ਗਿਆ। ਕਿਸਾਨ ਦਾ ਸਾਲ ਜਿਹੜਾ ਹੈ ਉਹ ਕੱਲ੍ਹ ਖਤਮ ਹੋ ਗਿਆ ਅੱਜ ਨਵਾਂ ਸਾਲ ਸ਼ੁਰੂ ਹੋਇਆ ਹੈ। ਅੱਜ ਤੋਂ ਉਹਦੇ ਘਰ 'ਚ ਬਰਕਤਾਂ ਪੈਣੀਆਂ ਸ਼ੁਰੂ ਹੋਣੀਆਂ ਨੇ।

ਗੁਰੂ ਨਾਨਕ ਪਾਤਸ਼ਾਹ ਜਦੋਂ ਸੰਸਾਰ ਦਾ ਉਧਾਰ ਕਰਨ ਵਾਸਤੇ ਪਹਿਲੀ ਉਦਾਸੀ ਦੇ ਵਾਸਤੇ ਚੱਲੇ ਨੇ, ਦੇਖੋ ਕਿਹੋ ਜਿਹੀ ਗੱਲ ਹੈ ਕਿ ਉਸ ਦਿਨ ਵਿਸਾਖੀ ਸੀ, ਅੱਜ ਦਾ ਹੀ ਦਿਨ। ਗੁਰੂ ਨਾਨਕ ਪਾਤਸ਼ਾਹ ਅੱਜ ਦੇ ਦਿਨ ਚੱਲੇ ਸੰਸਾਰ ਦਾ ਉਧਾਰ ਕਰਨ ਵਾਸਤੇ।

***ਚੜ੍ਹਿਆ ਸੋਧਣਿ ਧਰਤਿ ਲੁਕਾਈ॥***
***ਭਾਈ ਗੁਰਦਾਸ ਜੀ, ਵਾਰ 1/24***

ਬਉਲੀ ਸਾਹਿਬ ਲਗਵਾਈ, ਮਹਾਰਾਜ ਗੁਰੂ ਤੀਸਰੇ ਪਾਤਸ਼ਾਹ ਨੇ, ਏਸ ਕਰਕੇ ਕਿ ਛੂਤ-ਛਾਤ ਦੀ ਜੋ ਬਿਮਾਰੀ ਹੈ ਉਹ ਕੱਢ ਦਿਤੀ ਜਾਵੇ ਤੇ ਸਭ ਇਕ ਥਾਉਂ ਇਸ਼ਨਾਨ ਕਰਨ। ਇਕ ਖੂਹ ਦਾ ਸਾਰੇ ਪਾਣੀ ਪੀਣ। ਉਹਦਾ ਕੜ੍ਹ ਨਹੀਂ ਸੀ ਟੁੱਟਦਾ। ਅੱਜ ਦੇ ਦਿਨ ਬਉਲੀ ਦਾ ਕੜ੍ਹ ਟੁੱਟਿਆ, ਗੋਇੰਦਵਾਲ ਸਾਹਿਬ। ਅੱਜ ਦਾ ਦਿਨ ਫੇਰ ਮੁਬਾਰਕ ਹੋਇਆ, ਪਿਛੇ ਮੈਂ ਦੱਸਿਆ ਸੀ ਕਿ ਇਕ ਬੀਬੀ ਜਿਸਨੂੰ ਕਿ ਇਕ ਪਿੰਗਲੇ ਦੇ ਨਾਲ ਵਿਆਹ ਦਿਤਾ ਸੀ ਤੇ ਉਹ ਉਸਨੂੰ ਅੰਮ੍ਰਿਤਸਰ ਵਿਖੇ ਦਰਬਾਰ ਸਾਹਿਬ ਵਾਲੀ ਥਾਂ ਲੈ ਆਈ, ਉਥੇ ਦੁਖਭੰਜਨੀ ਬੇਰੀ ਦੇ ਹੇਠਾਂ ਉਸ ਨੇ ਇਸ਼ਨਾਨ ਕਰਿਆ ਤੇ ਇਕ ਮਹਾਨ ਤੀਰਥ ਦੁਨੀਆਂ ਦਾ ਅੱਜ ਦੇ ਦਿਨ ਪ੍ਰਗਟ ਹੋਇਆ। ਜਿਹਨੂੰ ਅੰਮ੍ਰਿਤਸਰ ਕਹਿ ਕੇ ਆਪਾਂ ਸਤਿਕਾਰਦੇ ਹਾਂ। ਅੱਜ ਦਾ ਦਿਨ ਹੋਰ ਵੱਡਾ ਹੈ, ਇਸ ਕਰਕੇ ਕਿ ਗੁਰੂ ਹਰਿਕ੍ਰਿਸ਼ਨ ਮਹਾਰਾਜ ਜੀ ਆਪ ਨੇ ਅੱਜ ਦੇ ਦਿਨ ਇਕ ਸਵਾਲ ਪਾਇਆ ਸਿੱਖਾਂ ਦੇ ਅੱਗੇ। ਪਹਿਲਾਂ ਗੱਦੀ ਦਿਤੀ ਜਾਂਦੀ ਸੀ, ਮਸਤਕ ਨਿਵਾਇਆ ਜਾਂਦਾ ਸੀ ਲੇਕਿਨ ਅੱਜ ਕੌਮ ਐਨੀ ਉਚੀ ਹੋ ਗਈ ਕਿ ਉਹ ਆਪ ਫੈਸਲਾ ਕਰਨ ਕਿ ਗੁਰੂ ਕਿਹੜਾ ਹੈ ਤਾਂ ਕਿ ਉਹ ਭੇਖੀ ਗੁਰੂਆਂ ਦੇ ਪਾਖੰਡੀ ਗੁਰੂਆਂ ਦੇ ਧੱਕੇ ਨਾ ਚੜ੍ਹ ਸਕਣ। ਉਸ ਵੇਲੇ ਗੁਰੂ ਹਰਿਕ੍ਰਿਸ਼ਨ ਮਹਾਰਾਜ ਨੇ ਅੱਜ ਦੇ ਦਿਨ ਕਿਹਾ ਕਿ ਬਾਬਾ ਬਕਾਲੇ ਜਿਹਨੇ ਗੁਰੂ ਬਣਨਾ ਹੈ ਉਹ ਬਕਾਲੇ ਬੈਠੇ ਨੇ। ਟੋਲ੍ਹਣ ਚਲੇ ਗਏ, ਅੱਗੇ 22 ਬੈਠੇ ਨੇ ਹੋਰ। ਕਿਵੇਂ ਟੋਲਣ? ਅਖੀਰ ਮੱਖਣ ਸ਼ਾਹ ਲੁਬਾਣੇ ਟੋਲ੍ਹ ਲਿਆ, ਪਰਖ ਿਆ ਕਿ ਗੁਰੂ ਦੀ ਜੋ ਪਰਖ ਹੁੰਦੀ ਹੈ ਉਹ ਆਹ ਹੁੰਦੀ ਹੈ ਤੇ ਅੱਜ ਦਾ ਹੀ ਮੁਬਾਰਕ ਦਿਨ ਹੈ ਕਿ ਅੱਜ ਦੇ ਦਿਨ ਇਕ ਮਨੁੱਖ ਦਾ ਆਦਰਸ਼ ਸਿਖਰ ਦੇ ਲਿਜਾ ਕੇ ਗੁਰੂ ਦਸ਼ਮੇਸ਼ ਪਿਤਾ ਨੇ ਪ੍ਰਗਟ ਕਰ ਦਿਤਾ। ਉਸ ਤੋਂ ਪਹਿਲਾਂ ਗੁਰੂ ਮਹਾਰਾਜ ਨੇ ਬੜਾ ਸਮਾਂ 11 ਮਹੀਨੇ ਦੇ ਕਰੀਬ ਇਕਾਂਤ ਵਾਸ ਕੀਤਾ। ਆਪ ਜਿਸ ਵਕਤ ਪਹਾੜ ਤੋਂ ਉਤਰ ਕੇ ਆਏ, ਐਸਾ ਲਿਖਿਆ ਹੋਇਆ ਮਿਲਦਾ ਹੈ ਕਿ ਆਪ ਨੇ ਸ੍ਰੀ ਸਾਹਿਬ ਕੱਢੀ ਹੋਈ ਹੈ। ਹੌਲੀ ਨਹੀਂ ਆ ਰਹੇ, ਦੌੜੇ ਆ ਰਹੇ ਨੇ। ਛੇਤੀ ਆ ਰਹੇ ਨੇ। ਸਾਰੇ ਹੈਰਾਨ ਨੇ ਕੋਈ ਪੁੱਛ ਨਹੀਂ ਸਕਦਾ, ਤੇਜ ਐਨਾ ਵਧਿਆ ਹੋਇਆ ਹੈ ਕਿ ਕੋਈ ਨੇੜੇ ਨਹੀਂ ਲਗਦਾ ਗੁਰੂ ਦਸ਼ਮੇਸ਼ ਪਿਤਾ ਦੇ, ਤੇ ਉਥੇ ਆ ਕੇ ਆਪ ਨੇ ਹੁਕਮਨਾਮੇ ਲਿਖਾਏ ਕਿ ਵਿਸਾਖੀ ਤੋਂ ਪਹਿਲਾਂ ਹੌਲੇ-ਮਹੱਲੇ ਦੇ ਉਤੇ, ਕੋਈ ਪੱਗ ਬੰਨ੍ਹ ਘਰ ਨਾ ਰਹੇ, ਸਭ ਇਕੱਠੇ ਹੋਣ ਇਥੇ ਆ ਕੇ। ਉਸ ਵੇਲੇ ਬੜਾ ਭਾਰੀ ਇਕੱਠ ਹੋਇਆ ਤੇ ਐਨੀ ਪ੍ਰਸੰਨਤਾ ਹੋਈ ਕਿ ਮਹਾਰਾਜ ਨੇ ਇਕ ਆਦਰਸ਼ ਪ੍ਰਗਟ ਕਰਨਾ ਹੈ, ਆਪ ਨੇ ਇਕ ਮਹਾਨ ਯੱਗ

ਕੀਤਾ। ਉਸ ਯੱਗ ਦੇ ਅੰਦਰ ਜੋ ਪਹਿਲਾ ਰਿਵਾਜ ਤੁਰਿਆ ਆਉਂਦਾ ਸੀ ਉਹ ਸਾਰੇ ਤੋੜ ਦਿਤੇ। ਕਵੀ ਸੈਨਾਪਤੀ ਕਹਿੰਦੇ ਨੇ ਕਿ ਗੁਰੂ ਦਸ਼ਮੇਸ਼ ਪਿਤਾ ਸੰਸਾਰ 'ਤੇ ਆਏ ਕਿਉਂ ਸੀ ਕਿਉਂਕਿ ਉਨ੍ਹਾਂ ਨੇ ਦੁਨੀਆਂ ਦੇ ਦੁੱਖਾਂ ਨੂੰ ਦੂਰ ਕਰਨਾ ਸੀ। ਇਸ ਤਰ੍ਹਾਂ ਪੜ੍ਹ ਲਓ -

*ਧਾਰਨਾ - ਆਏ ਦਸ਼ਮੇਸ਼ ਜੀ,*
*ਸੰਕਟ ਨਿਵਾਰਨੇ ਨੂੰ।*

ਸੰਕਟ ਜੋ ਸੰਸਾਰ ਦੇ ਉਤੇ ਆਇਆ ਹੋਇਆ ਸੀ ਉਹਨੂੰ ਦੂਰ ਕਰਨ ਵਾਸਤੇ ਦਸ਼ਮੇਸ਼ ਮਹਾਰਾਜ ਜੀ ਆਏ ਤੇ ਆਪ ਮਹਾਰਾਜ ਫੁਰਮਾਨ ਕਰਦੇ ਨੇ ਕਿ ਮੈਂ ਜਦੋਂ ਅਕਾਲ ਪੁਰਖ ਦੇ ਦਰਬਾਰ ਦੇ ਵਿਚ ਹਾਜ਼ਰ ਹੋਇਆ ਤੇ ਮੈਨੂੰ ਭੇਜਿਆ ਜਾ ਰਿਹਾ ਸੀ ਤਾਂ ਮੈਂ ਇਹ ਬੇਨਤੀ ਕੀਤੀ ਕਿ ਮੈਨੂੰ ਕੀ ਕੰਮ ਸੌਂਪ ਰਹੇ ਓਂ, ਅਕਾਲ ਪੁਰਖ ਨੇ ਕਿਹਾ ਕਿ -

*ਮੈ ਅਪਨਾ ਸੁਤ ਤੁਹਿ ਨਿਵਾਜਾ।*
*ਪੰਥ ਪ੍ਰਚੁਰ ਕਰਬੇ ਕਉ ਸਾਜਾ।*
*(ਅਕਾਲ ਪੁਰਖ ਬਾਚ॥ ਚੌਪਈ)*

ਤੁਸੀਂ ਜਾ ਕੇ ਐਸਾ ਰਸਤਾ ਦੁਨੀਆਂ ਦੇ ਅੰਦਰ ਦਿਖਾਉਣਾ ਹੈ, ਮਾਰਗ ਦਿਖਾਉਣਾ ਹੈ, ਇਕ ਐਸੀ ਜਥੇਬੰਦੀ ਕਾਇਮ ਕਰਨੀ ਹੈ ਜਿਨ੍ਹਾਂ ਨੇ ਧਰਮ ਦਾ ਪ੍ਰਚਾਰ ਕਰਨਾ ਹੈ ਤੇ ਉਥੇ ਜਾ ਕੇ ਤੁਸੀਂ -

*ਜਹਾ ਤਹਾ ਤੈ ਧਰਮੁ ਚਲਾਇ।*
*ਕਬੁਧਿ ਕਰਨ ਤੇ ਲੋਕ ਹਟਾਇ।*
*ਅਕਾਲ ਪੁਰਖ ਬਾਚ॥ ਚੌਪਈ*

ਸਾਰਾ ਸੰਸਾਰ ਕੁਬੁੱਧੀ 'ਚ ਪੈ ਗਿਆ। ਆਸਾ ਜੀ ਦੀ ਵਾਰ ਦਾ ਅਧਿਐਨ ਕਰੋ ਪਤਾ ਲਗਦਾ ਹੈ ਕਿ ਕਿੰਨੀ ਕੁਬੁੱਧੀ ਫੈਲ ਗਈ ਸੀ, ਕਿਵੇਂ ਜਨੇਊ ਦਾ ਮਾਖੌਲ ਉਡਾਇਆ ਜਾ ਰਿਹਾ ਸੀ, ਕਿਵੇਂ ਟਿਕੇ ਸੀ, ਕਿਵੇਂ ਧੋਤੀਆਂ ਸੀ, ਕਿਵੇਂ ਪੂਜਾ ਸੀ, ਕਿਵੇਂ ਪੁਰਾਨ ਸੀ, ਕਿਵੇਂ ਕੁਰਾਨ ਸੀ, ਸਾਰਾ ਮਹਾਰਾਜ ਨੇ ਖੋਲ੍ਹ ਕੇ ਦੱਸ ਦਿਤਾ। ਕਹਿੰਦੇ ਹਟਾਓ ਕੁਬੁੱਧ ਕਰਨ ਤੇ ਕੁਬੁੱਧੀ 'ਚ ਪੈ ਗਏ। ਮਹਾਰਾਜ ਕਹਿਣ ਲੱਗੇ ਕਿ ਅਸੀਂ ਖੜ੍ਹੇ ਹੋ ਗਏ ਕਿ ਬੜਾ ਭਾਰਾ ਕੰਮ ਦੇ ਦਿਤਾ, ਅਸੀਂ ਹੱਥ ਜੋੜ ਲਏ -

*ਠਾਢ ਭਯੋ ਮੈ ਜੋਰਿ ਕਰ*
*ਬਚਨ ਕਹਾ ਸਿਰ ਨਿਆਇ।*
*ਪੰਥ ਚਲੈ ਤਬ ਜਗਤ ਮੈ*
*ਜਬ ਤੁਮ ਕਰਹੁ ਸਹਾਇ॥ ਦੋਹਰਾ*

ਜਦੋਂ ਤੁਸੀਂ ਸਹਾਇਤਾ ਕਰੋਂਗੇ ਪਾਤਸ਼ਾਹ, ਲੀਹਾਂ ਬਦਲਣੀਆਂ ਨੇ ਪੁਰਾਣੀਆਂ ਸਾਰੀਆਂ, ਇਕ ਦਮ ਬਦਲੀਆਂ ਹੋਈਆਂ ਕਿੰਨੀ ਵਿਰੋਧਤਾ ਹੁੰਦੀ ਹੈ। ਸੋ ਅੱਜ ਗੁਰੂ ਦਸ਼ਮੇਸ਼ ਪਿਤਾ ਸੈਂਕੜੇ ਲੱਖਾਂ ਸਾਲਾਂ ਤੋਂ ਦਬਿਆ ਹੋਇਆ ਵਰਗ ਜਿਹੜਾ ਸੀ, ਕੀਰਤੀ ਵਰਗ; ਚਾਰ ਵਰਗ ਇਥੇ ਹੋ ਗਏ ਸੀ ਜਿਹਨੂੰ ਜਾਤ ਪਾਤ ਕਹਿੰਦੇ ਸੀ। ਜਦੋਂ ਚਲਾਇਆ ਸੀ, ਉਦੋਂ ਤਾਂ ਕੁਛ ਹੋਰ ਸੀਗਾ ਇਹ, ਉਸ ਵੇਲੇ ਬ੍ਰਾਹਮਣ ਵਰਗ ਸ਼ੂਦਰ ਦੇ ਵਿਚ ਵੀ ਜਾ ਸਕਦਾ ਸੀ, ਸ਼ੂਦਰ ਵਰਗ ਜਿਹੜਾ ਸੀ ਉਹ ਕਸ਼ਤਰੀ ਬਣ ਸਕਦਾ ਸੀ, ਲੇਕਿਨ ਬਾਅਦ ਵਿਚ ਪੱਕਾ ਹੋ ਗਿਆ ਕਿ ਬ੍ਰਾਹਮਣ, ਬ੍ਰਾਹਮਣ, ਖੱਤਰੀ, ਖੱਤਰੀ; ਬਾਕੀ ਜਿਹੜੇ ਸੀ ਪੈਰ ਦੇ ਥੱਲੇ ਦੱਬ ਲਏ, ਸਾਰੀ ਜਨਤਾ। ਬਹੁਤਿਆਂ ਨੂੰ ਤਾਂ ਕਹਿ ਦਿਤਾ ਕਿ ਤੂੰ ਓਅੰਕਾਰ ਦਾ ਅੱਖਰ ਨਹੀਂ ਸੁਣ ਸਕਦਾ। ਸ਼ੂਦਰ ਦੋ ਤਰ੍ਹਾਂ ਦੇ ਕਰ ਦਿਤੇ, ਇਕ ਤਾਂ ਜਿਹੜਾ ਰੋਟੀ ਕਮਾਉਂਦਾ ਹੈ, ਜੇ ਤਾਂ ਉਹਨੂੰ ਪਸੀਨਾ ਆ ਜਾਵੇ, ਰੋਟੀ ਕਮਾਉਣ ਵਿਚ ਤਾਂ, ਤਾਂ ਉਹ ਸ਼ੂਦਰ ਹੈ। ਫੇਰ ਉਨ੍ਹਾਂ 'ਚ ਕਿਹੜੀਆਂ ਕਿਸਮਾਂ ਨੇ, ਇਕ ਨੂੰ ਤਾਂ ਹੱਥ ਲਾ ਲਓ, ਇਕ ਨੂੰ ਹੱਥ ਨਾ ਲਾਓ। ਇਕ ਨੂੰ ਛੂਤ ਕਹਿੰਦੇ ਨੇ, ਇਕ ਅਛੂਤ ਕਹਿੰਦੇ ਨੇ। ਮਨੁੱਖ ਦੀ ਜਾਤ ਨੂੰ ਐਨਾ ਨੀਵਾਂ ਲੈ ਗਿਆ ਜਿਹੜਾ ਪੜ੍ਹਿਆ ਲਿਖਿਆ ਵਰਗ ਸੀ, ਉਸਨੂੰ ਤੋੜਨਾ ਕੋਈ ਖੇਲ੍ਹ ਨਹੀਂ ਸੀ ਸਾਧਸੰਗਤ ਜੀ। ਕਿੰਨੀਆਂ ਤਕਲੀਫਾਂ ਉਠਾ ਸਕੇ ਸੀ, ਗੁਰੂ ਨਾਨਕ ਪਾਤਸ਼ਾਹ ਨੂੰ ਇਸੇ ਕਰਕੇ ਕੁਰਾਹੀਆ ਤੇ ਬੇਤਾਲਾ ਕਿਹਾ ਸੀ ਕਿਉਂਕਿ ਉਨ੍ਹਾਂ ਨੇ ਮਰਦਾਨੇ ਨੂੰ ਨਾਲ ਲੈ ਲਿਆ ਤੇ ਭਾਈ ਬਾਲੇ ਜੱਟ ਨੂੰ ਨਾਲ ਲੈ ਲਿਆ। ਨਹੀਂ ਪਸੰਦ ਦੀ ਇਹ ਗੱਲ ਉਚੀਆਂ ਜਾਤੀਆਂ ਨੂੰ। ਬ੍ਰਾਹਮਣ ਨੂੰ ਪਸੰਦ ਨਹੀਂ ਸੀ ਬਿਲਕੁਲ ਵੀ ਇਹ ਗੱਲ ਕਿ ਹੇਠਲਾ ਵਰਗ ਉਤੇ ਆ ਜਾਵੇ। ਪੜ੍ਹੇ-ਲਿਖੇ ਸੀ, ਸਭ ਕੁਛ ਜਾਣਦੇ ਸੀ, ਐਸੇ ਵਹਿਮ ਪਾ ਦਿਤੇ ਕਿ ਆਦਮੀ ਹਿੱਲ ਨਹੀਂ ਸਕਦਾ। ਉਦੋਂ ਦੇ ਪਾਏ ਹੋਏ, ਸਿੱਖੀ ਆਈ ਨੂੰ ਕਿੰਨਾਂ ਚਿਰ ਹੋ ਗਿਆ, 500 ਸਾਲ ਤੋਂ ਵੀ ਹੋ ਗਏ, ਅਜੇ ਵੀ ਸਾਡੇ ਉਤੇ ਉਹੀ ਅਸਰ ਚੱਲ ਰਿਹਾ ਹੈ, ਨਹੀਂ ਬਦਲਦੇ ਅਸੀਂ। ਅਜੇ ਵੀ ਉਹੀ ਮੜ੍ਹੀਆਂ, ਓਹੀ ਕਬਰਾਂ, ਓਹੀ ਸੂਰਜ, ਓਹੀ ਜੋਤਸ਼ ਓਹੀ ਸਭ ਕੁਛ ਅਸੀਂ ਮੰਨੀ ਜਾਂਦੇ ਹਾਂ। ਓਹੀ ਗ੍ਰਹਿ ਸਾਡੇ ਉਤੇ ਸਵਾਰ ਨੇ। ਮਹਾਰਾਜ ਕਹਿੰਦੇ ਕਿਉਂ ਤੁਸੀਂ ਫਿਕਰ ਕਰਦੇ ਓਂ, ਗ੍ਰਹਿ ਤਾਂ ਉਹਨੂੰ ਲਗਦੇ ਨੇ ਜਿਹੜਾ ਪ੍ਰਮੇਸ਼ਰ ਤੋਂ ਭੁੱਲਿਆ ਹੋਵੇ।

*ਕੋਟਿ ਬਿਘਨ ਤਿਸੁ ਲਾਗਤੇ ਜਿਸ ਨੋ ਵਿਸਰੈ ਨਾਉ॥ ਅੰਗ - ੫੨੪*

ਜਿਹਨੂੰ ਨਾਮ ਵਿਸਰ ਗਿਆ ਉਹਨੂੰ ਲਗਦੇ ਨੇ, ਤੁਸੀਂ ਨਾਮ ਵਾਲੇ ਬੰਦੇ ਕਿਉਂ ਵਹਿਮਾਂ 'ਚ ਪੈਂਦੇ ਓਂ। ਫੇਰ ਕਰਤਾਰ ਦਾ ਹੁਕਮ ਹੈ। ਜੋ ਹੁਕਮ ਹੈ ਤੁਹਾਡੇ ਉਹਦੇ ਮੁਤਾਬਿਕ ਚੱਲੋ। ਹਾਂ, ਜੇ ਤੁਸੀਂ ਨਹੀਂ ਸਹਿ ਸਕਦੇ, ਅਰਦਾਸ ਕਰੋ, ਅਰਦਾਸ ਮੰਨੀ ਜਾਂਦੀ ਹੈ, ਅਰਦਾਸ ਬਦਲ ਦਏਗੀ ਸਭ ਕੁਛ। ਮਹਾਰਾਜ ਨੇ ਮਨੁੱਖ ਨੂੰ ਉੱਚਾ ਚੁਕਿਆ, ਲੱਖਾਂ ਸਾਲ ਦੇ ਗਿਰੇ ਹੋਏ ਨੂੰ। ਅੱਜ ਰਿਵਾਜ ਬਦਲ ਦਿਤਾ, ਪਹਿਲਾਂ ਬ੍ਰਾਹਮਣਾਂ ਦੀਆਂ ਪੰਗਤਾਂ ਲਗਦੀਆਂ ਸੀ, ਜੇ ਕੋਈ ਯੱਗ ਕਰਦਾ ਸੀ। ਜਦ ਤੱਕ ਬ੍ਰਾਹਮਣ ਛਕਦੇ ਸੀ, ਕੋਈ ਬੰਦਾ ਚਉਂਕੇ 'ਚ ਨਹੀਂ ਸੀ ਆ ਸਕਦਾ, ਨੇੜੇ ਨਹੀਂ ਸੀ ਆ ਸਕਦਾ। ਐਨਾ ਨੇੜੇ ਨਹੀਂ ਸੀ ਆ ਸਕਦਾ ਕਿ ਉਹ ਥਾਲੀ ਵਿਚ ਖਾਂਦੇ ਨੂੰ ਦੇਖ ਲਏ ਕਿ ਉਹ ਕੀ ਖਾਂਦਾ ਹੈ। ਜੇ ਦੇਖ ਲਿਆ ਤਾਂ ਉਹ ਨਰਾਜ਼ ਹੋ ਜਾਂਦਾ ਸੀ ਕਿਉਂਕਿ ਅਛੂਤ ਮੱਥੇ ਲੱਗ ਗਿਆ ਰੋਟੀ ਖਾਂਦੇ ਦੇ। ਉਸ ਤੋਂ ਬਾਅਦ ਫੇਰ ਖੱਤਰੀਆਂ ਦੀ ਵਾਰੀ ਆਉਂਦੀ ਸੀ, ਉਸ ਤੋਂ ਬਾਅਦ ਵੈਸ਼ਾਂ ਸੀ, ਫੇਰ ਕਿਰਤੀਆਂ (ਸ਼ੂਦਰਾਂ) ਦੀ ਵਾਰੀ ਸਭ ਤੋਂ ਪਿੱਛੋਂ ਆਉਂਦੀ ਸੀ।

ਗੁਰੂ ਨਾਨਕ ਪਹਿਲੇ ਦਿਨ ਜਦੋਂ ਚੱਲੇ ਨੇ, ਠਹਿਰੇ ਕਿੱਥੇ ਜਾ ਕੇ ਕਿਰਤੀ ਦੇ ਘਰ। ਵਿਰੋਧਤਾ ਹੋਈ, ਗੁਰੂ ਨਾਨਕ ਨੇ ਕਿਹਾ ਕਿ ਮੈਂ ਕਿਰਤੀ ਨੂੰ ਉੱਚਾ ਕਰਨਾ ਹੈ। ਹਿੰਦੁਸਤਾਨ ਦੀ ਅਧੋਗਤੀ ਇਸੇ ਕਰਕੇ ਹੈ ਕਿ ਇਥੇ ਕੰਮ ਕਰਨ ਵਾਲੇ ਦੀ ਇਜ਼ਤ ਨਹੀਂ ਹੈ, ਨੀਵਾਂ ਗਿਣਦੇ ਨੇ। ਜੇ ਮਰੇ ਹੋਏ ਡੰਗਰ ਕੋਈ ਨਾ ਚੁੱਕੇ ਫੇਰ ਕੀ ਨਤੀਜਾ ਨਿਕਲੇ, ਸਾਰੇ ਸੜਿਆਂਦ ਪੈ ਜਾਵੇ। ਇਕ ਤਾਂ ਐਡਾ ਉਪਕਾਰ ਹੁੰਦਾ ਹੈ ਇਕ ਉਹਨੂੰ ਨੀਵਾਂ ਗਿਣਨਾ, ਛੋਟਾ ਗਿਣਨਾ ਬਹੁਤ। ਸੋ ਇਹ ਜਾਤਾਂ ਪਾਤਾਂ ਦਾ ਸਮਾਂ ਸੀ। ਗੁਰੂ ਦਸ਼ਮੇਸ਼ ਪਿਤਾ ਨੇ ਇਨਕਲਾਬੀ ਕਦਮ ਚੁੱਕਿਆ। ਹੁਕਮ ਦੇ ਦਿਤਾ ਕਿ ਪੰਗਤਾਂ ਲਾਓ, ਮਸੰਦ ਜਾਣਦੇ ਸੀ ਕਿ ਬ੍ਹਾਹਮਣ ਵਰਗ ਨੇ ਗੁੱਸੇ ਹੋ ਜਾਣਾ ਹੈ, ਖੱਤਰੀ ਵਰਗ ਨੇ ਗੁੱਸੇ ਹੋ ਜਾਣਾ ਹੈ, ਮਹਾਰਾਜ ਇਹ ਕੀ ਕਰਨ ਲੱਗ ਗਏ। ਐਸੇ ਨੀਵੀਂ ਸੋਚ ਵਾਲੇ ਵੀ ਲੋਕ ਸੀ ਉਸ ਵੇਲੇ ਕਿਉਂਕਿ ਪੂਜਾ ਦਾ ਧਾਨ ਖਾਂਦੇ ਸੀ, ਜਿਹੜਾ ਪੂਜਾ ਦਾ ਧਾਨ ਖਾਂਦਾ ਹੈ, ਉਨ੍ਹਾਂ ਦੇ ਅੰਦਰ ਰੱਤੀ ਜਿੰਨਾਂ ਵੀ ਪਿਆਰ ਤੇ ਸਤਿਕਾਰ ਨਹੀਂ ਹੁੰਦਾ ਗੁਰੂ ਦਾ।



**ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਖਾਲਸਾ ਪੰਥ ਦੀ ਸਾਜਨਾ ਸਮੇਂ।**

ਖਤਮ ਹੋ ਜਾਂਦਾ ਹੈ, ਉਤੋਂ-ਉਤੋਂ ਰਹਿ ਜਾਂਦਾ ਹੈ, ਜਿਵੇਂ ਘੁਣ ਖਾਧੀ ਲਕੜੀ ਹੁੰਦੀ ਹੈ। ਘੁਣੇ ਦੀ ਖਾਧੀ ਹੋਈ ਹੈ, ਉਪਰ ਪਾਲਿਸ਼ ਕਰਿਆ ਹੋਇਆ ਹੈ, ਅੰਦਰੋਂ ਖਤਮ ਹੈ ਉਂਝ। ਸੋ ਇਸ ਤਰ੍ਹਾਂ ਦੇ ਨਾਲ ਗੁਰੂ ਦਸ਼ਮੇਸ਼ ਪਿਤਾ ਨੇ ਕਹਿ ਦਿਤਾ ਕਿ ਪੰਗਤਾਂ ਲਾ ਲਓ। ਪੰਗਤਾਂ ਲੱਗ ਗਈਆਂ, ਹੈਰਾਨ ਹੋ ਗਈ ਸੰਗਤ ਕਿ ਹੈਂ ਪਹਿਲਾਂ ਤਾਂ ਬ੍ਰਾਹਮਣ ਨੂੰ ਛਕਾਇਆ ਜਾਂਦਾ ਸੀ ਤੇ ਬ੍ਰਾਹਮਣ ਆਏ ਹੋਏ ਵੀ ਬਹੁਤ ਨੇ, ਕਾਸ਼ੀ ×◊© ਆਏ ਹੋਏ ਨੇ। ਵੱਡੇ ਤੋਂ ਵੱਡਾ ਅੱਜ ਦੁਨੀਆਂ ਭਰ ਵਿਚ ਸਭ ਤੋਂ ਵੱਡਾ ਕੇਸ਼ੋਦਾਸ ਪੰਡਤ ਸੀ ਉਹ ਵੀ ਆਇਆ ਹੋਇਆ ਹੈ ਤੇ ਮਹਾਰਾਜ ਨੇ ਤਾਂ ਪਰਵਾਹ ਹੀ ਨਹੀਂ ♦9×9। ਪਰਵਾਹ ਹੁੰਦੀ ਨਹੀਂ ਸਾਧਸੰਗਤ ਜੀ। ਵਾਹਿਗੁਰੂ ਦੇ ਪਿਆਰਿਆਂ ਨੂੰ ਨਹੀਂ ਪਰਵਾਹ ਹੁੰਦੀ ਤੇ ਨਾ ਕਿਸੇ ਦਾ ਡਰ ਹੁੰਦਾ ਹੈ। ਇਸ ਤਰ੍ਹਾਂ ਪੜ੍ਹੋ ਲਓ-

*ਧਾਰਨਾ - ਡਰਦਾ ਨਾ ਕਾਹੂੰ ਤੋਂ, ਨੀਚਾਂ ਨੂੰ ਊਚੇ ਕਰਦਾ।*

**ਐਸੀ ਲਾਲ ਤੁਝ ਬਿਨੁ ਕਉਨੁ ਕਰੈ ॥ ਗਰੀਬ ਨਿਵਾਜੁ ਗੁਸਈਆ ਮੇਰਾ ਮਾਥੈ ਛਤ੍ਰੁ ਧਰੈ ॥ ੧ ॥ ਰਹਾਉ ॥**

**ਜਾ ਕੀ ਛੋਤਿ ਜਗਤ ਕਉ ਲਾਗੈ ਤਾ ਪਰ ਤੁਹੀਂ ਢਰੈ ॥ ਨੀਚਹ ਊਚ ਕਰੈ ਮੇਰਾ ਗੋਬਿੰਦੁ ਕਾਹੂ ਤੇ ਨ ਡਰੈ ॥ ੧ ॥ ॥** ਅੰਗ - 1106

ਪ੍ਰਸ਼ਾਦੇ ਛਕਣੇ ਸ਼ੁਰੂ ਹੋ ਗਏ, ਪਤਾ ਲੱਗਿਆ ਕਿ ਮਹਾਰਾਜ! ਕੋਈ ਬ੍ਰਾਹਮਣ ਵੀ ਪੰਗਤ 'ਚ ਬੈਠ ਕੇ ਪ੍ਰਸ਼ਾਦਾ ਛਕਣ ਵਾਸਤੇ ਨਹੀਂ ਆਇਆ। ਮਹਾਰਾਜ ਕਹਿੰਦੇ ਲਿਆਓ ਭਾਈ ਜਾ ਕੇ। ਬੇਨਤੀ ਕੀਤੀ ਕਿ ਤੁਸੀਂ ਕਿਉਂ ਨਹੀਂ ਆਏ। ਚੁੱਪ ਨੇ, ਵਿਰੋਧ ਕਰ ਦਿਤਾ, ਸਮਾਨ ਬੰਨ੍ਹ ਰਹੇ ਨੇ ਕਿ ਹੁਣ ਤਾਂ ਘੋਰ

## ਪਿਆਰੇ ਮਹਾਂਪੁਰਸ਼ਾਂ ਦੇ ਜਨਮ ਨਗਰ ਧਮੋਟ (ਨਜ਼ਦੀਕ ਰਾੜਾ ਸਾਹਿਬ) ਵਿਖੇ ਸਾਲਾਨਾ ਸਮਾਗਮ ਸਮੇਂ ਰਤਵਾੜਾ ਸਾਹਿਬ ਦੇ ਜੱਥੇ, ਹੋਰ ਸੰਤ - ਮਹਾਂਪੁਰਖ ਅਤੇ ਹਜਾਰਾਂ ਸੰਗਤਾਂ ਦੀ ਸ਼ਮੂਲੀਅਤ ਦੀ ਇੱਕ ਝਲਕ।









ਕਲਜੁਗ ਆ ਗਿਆ। ਜਦ ਬ੍ਰਾਹਮਣ ਦੀ ਹੀ ਕਦਰ ਨਾ ਰਹੀ, ਕਲਜੁਗ ਆ ਗਿਆ ਸਮਝੋ। ਮਰਿਆਦਾ ਵਿਗੜ ਗਈ ਸਾਰੀ। ਮਹਾਰਾਜ ਕਹਿਣ ਲੱਗੇ, ਜਾਓ ਲੈ ਕੇ ਆਓ ਉਨ੍ਹਾਂ ਨੂੰ। ਸਿੰਘ ਚਲੇ ਗਏ। ਜਾ ਕੇ ਜਿਹੜਾ ਮੁਖੀ ਸੀ ਕੇਸ਼ੋਦਾਸ, ਮੁਖੀ-ਮੁਖੀ ਆ ਗਏ ਸਾਰੇ, ਮਹਾਰਾਜ ਕਹਿੰਦੇ ਪੰਡਤ ਜੀ, ਤੁਸੀਂ ਏਸ ਗੱਲ ਦੇ ਉਤੇ ਕਿਉਂ ਗੁੱਸੇ ਹੋਏ ਓਂ, ਐਡੀ ਨਰਾਜ਼ਗੀ? ਕਹਿੰਦੇ ਮਹਾਰਾਜ! ਤਿੰਨ ਜੁਗਾਂ ਦੇ ਅੰਦਰ ਸਾਡੀ ਮਾਨਤਾ ਤੁਰੀ ਆਉਂਦੀ ਹੈ, ਅੱਜ ਤੱਕ ਕਿਸੇ ਰਾਜੇ ਨੇ, ਕਿਸੇ ਅਵਤਾਰ ਨੇ, ਜੇ ਅਸੀਂ ਕ੍ਰਿਸ਼ਨ ਮਹਾਰਾਜ ਦੇ ਵੀ ਜਾਂਦੇ ਸੀ ਤਾਂ ਸਾਡੇ ਚਰਨ ਧੋਂਦੇ ਸੀ ਉਹ। ਜੇ ਰਾਮ ਚੰਦਰ ਜੀ ਕੋਲ ਜਾਂਦੇ ਸੀ ਤਾਂ ਚਰਨ ਧੋ ਕੇ ਚਰਨਾਮ੍ਰਿਤ ਲੈਂਦੇ ਸੀ, ਉਹ ਪਾਣੀ ਆਪ ਪੀਂਦੇ ਸੀ। ਸਾਨੂੰ ਪ੍ਰਮੇਸ਼ਰ ਨੇ ਮੁਖ ਤੋਂ ਪੈਦਾ ਕਰਿਆ ਹੈ ਤੇ ਜਿਹੜੇ ਪੈਰਾਂ ਤੋਂ ਪੈਦਾ ਹੋਏ ਨੇ ਤੁਸੀਂ ਨਾਲ ਰਲਾ ਦਿਤੇ? ਇਹ ਤਾਂ ਮਰਿਆਦਾ ਤੋੜ ਦਿਤੀ ਮਹਾਰਾਜ ਤੁਸੀਂ।

# ਪਿਆਰੇ ਮਹਾਂਪੁਰਸ਼ਾਂ ਦੇ ਜਨਮ ਨਗਰ ਧਮੋਟ (ਨਜ਼ਦੀਕ ਰਾੜਾ ਸਾਹਿਬ) ਵਿਖੇ ਸਾਲਾਨਾ ਸਮਾਗਮ ਸਮੇਂ ਰਤਵਾੜਾ ਸਾਹਿਬ ਦੇ ਜੱਥੇ, ਹੋਰ ਸੰਤ - ਮਹਾਂਪੁਰਖ ਅਤੇ ਹਜਾਰਾਂ ਸੰਗਤਾਂ ਦੀ ਸ਼ਮੂਲੀਅਤ ਦੀ ਇੱਕ ਝਲਕ।

ਮਹਾਰਾਜ ਕਹਿੰਦੇ, ਪੰਡਤ ਜੀ ! ਜਾਤ ਨੂੰ ਸਮਝਦੇ ਹੋਂ ਕੀ ਹੁੰਦੀ ਹੈ? ਪੰਜ ਤੱਤ ਦੇ ਉਹ ਬਣੇ ਹੋਏ ਨੇ, ਪੰਜ ਤੱਤ ਦੇ ਤੁਸੀਂ ਬਣੇ ਹੋਂ, ਜਾਂ ਦੱਸ ਦਓ ਤੁਸੀਂ ਕਿ ਉਨ੍ਹਾਂ 'ਚ ਫਲਾਣਾ ਤੱਤ ਘੱਟ ਹੈ। ਤੁਹਾਡੇ 'ਚ ਵੀ ਖ਼ੂਨ ਹੈ ਤੇ ਉਨ੍ਹਾਂ 'ਚ ਵੀ ਖ਼ੂਨ ਹੈ, ਜਾਂ ਦੱਸ ਦਿਓ ਕਿ ਤੁਹਾਡੇ ਅੰਦਰੋਂ ਦੁੱਧ ਨਿਕਲਦਾ ਹੈ, ਜਦੋਂ ਤੁਹਾਡੀਆਂ ਇਕੋ ਜਿਹੀਆਂ ਅੱਖਾਂ, ਇਕੋ ਜਿਹੇ ਕੰਨ, ਇਕੋ ਜਿਹੇ ਸਭ ਨੈਣ-ਨਕਸ਼ ਨੇ ਫੇਰ ਛੋਟੇ ਵੱਡੇ ਦਾ ਸਵਾਲ ਤੁਸੀਂ ਕੀ ਕਰ ਦਿਤਾ, ਚਲੋ ਤੁਸੀਂ ਏਸ ਗੱਲ ਦੇ ਉਤੇ ਨਾ ਆਓ, ਤੁਹਾਨੂੰ ਦੱਛਣਾ ਦਾ ਹੈ, ਅਸੀਂ ਦੱਛਣਾ ਤੁਹਾਨੂੰ ਦੇਣ ਵਾਸਤੇ ਵੱਖਰੀ ਕੱਢੀ ਹੋਈ ਹੈ, ਪਰ ਇਹ ਹੋ ਗਿਆ ਕਿ ਸਾਨੂੰ ਭੁੱਲ ਗਿਆ ਯਾਦ ਨਾ ਰਿਹਾ। ਸ਼ਰਾਪ ਦੇਣ ਲੱਗਿਆ ਕਿ ਮੈਂ ਸ਼ਰਾਪ ਦੇ ਦੇਵਾਂਗਾ। ਮਹਾਰਾਜ ਕਹਿੰਦੇ, ਪੰਡਤ ਜੀ ! ਉਹ ਦਿਨ ਗਏ, ਸ਼ਰਾਪ ਦਿੰਦੇ ਔਰੰਗਜ਼ੇਬ ਨੂੰ ਜਦੋਂ ਗੁਰੂ ਤੇਗ ਬਹਾਦਰ ਸਾਹਿਬ ਮਹਾਰਾਜ ਦੇ ਪਾਸ ਆਏ ਸੀ, ਦੇ ਨਾ ਸਕੇ ਤੁਸੀਂ, ਤੁਹਾਡਾ ਸ਼ਰਾਪ ਲੱਗਿਆ ਨਾ ਔਰੰਗਜ਼ੇਬ ਨੂੰ? ਹੁਣ ਸਾਨੂੰ ਹੀ ਸ਼ਰਾਪ ਦੇਣਾ ਹੈ ਜਿਨ੍ਹਾਂ ਨੇ ਇਕ ਕੌਮ ਬਣਾਉਣੀ ਹੈ। ਐਡਾ ਕ੍ਰੋਧ ਤੁਹਾਡੇ ਅੰਦਰ ਆ ਗਿਆ, ਉਦੋਂ ਤੁਹਾਡਾ ਬ੍ਰਹਮ ਜੋਸ਼ ਕਿੱਥੇ ਗਿਆ ਸੀ, ਜਦੋਂ ਮੰਦਰ ਢਾਹੇ ਜਾ ਰਹੇ ਸੀ। ਸੋਮਨਾਥ ਦਾ ਮੰਦਰ ਜਦੋਂ ਤਹਿਸ-ਨਹਿਸ ਕੀਤਾ, ਉਸ ਵੇਲੇ ਤੁਹਾਡਾ ਸ਼ਰਾਪ ਕਿੱਥੇ ਸੀਗਾ? ਤੇ ਹੁਣ ਜਦੋਂ ਗਰੀਬਾਂ ਨੂੰ, ਪ੍ਰਮੇਸ਼ਰ ਦੇ ਪਿਆਰਿਆਂ ਨੂੰ ਅਸੀਂ ਪ੍ਰਸ਼ਾਦਾ ਛਕਾ ਦਿਤਾ, ਤੁਸੀਂ ਉਸ ਲਈ ਸ਼ਰਾਪ ਦੀ ਗੱਲ ਕਰ ਰਹੇ ਓਂ? ਬਾਕੀ ਅਸੀਂ ਤੁਹਾਡਾ ਕੋਈ ਲਾਗ ਤਾਂ ਨਹੀਂ ਨਾ ਮਾਰਿਆ, ਜਿਹੜਾ ਤੁਹਾਨੂੰ ਦੇਣਾ ਸੀ, ਉਹ ਜਿਹੜਾ ਤੁਹਾਨੂੰ ਮਿਲਣਾ ਹੈ ਉਹ ਤਾਂ ਮਿਲਣਾ ਹੀ ਹੈ। ਐਸ ਤਰ੍ਹਾਂ ਫੁਰਮਾਨ ਹੈ -

*ਧਾਰਨਾ - ਮਿਲਦਾ ਤਾਂ ਓਹੀਓ ਹੈ ਲਿਖਿਆ ਜੋ ਲੇਖ ਧੁਰ ਤੋਂ।*

*ਜੋ ਕਛੁ ਲੇਖ ਲਿਖਿਯੋ ਬਿਧਨਾ ਸੋਊ ਪਾਈਯਤ ਮਿਸਰ ਜੂ ਸੋਕ ਨਿਵਾਰੋ॥ (ਸ੍ਰੀ ਮੁਖਵਾਕ ਸ੍ਵੈਯਾ)*

ਮਹਾਰਾਜ ਨੇ ਦੇਖਿਆ ਕਿ ਅੱਗ ਬਗੋਲਾ ਹੋਇਆ ਖੜ੍ਹਾ ਹੈ ਪੰਡਤ। ਨਾਲ ਕਹਿ ਰਿਹਾ ਹੈ ਕਿ ਮਹਾਰਾਜ ਮੈਂ ਸ਼ਰਾਪ ਦੇ ਦੇਵਾਂਗਾ ਤੁਹਾਡੇ ਖ਼ਾਲਸੇ ਨੂੰ। ਮਹਾਰਾਜ ਕਹਿੰਦੇ, ਐਨੀ ਨਰਾਜ਼ਗੀ ਕਿਸ ਗੱਲ ਦੇ ਉਤੇ? ਖ਼ਾਲਸੇ ਦਾ ਕੀ ਕਸੂਰ ਹੈ? ਇਹ ਤਾਂ ਸਾਡੀ ਯਾਦ ਤੋਂ ਭੁੱਲ ਗਿਆ।



ਪਿੰਡ ਪੈਂਤਪੁਰ (ਨੇੜੇ ਰਤਵਾੜਾ ਸਾਹਿਬ) ਵਿਖੇ ਸੰਤ ਬਾਬਾ ਹਰਪਾਲ ਸਿੰਘ ਜੀ, ਪਿਆਰੇ ਮਹਾਂਪੁਰਖਾਂ ਦੀ ਯਾਦ ਵਿੱਚ ਹੋਏ ਸਾਲਾਨਾ ਸਮਾਗਮ ਸਮੇਂ ਸੰਗਤਾਂ ਨੂੰ ਕੀਰਤਨ ਦੁਆਰਾ ਨਿਹਾਲ ਕਰਦੇ ਹੋਏ।







ਸਾਨੂੰ ਧਿਆਨ ਨਾ ਰਿਹਾ ਕਿ ਤੁਹਾਨੂੰ ਪਹਿਲਾਂ ਖਿਲਾਉਣਾ ਹੈ। ਬਾਕੀ ਰਹਿ ਗਿਆ ਕਿ ਜਿਹੜੀਆਂ ਚੀਜ਼ਾਂ ਤੁਹਾਨੂੰ ਦੇਣੀਆਂ ਨੇ ਤੁਹਾਨੂੰ ਦੇਣ ਵਾਸਤੇ ਕੱਢਿਆ ਪਿਆ ਹੈ ਲਾਗ ਸਾਰਾ।

***ਮੇਰੋ ਕਛੂ ਅਪਰਾਧ ਨਹੀ ਗਯੋ ਯਾਦ ਤੇ ਭੂਲਿ***
***ਨ ਕੋਪ ਚਿਤਾਰੋ॥***

***ਸ਼੍ਰੀ ਮੁਖਵਾਕ ਸ੍ਵੈਯਾ***

ਕਿਉਂ ਕ੍ਰੋਧ ਦੀਆਂ ਗੱਲਾਂ ਕਰਦੇ ਓਂ।

***ਬਾਗੋ ਨਿਹਾਲੀ ਪਠੈ ਦਿਯੋਂ***
***ਆਜ ਭਲੇ ਤੁਮ ਕੋ ਨਿਸਚੈ ਜੀਅ ਧਾਰੋ॥***

***ਸ਼੍ਰੀ ਮੁਖਵਾਕ ਸ੍ਵੈਯਾ***

ਬਾਗ ਕੱਢੇ ਹੋਏ, ਰਜਾਈਆਂ ਤੇ ਬਿਸਤਰੇ, ਰੇਸ਼ਮੀ ਚਾਦਰਾਂ ਸਾਰੀਆਂ ਮੈਂ ਅੱਜ ਹੀ ਪਹੁੰਚਾ ਦਿੰਦਾ ਹਾਂ। ਬਹੁਤ ਵਧੀਆ-ਵਧੀਆ ਖਰੀਦੇ ਹੋਏ ਨੇ, ਦੇਸਾਂ-ਪ੍ਰਦੇਸਾਂ ਤੋਂ ਸਿਲਕ ਮੰਗਾਇਆ ਹੋਇਆ ਹੈ, ਰੇਸ਼ਮ ਦੇ ਸਿਰੋਪਾਓ ਤੁਹਾਨੂੰ ਦੇ ਰਹੇ ਹਾਂ ਤੇ ਤੁਸੀਂ ਇਹ ਕੀ ਕਰਦੇ ਓਂ, ਨਿਹਚਾ ਕਰੋ ਏਸ ਚੀਜ਼ ਦੇ ਉਤੇ। ਕਹਿਣ ਲੱਗਿਆ ਮਹਾਰਾਜ! ਤੁਸੀਂ ਕਸ਼ਤਰੀ ਓਂ ਅਸੀਂ ਬਣਾਏ ਨੇ ਕਸ਼ਤਰੀ। ਅਸੀਂ ਉਚੇ ਕਰਿਆ ਹੈ ਤੁਹਾਨੂੰ। ਜੇ ਅਸੀਂ ਨਾ ਉਚੇ ਕਰਦੇ ਫੇਰ ਕਿਵੇਂ ਉਚੇ ਹੋ ਜਾਂਦੇ। ਮਹਾਰਾਜ ਕਹਿੰਦੇ ਜੇ ਤੁਸੀਂ ਇਹ ਗੱਲ ਕਹਿੰਦੇ ਓਂ
-

***ਛੱਤ੍ਰੀ ਸਭੈ ਕ੍ਰਿਤ ਬਿੱਪਨ ਕੇ ਇਨਹੂੰ ਪੈ ਕਟਾਛ***
***ਕ੍ਰਿਪਾ ਕੈ ਨਿਹਾਰੋ॥ ਸ਼੍ਰੀ ਮੁਖਵਾਕ ਸ੍ਵੈਯਾ***

ਮੈਂ ਵੀ ਕਸ਼ਤਰੀ ਬਣਾ ਦਿਤੇ ਸਾਰੇ ਤੇ ਇਨ੍ਹਾਂ ਦੇ ਉਤੇ ਹੁਣ ਕ੍ਰਿਪਾ ਦੀ ਦ੍ਰਿਸ਼ਟੀ ਰੱਖੋ। ਨੇਤਰ ਕਰੋ ਕ੍ਰਿਪਾ ਦੇ ਭਰੇ ਹੋਏ ਤੇ ਕ੍ਰੋਧ ਦੇ ਵਿਚ ਨਾ ਆਓ। ਕਹਿਣ ਲੱਗਿਆ, ਮਹਾਰਾਜ! ਅਸੀਂ ਤਿੰਨ ਯੁੱਗਾਂ ਤੋਂ ਅਵਤਾਰਾਂ ਨੂੰ ਅਵਤਾਰ ਬਣਾਉਂਦੇ ਆਏ ਹਾਂ। ਜਿਹੜੇ ਨੂੰ ਨਹੀਂ ਅਸੀਂ ਬਣਾਉਣਾ, ਉਹਦਾ ਕੋਈ ਨਾਉਂ ਥੇਅ ਨਹੀਂ ਜਾਣਦਾ। ਅਸੀਂ ਕਿਸੇ ਕਿਤਾਬ 'ਚ ਲਿਖਦੇ ਹੀ ਨਹੀਂ, ਉਲਟ ਲਿਖਦੇ ਹਾਂ। ਸਾਡੇ ਬਣਾਏ ਹੋਏ ਸਭ ਬਣਦੇ ਨੇ, ਤੁਸੀਂ ਇਹ ਕੀ ਕਰਦੇ ਓਂ, ਇਹ ਛੋਟੀਆਂ-ਛੋਟੀਆਂ ਜਾਤਾਂ ਤੇ ਨਿੱਕੇ-ਨਿੱਕੇ ਬੰਦੇ ਚਮੜੇ ਦਾ ਕੰਮ ਕਰਨ ਵਾਲੇ ਮਰੇ ਹੋਏ ਡੰਗਰਾਂ ਨੂੰ ਚੁੱਕਣ ਵਾਲੇ, ਹੱਲ ਵਾਹੁੰਣ ਵਾਲੇ, ਕੱਪੜੇ ਸਿਉਂਣ ਵਾਲੇ, ਲੱਕੜੀਆਂ ਚੀਰਣ ਵਾਲੇ ਤੇ ਸਮਾਨ ਬਣਾਉਣ ਵਾਲੇ ਲੋਹੇ ਦਾ ਕੰਮ ਕਰਨ ਵਾਲੇ, ਕੱਪੜੇ ਸਿਉਂਣ ਵਾਲੇ ਤੇ ਆਹ ਸਾਰਿਆਂ ਨੂੰ ਤੁਸੀਂ ਕੀ ਸਮਝਦੇ ਓਂ, ਇਨ੍ਹਾਂ 'ਚ ਹੈ ਕੀ? ਕੀ ਲੈ ਲਓਂਗੇ ਤੁਸੀਂ ਇਨ੍ਹਾਂ ਤੋਂ। ਇਹ ਛੋਟੀਆਂ ਜਾਤਾਂ ਦੇ ਨੇ, ਸਾਡਾ ਮੁਕਾਬਲਾ ਨਹੀਂ ਕਰ ਸਕਦੇ। ਇਨ੍ਹਾਂ ਨੂੰ ਤਾਂ ਕੁਛ ਆਉਂਦਾ ਹੀ ਨਹੀਂ, ਕੁਛ ਵੀ ਨਹੀਂ ਆਉਂਦਾ, ਕੋਈ ਚਰਿੱਤਰ ਨਹੀਂ, ਕੋਈ ਪੜ੍ਹੇ ਲਿਖੇ ਨਹੀਂ ਹਨ, ਮਹਾਰਾਜ! ਕਦਰ ਕਰੋ ਬ੍ਰਾਹਮਣਾਂ ਦੀ। ਮਹਾਰਾਜ ਕਹਿਣ ਲੱਗੇ, ਪੰਡਤ ਜੀ! ਫਿੱਕਾ ਨਾ ਬੋਲੋ,

ਗੁਰੂ ਨਾਨਕ ਕਹਿੰਦੇ ਨੇ -

**ਨਾਨਕ ਫਿਕੈ ਬੋਲਿਐ ਤਨੁ ਮਨੁ ਫਿਕਾ ਹੋਇ ॥**

**ਫਿਕੋ ਫਿਕਾ ਸਦੀਐ ਫਿਕੇ ਫਿਕੀ ਸੋਇ ॥   ਅੰਗ - ੪੭੩**

ਨਾ ਐਸਾ ਕਰੋ, ਤੁਸੀਂ ਵਿਦਵਾਨ ਓਂ। ਤੁਹਾਡੇ ਮੂੰਹ ਤੋਂ ਇਹ ਗੱਲਾਂ ਨਹੀਂ ਸ਼ੋਭਦੀਆਂ। ਐਸ ਤਰ੍ਹਾਂ ਫੁਰਮਾਨ ਕਰਦੇ ਨੇ-

***ਧਾਰਨਾ - ਕਾਹਨੂੰ ਬੋਲਦੈਂ ਮੰਦੇ ਬੋਲ ਖਾਲਸੇ ਨੂੰ।***

***ਜੁੱਧ ਜਿਤੇ ਇਨ ਹੀ ਕੇ ਪ੍ਰਸਾਦਿ ਇਨ ਹੀ ਕੇ***
***ਪ੍ਰਸਾਦਿ ਸੁ ਦਾਨ ਕਰੇ॥***
***ਅਘ ਅਉਘ ਟਰੇ ਇਨਹੀ ਕੇ ਪ੍ਰਸਾਦਿ ਇਨਹੀ***
***ਕ੍ਰਿਪਾ ਫੁਨ ਧਾਮ ਭਰੇ॥***
***ਇਨਹੀ ਕੇ ਪ੍ਰਸਾਦਿ ਸੁ ਬਿਦਿਆ ਲਈ ਇਨਹੀ***
***ਕੀ ਕ੍ਰਿਪਾ ਸਭ ਸਤ੍ਰ ਮਰੇ॥***
***ਇਨ ਹੀ ਕੀ ਕ੍ਰਿਪਾ ਕੇ ਸਜੇ ਹਮ ਹੈਂ ਨਹੀ ਮੋ***
***ਸੇ ਗਰੀਬ ਕਰੋਰ ਪਰੇ॥   ਗਿਆਨ***
***ਪ੍ਰਬੋਧ ਪਾ. ੧੦ (ਸਵੈਯਾ)***

ਨਾ ਪੰਡਤ ਜੀ!

ਆਹ ਮੇਰੇ ਗੁਰਸਿੱਖਾਂ ਨੂੰ ਕੋਈ ਬਾਤ ਨਾ ਕਹੋ, ਮੰਦੀਆਂ ਗੱਲਾਂ ਕਹਿੰਦੇ ਓਂ।

***ਜੁੱਧ ਜਿਤੇ ਇਨ ਹੀ ਕੇ ਪ੍ਰਸਾਦਿ***
***ਇਨ ਹੀ ਕੇ ਪ੍ਰਸਾਦਿ ਸੁ ਦਾਨ ਕਰੇ॥***

ਤੁਹਾਡੇ ਸਵਾ ਮਣ ਜਨੇਊ ਰੋਜ਼ ਲਹਿ ਰਹੇ ਸੀ ਤੇ ਠੱਲ੍ਹ ਪਾਈ ਹੈ ਤਾਂ ਇਨ੍ਹਾਂ ਗਰੀਬਾਂ ਨੇ ਪਾਈ ਹੈ। ਮੇਰੇ ਨਾਲ ਸ਼ਸਤਰ ਲੈ ਕੇ ਯੁੱਧਾਂ 'ਚ ਗਏ ਨੇ। ਜਿਹੜੇ ਤੁਹਾਨੂੰ ਦਾਨ ਵੱਡੇ-ਵੱਡੇ ਕਰਦੇ ਹਾਂ, ਇਨ੍ਹਾਂ ਦੀ ਕ੍ਰਿਪਾ ਨਾਲ ਇਨ੍ਹਾਂ ਦੀ ਕਿਰਤ ਕਮਾਈ 'ਚੋਂ ਦਸਵੰਧ ਆਉਂਦਾ ਹੈ, ਉਹ ਫੇਰ ਤੁਹਾਨੂੰ ਦਾਨ ਦੇ ਰੂਪ ਵਿਚ ਮਿਲਦਾ ਹੈ। ਅਨੇਕਾਂ ਵਿਘਨ, ਅਨੇਕਾਂ ਪਾਪ ਇਨ੍ਹਾਂ ਦੀ ਕ੍ਰਿਪਾ ਦੇ ਨਾਲ ਦੂਰ ਹੁੰਦੇ ਨੇ, ਜਿੰਨੇ ਆਹ ਘਰ ਭਰੇ ਹੋਏ ਨੇ ਇਹ ਸਭ ਇਨ੍ਹਾਂ ਦੀ ਕ੍ਰਿਪਾ ਹੀ ਹੈ। ਜਿੰਨੀ ਅਸੀਂ ਵਿਦਿਆ ਲਈ ਹੈ, ਜਿੰਨੇ ਗ੍ਰੰਥ ਬਣਵਾਏ ਨੇ, 102 ਬੰਦਾ ਰੱਖ ਕੇ ਲਿਖਾਈਆਂ ਕਰਾਈਆਂ ਨੇ, ਉਹ ਸਾਰੀ ਇਨ੍ਹਾਂ ਦੀ ਮਿਹਰਬਾਨੀ ਹੈ, ਜਿੰਨੇ ਦੁਸ਼ਮਣ ਮਰੇ ਨੇ ਵੱਡੇ-ਵੱਡੇ, ਇਨ੍ਹਾਂ ਦੀ ਕ੍ਰਿਪਾ ਨਾਲ ਮਰੇ ਨੇ। ਮੈਂ ਤਾਂ ਇਨ੍ਹਾਂ ਦੀ ਕ੍ਰਿਪਾ ਕਰਕੇ ਹੀ ਸਜਿਆ ਹੋਇਆ ਬੈਠਾ ਹਾਂ ਤਖਤ ਦੇ ਉਤੇ, ਨਹੀਂ ਮੇਰੇ ਵਰਗੇ ਗਰੀਬਾਂ ਨੂੰ ਕੌਣ ਪੁਛਦਾ ਹੈ। ਐਡੀ ਵੱਡੀ ਗੱਲ ਕਹਿ ਕੇ ਕਹਿਣ ਲੱਗੇ, ਹੁਣ ਅੱਜ ਤੋਂ ਬਾਅਦ ਅਸੀਂ ਇਹ ਦਸ ਦਿੰਦੇ ਹਾਂ ਪੰਡਤ ਜੀ! ਯੁੱਗ ਬਦਲ ਗਿਆ, ਚਾਰੇ ਵਰਨ ਇਕੱਠੇ ਕਰ ਦਿਤੇ ਮੈਂ ਆਪਣੇ ਖਾਲਸੇ ਦੇ ਰੂਪ ਵਿਚ, ਹੁਣ ਇਸ ਖਾਲਸੇ 'ਚ ਕੋਈ ਬ੍ਰਾਹਮਣ ਨਹੀਂ ਹੋਏਗਾ, ਕੋਈ ਖੱਤਰੀ ਨਹੀਂ ਹੋਏਗਾ, ਕੋਈ ਵੈਸ਼ ਨਹੀਂ ਹੋਏਗਾ, ਕੋਈ ਸ਼ੂਦਰ ਨਹੀਂ ਹੋਏਗਾ, ਕੋਈ ਮਾੜਾ ਨਹੀਂ ਹੋਏਗਾ, ਕਿਸੇ ਦੀ ਜਾਤ ਨੀਵੀਂ ਨਹੀਂ

**ਬਿਲਾਸਪੁਰ (ਯੂ.ਪੀ.) ਵਿਖੇ ਸੰਤ ਬਾਬਾ ਹਰਪਾਲ ਸਿੰਘ ਜੀ ਕੀਰਤਨ ਵਿੱਚ ਹਾਜਰੀ ਭਰਦੇ ਹੋਏ।**





ਨਗਰ ਬਹਿਰਾਮ (ਨੇੜੇ ਫਗਵਾੜਾ) ਵਿਖੇ ਸੰਤ ਬਾਬਾ ਲਖਬੀਰ ਸਿੰਘ ਜੀ ਪ੍ਰਵਚਨਾਂ ਦੁਆਰਾ ਸੰਗਤਾਂ ਨੂੰ ਨਿਹਾਲ ਕਰਦੇ ਹੋਏ।





ਕੀਰਤਨ ਦਾ ਆਨੰਦ ਮਾਣਦੀਆਂ ਹੋਈਆਂ ਸੰਗਤਾਂ।

ਹੋਏਗੀ, ਇਹਦੇ ਵਿਚ ਹੀ ਪ੍ਰਚਾਰਕ ਹੋਣਗੇ, ਇਹਦੇ ਵਿਚ ਹੀ ਦਾਨ ਲੈਣ ਵਾਲੇ ਹੋਣਗੇ, ਇਹਦੇ ਵਿਚ ਹੀ ਦਾਨ ਦੇਣ ਵਾਲੇ ਹੋਣਗੇ, ਇਹਦੇ ਵਿਚ ਹੀ ਸੇਵਾ ਕਰਨ ਵਾਲੇ ਹੋਣਗੇ, ਜਿਹੜੀ ਸੇਵਾ ਤੁਸੀਂ ਸ਼ੂਦਰਾਂ ਦਾ ਕੰਮ ਦਸਦੇ ਓਂ, ਇਸ ਸੇਵਾ ਨੂੰ ਅਸੀਂ ਸਿਮਰਨ ਦੇ ਬਰਾਬਰ ਕਰ ਦਿਤਾ ਤੇ ਸੇਵਾ ਕਰਨ ਵਾਲੇ -

**ਹਰਿ ਕਾ ਸੇਵਕੁ ਸੋ ਹਰਿ ਜੇਹਾ ॥**
**ਭੇਦੁ ਨ ਜਾਣਹੁ ਮਾਣਸ ਦੇਹਾ ॥**
**ਜਿਉ ਜਲ ਤਰੰਗ ਉਠਹਿ ਬਹੁ ਭਾਤੀ**
**ਫਿਰਿ ਸਲਲੈ ਸਲਲ ਸਮਾਇਦਾ ॥**
**ਅੰਗ - ੧੦੭੬**

ਸੇਵਾ ਕਰਨ ਵਾਲਾ ਜਿਹਨੂੰ ਅਧਿਕਾਰ ਨਹੀਂ ਸੀ ਓਅੰਕਾਰ ਕਹਿਣ ਦਾ, ਕਹਿੰਦੇ ਉਹ ਪ੍ਰਮੇਸ਼ਰ ਦਾ ਰੂਪ ਬਣਾ ਦਿਤਾ। ਸੋ ਹੁਣ ਅੱਗੇ ਵਾਸਤੇ ਜੋ ਵਿਧਾਨ ਹੈ ਉਹ ਅਸੀਂ ਆਹ ਬੰਨ੍ਹ ਦਿਤਾ ਹੈ -

*ਧਾਰਨਾ - ਪਿਆਰੇ ਜੀ, ਦਾਨ ਦਿਤਾ ਖਾਲਸੇ ਨੂੰ, ਉਹ ਦੋਹੀਂ ਜਹਾਨੀਂ ਫਲਦਾ।*

*ਸੇਵ ਕਰੀ ਇਨਹੀ ਕੀ ਭਾਵਤ*
*ਅਉਰ ਕੀ ਸੇਵ ਸੁਹਾਤ ਨ ਜੀ ਕੋ ॥*
*ਦਾਨ ਦਯੋ ਇਨਹੀ ਕੋ ਭਲੋ*
*ਅਰੁ ਆਨ ਕੋ ਦਾਨ ਨ ਲਾਗਤ ਨੀਕੋ ॥*
*ਆਗੈ ਫਲੈ ਇਨ ਹੀ ਕੋ ਦਯੋ*
*ਜਗ ਮੈ ਜਸੁ ਅਉਰ ਦਯੋ ਸਭ ਫੀਕੋ ॥*
*ਮੋ ਗ੍ਰਿਹ ਮੈ ਤਨ ਤੇ ਮਨ ਤੇ*
*ਸਿਰ ਲਉ ਧਨ ਹੈ ਸਭ ਹੀ ਇਨਹੀ ਕੋ ॥*
*ਗਿਆਨ ਪ੍ਰਬੋਧ ਪਾ: ੧੦ (ਸਵੈਯਾ)*

ਪੰਡਤ ਜੀ! ਐਨੀਆਂ ਛੋਟੀਆਂ ਗੱਲਾਂ? ਇਨ੍ਹਾਂ ਗਰੀਬ ਸਿੱਖਾਂ ਦੀ ਸੇਵਾ ਕਰੀ ਹੋਈ ਮੈਨੂੰ ਭਾਉਂਦੀ ਹੈ, ਹੰਕਾਰੀਆਂ ਦੀ, ਜਾਤ ਅਭਿਮਾਨੀਆਂ ਦੀ ਸੇਵਾ ਕਰੀ ਹੋਈ ਮੇਰੇ ਜੀਅ ਨੂੰ ਚੰਗੀ ਨਹੀਂ ਲਗਦੀ। ਇਹ ਬੰਦਗੀ ਕਰਨ ਵਾਲੇ ਨੇ, ਦਾਨ ਇਨ੍ਹਾਂ ਨੂੰ ਦਿਓ, ਆਪ ਨਹੀਂ ਖਾਂਦੇ ਇਹ, ਸੰਸਾਰ ਦੇ ਭਲੇ ਵਾਸਤੇ ਲਾਉਂਦੇ ਨੇ। ਤੁਸੀਂ ਕੀ ਕਰਦੇ ਓਂ ਗੋਗੜਾਂ ਵਧਾ ਲੈਂਦੇ ਓਂ, ਖਾਈ ਜਾਂਦੇ ਓਂ, ਇਹ ਮੇਰੇ ਗੁਰਸਿੱਖਾਂ ਨੇ ਨਹੀਂ ਖਾਇਆ ਕਰਨਾ, ਕੇਵਲ ਨਿਰਬਾਹ ਮਾਤਰ ਰਿਹਾ ਕਰਨਗੇ, ਰੋਟੀ ਖਾਣਗੇ, ਲੰਗਰ ਦਿਨ ਰਾਤ ਪਕਾਉਣਗੇ, ਹਾਕਾਂ ਮਾਰਨਗੇ, ਆਓ ਛਕੋ। ਆਪਣਾ ਘਰ ਨਹੀਂ ਬਣਾਉਣਗੇ, ਦਾਨ ਦਿੱਤਾ ਹੋਇਆ ਇਨ੍ਹਾਂ ਨੂੰ ਫਲਣਾ ਹੈ। ਏਸ ਜ਼ਮੀਨ ਵਿਚ ਫਸਲਾਂ ਹੋਣੀਆਂ ਨੇ, ਕੱਲਰੀ ਜ਼ਮੀਨ ਵਿਚ ਬੀਜ ਕੇ ਕੁਛ ਨਹੀਂ ਮਿਲਣਾ। ਅੱਗੇ ਜਾ ਕੇ ਇਨ੍ਹਾਂ ਨੂੰ ਦਿਤਾ ਹੋਇਆ ਦਾਨ ਹਜ਼ਾਰਾਂ ਗੁਣਾਂ ਫਲਣਾ ਹੈ। ਕਿਉਂ ਫਲਣਾ ਹੈ? ਤਮਾਕੂ ਪੀਣ ਵਾਲੇ ਨੂੰ ਜਿਹੜਾ ਦਾਨ ਦਿੰਦਾ ਹੈ, ਸੱਤ ਜਨਮ ਸੂਰ ਬਣਨਾ ਪੈਂਦਾ ਹੈ ਉਸਨੂੰ, ਇਹ ਸਕੰਦ ਪ੍ਰਾਣ 'ਚ ਲਿਖਿਆ ਹੋਇਆ ਹੈ। ਬ੍ਰਹਮਾ ਜੀ ਨੇ ਕਿਹਾ ਹੈ ਨਾਰਦ ਨੂੰ ਕਿ ਜਿਹੜਾ ਤਮਾਕੂ ਪੀਣ ਵਾਲੇ ਨੂੰ ਦਾਨ ਦਿੰਦਾ ਹੈ ਉਹ ਸੱਤ ਜਨਮ ਸੂਰ ਬਣ ਕੇ ਪਿੰਡ ਦੀ ਗੰਦਗੀ ਖਾਏਗਾ। ਫਲਿਆ ਤਾਂ ਨਾ ਦਾਨ, ਫੇਰ ਤਾਂ

ਨਰਕਾਂ ਨੂੰ ਲੈ ਗਿਆ ਇਹ। ਮਾਸ ਖਾਣ ਵਾਲੇ ਨੂੰ ਦਾਨ ਦੇ ਦਿਤਾ, ਉਹਨੇ ਵੱਢ ਲੈਣਾ ਹੈ ਕੋਈ ਜੀਵ ਉਸੇ ਵਕਤ ਤੁਹਾਡੇ ਦਾਨ ਦੇ ਰੁਪਈਆਂ ਨਾਲ, ਨਾਲੇ ਆਪਾਂ ਫਸ ਗਏ, ਨਾਲੇ ਉਹ ਖਾਣ ਵਾਲਾ। ਸ਼ਰਾਬ ਪੀ ਲੈਣੀ ਹੈ, ਸਿਗਰਟਾਂ ਪੀ ਲੈਣੀਆਂ ਨੇ। ਮਾੜੇ ਕੰਮ ਕਰ ਲੈਣੇ ਨੇ।




ਮਹਾਰਾਜ ਕਹਿੰਦੇ ਨਾ, ਇਹ ਤਾਂ ਫਲਣਾ ਹੀ ਨਹੀਂ ਹੈ। ਮੇਰੇ ਗੁਰਸਿੱਖਾਂ ਨੂੰ ਦਿਤਾ ਹੋਇਆ ਦਾਨ, ਗਿਆਨੀਆਂ, ਬ੍ਰਹਮਗਿਆਨੀਆਂ ਨੂੰ ਦਿਤਾ ਹੋਇਆ ਫਲੇਗਾ। ਕਿੰਨਾ ਫਲਦਾ ਹੈ? ਕਹਿੰਦੇ ਲੱਖਾਂ ਗੁਣਾਂ ਫਲਦਾ ਹੈ। ਇਥੇ ਜੱਸ ਹੋਏਗਾ, ਬਾਕੀ ਸਭ ਫਿਕਾ ਰਹੇਗਾ। ਜਿੰਨਾਂ ਧਨ ਦੇਖਦੇ ਓਂ, ਮੈਂ ਤਾਂ ਸਭ ਕੁਛ ਇਨ੍ਹਾਂ ਨੂੰ ਦਾਨ ਕਰ ਦਿਤਾ, ਆਪਣਾ ਆਪ ਵੀ ਦਾਨ ਕਰ ਦਿਤਾ, ਆਪਣਾ ਪਿਤਾ ਵੀ ਦਾਨ ਕਰ ਦਿਤਾ, ਮਾਤਾ ਵੀ ਦਾਨ ਕਰ ਦਿਤੀ, ਚਾਰੇ ਪੁੱਤਰ ਦਾਨ ਕਰ ਦਿਤੇ, ਮੈਂ ਆਪਣਾ ਸਰੀਰ ਦਾਨ ਕਰ ਦਿਤਾ, ਮੈਂ ਆਪਣਾ ਕੁਛ ਨਹੀਂ ਲਕੋ ਕੇ ਰੱਖਿਆ। ਸਾਰਾ ਕੁਛ ਦੇ ਦਿਤਾ ਤੇ ਤੁਸੀਂ ਅੱਜ ਜਾਤਾਂ ਪਾਤਾਂ ਦੀਆਂ ਗੱਲਾਂ ਕਰਦੇ ਓਂ? ਇਹ ਤਾਂ ਸਾਰਿਆਂ 'ਚ ਇਕੋ ਜੋਤ ਹੈ –





**ਹਭ ਸਮਾਣੀ ਜੋਤਿ ਜਿਉ ਜਲ ਘਟਾਊ ਚੰਦ੍ਰਮਾ ॥**

**ਅੰਗ – ੧੦੯੯**

ਪਾਣੀ ਦਾ ਅੰਦਰ ਚੰਦਰਮਾ ਦਾ ਪਰਛਾਵਾਂ ਪੈ ਰਿਹਾ ਹੈ, ਸਾਰਿਆਂ ਬਰਤਨਾਂ 'ਚ, ਜਿਨਿਆਂ 'ਚ ਪਾਣੀ ਹੈ, ਉਹਦੇ 'ਚ ਤਾਂ ਚੰਦਰਮਾ ਇਕੋ ਹੀ ਹੈ, ਇਸੇ ਤਰ੍ਹਾਂ ਸਭ ਦੇ ਅੰਦਰ ਵਾਹਿਗੁਰੂ ਇਕ ਹੈ।



**ਪਰਗਟੁ ਥੀਆ ਆਪਿ ਨਾਨਕ ਮਸਤਕਿ ਲਿਖਿਆ॥**

**ਅੰਗ – ੧੦੯੯**

ਇਥੇ ਦੂਜਾ ਨਹੀਂ ਹੈ ਕੋਈ, ਸਾਰਿਆਂ ਦੇ ਅੰਦਰ ਇਕੋ ਜੋਤ ਹੈ। ਸਾਰਿਆਂ ਦੇ ਅੰਦਰ ਰਾਮ ਪਿਆਰਾ ਵਸਦਾ ਹੈ ਐਉਂ ਪੜ੍ਹ ਲਓ –

**ਗੁ. ਰਤਵਾੜਾ ਸਾਹਿਬ ਵਿਖੇ ਹਫਤਾਵਾਰੀ ਸਮਾਗਮ ਸਮੇਂ ਸੰਤ ਬਾਬਾ ਲਖਬੀਰ ਸਿੰਘ ਜੀ, ਵਿਸ਼ੇਸ ਤੌਰ ਤੇ ਪੁੱਜੇ ਪੰਥ ਪ੍ਰਸਿੱਧ ਕਥਾਵਾਚਕ ਗਿਆਨੀ ਸਾਹਿਬ ਸਿੰਘ ਜੀ ਅਤੇ ਸੰਤ ਗੁਰਚਰਨ ਸਿੰਘ ਮਰਦਾਂਪੁਰ ਗੁਰਮਤਿ ਵਿਚਾਰਾਂ ਦੀ ਸਾਂਝ ਪਾਉਂਦੇ ਹੋਏ।**

*ਧਾਰਨਾ - ਪਿਆਰੇ ਜੀ, ਮਾਨਸਾਂ ਦੀ ਜਾਤ ਇਕੋ ਹੈ, ਸਭਨਾਂ ਅੰਦਰ ਰਾਮ ਪਿਆਰਾ।*

*ਕੋਊ ਭਇਓ ਮੁੰਡੀਆ ਸੰਨਿਆਸੀ ਕੋਊ ਜੋਗੀ ਭਇਓ*

*ਕੋਈ ਬ੍ਰਹਮਚਾਰੀ ਕੋਊ ਜਤੀਅਨੁ ਮਾਨਬੋ॥*

*ਹਿੰਦੂ ਤੁਰਕ ਕੋਊ ਰਾਫਜੀ ਇਮਾਮ ਸ਼ਾਫੀ,*

*ਮਾਨਸ ਕੀ ਜਾਤ ਸਬੈ ਏਕੈ ਪਹਚਾਨਬੋ ॥*
*ਕਰਤਾ ਕਰੀਮ ਸੋਈ ਰਾਜਕ ਰਹੀਮ ਓਈ*
*ਦੂਸਰੋ ਨ ਭੇਦ ਕੋਈ ਭੂਲ ਭ੍ਰਮ ਮਾਨਬੋ ॥*
*ਏਕ ਹੀ ਕੀ ਸੇਵ ਸਭ ਹੀ ਕੋ ਗੁਰਦੇਵ ਏਕ*
*ਏਕ ਹੀ ਸਰੂਪ ਸਬੈ ਏਕੈ ਜੋਤ ਜਾਨਬੋ ॥ - ਅਕਾਲ ਉਸਤਤਿ*

*ਦੇਹਰਾ ਮਸੀਤ ਸੋਈ, ਪੂਜਾ ਔ ਨਿਵਾਜ ਓਈ*
*ਮਾਨਸ ਸਬੈ ਏਕ ਪੈ ਅਨੇਕ ਕੋ ਭ੍ਰਮਾਉ ਹੈ ॥*
*ਦੇਵਤਾ ਅਦੇਵ ਜੱਛ ਗੰਧ੍ਰਬ ਤੁਰਕ ਹਿੰਦੂ*
*ਨਿਆਰੇ ਨਿਆਰੇ ਦੇਸਨ ਕੇ ਭੇਸ ਕੋ ਪ੍ਰਭਾਉ ਹੈ ॥*
*ਏਕੈ ਨੈਨ ਏਕੈ ਕਾਨ ਏਕੈ ਦੇਹ ਏਕੈ ਬਾਨ,*
*ਖਾਕ ਬਾਦ ਆਤਸ ਔ ਆਬ ਕੋ ਰਲਾਉ ਹੈ ॥*
*ਅਲਹ ਅਭੇਖ ਸੋਈ, ਪੁਰਾਨ ਐ ਕੁਰਾਨ ਓਈ,*
*ਏਕ ਹੀ ਸਰੂਪ ਸਬੈ ਏਕ ਹੀ ਬਨਾਉ ਹੈ। - ਅਕਾਲ ਉਸਤਤਿ*




ਸ੍ਰੀ ਅਨੰਦਪੁਰ ਸਾਹਿਬ ਵਿਖੇ ਹੋਲੇ-ਮਹੱਲੇ ਤੇ 'ਆਤਮ ਮਾਰਗ' ਦੀ ਸਟਾਲ ਤੇ ਸੇਵਾਦਾਰ ਸੇਵਾ ਵਿੱਚ।

ਐਨਾ ਫਰਕ ਪੰਡਤ ਜੀ, ਮਨੁੱਖਾਂ-ਮਨੁੱਖਾਂ 'ਚ ਪਾ ਦਿਤਾ ਤੁਸੀਂ? ਐਨਾ ਫਰਕ ਪਾ ਲਿਆ ਰੱਬ ਦੇ ਘਰ 'ਚ ਕਿ ਜੀ ਇਹ ਦੇਹੁਰਾ ਹੈ ਜੀ, ਇਹ ਮਸਜਿਦ ਹੈ, ਇਹ ਪੂਜਾ ਕਰਦਾ ਹੈ ਜੀ, ਇਹ ਨਮਾਜ਼ ਕਰਦਾ ਹੈ। ਕਹਿੰਦੇ ਐਉਂ ਤਾਂ ਦੱਸ ਯਾਦ ਕੀਹਨੂੰ ਕਰਦੇ ਨੇ ਉਹ? ਪੂਜਾ ਕਰਨ ਵਾਲਾ ਕੀਹਨੂੰ ਯਾਦ ਕਰਦਾ ਹੈ ਤੇ ਮਸਜਿਦ ਜਾ ਕੇ ਨਮਾਜ਼ ਪੜ੍ਹਨ ਵਾਲਾ ਕੀਹਨੂੰ ਯਾਦ ਕਰਦਾ ਹੈ? ਐਨਾ ਫਰਕ ਤੁਸੀਂ ਮਨੁੱਖ 'ਚ ਪਾ ਦਿਤਾ? ਕੱਪੜਿਆਂ ਨਾਲ ਤੁਸੀਂ ਆਦਮੀ ਵੰਡ ਦਿਤਾ? ਪੁਰਾਨ 'ਚ ਵੀ ਰੱਬ ਦੀਆਂ ਗੱਲਾਂ ਨੇ, ਕੁਰਾਨ 'ਚ ਵੀ ਰੱਬ ਦੀਆਂ ਗੱਲਾਂ ਨੇ। ਪੰਡਤ ਜੀ ਨੂੰ ਸਮਝਾ ਦਿਤਾ ਕਿ ਲੈ ਲਓ। ਚੀਜ਼ਾਂ ਮੰਗਾ ਲਈਆਂ, ਜਦੋਂ ਦੇਖਿਆ ਕਿ ਰੇਸ਼ਮ ਹੀ ਰੇਸ਼ਮ ਤੁਰਿਆ ਆਉਂਦਾ ਹੈ, ਮੋਹਰਾਂ ਰੱਖੀਆਂ ਹੋਈਆਂ ਨੇ ਉਤੇ ਸੋਨੇ ਦੀਆਂ, ਬੈਠ ਕੇ ਪੰਗਤ 'ਚ ਪ੍ਰਸ਼ਾਦਾ ਛਕਣ ਲੱਗ ਗਏ ਉਦੋਂ ਹੀ। ਮਹਾਰਾਜ ਕਹਿੰਦੇ, ਆਹ ਵੀ ਪਾਖੰਡ ਸੀਗਾ ਲਹਿ ਗਿਆ ਸਾਰਾ, ਲਾਲਚ ਹੈ ਸਾਰਾ, ਕੁਛ ਨਹੀਂ ਹੈ ਹੋਰ।

ਇਸ ਤੋਂ ਬਾਅਦ ਦੂਸਰਾ ਦਿਨ ਆ ਜਾਂਦਾ ਹੈ, ਕੀਰਤਨ ਹੋ ਰਿਹਾ ਹੈ, 80,000 ਬੰਦਾ, ਅੰਦਾਜ਼ਾ ਲਾ ਲਓ ਕਿੱਥੋਂ ਤੱਕ ਪੰਡਾਲ ਹੋਣਾ ਹੈ, ਨਾ ਕੋਈ ਲਾਊਡ ਸਪੀਕਰ, ਕਿੱਡਾ ਉਚਾ ਬੋਲ ਹੋਣਾ ਹੈ ਮਹਾਰਾਜ ਜੀ ਦਾ। 80,000 ਬੰਦਾ ਬੈਠਾ ਸੁਣ ਰਿਹਾ ਹੈ, ਬਰਕਤ ਵਾਲੇ ਬੰਦੇ ਸੀ।

ਸੰਤ ਮਹਾਰਾਜ ਮਸਤੂਆਣੇ ਵਾਲੇ ਜਦੋਂ ਸ਼ਬਦ ਪੜ੍ਹਦੇ ਸੀ ਪੂਰੇ ਦੋ ਮੀਲ ਤੇ, ਢਾਈ ਮੀਲ ਤੇ ਉਨ੍ਹਾਂ ਦੀ ਆਵਾਜ਼ ਸੁਣੀ ਜਾਂਦੀ ਸੀ। ਸੰਤ ਮਹਾਰਾਜ (ਸੰਤ ਈਸ਼ਰ ਸਿੰਘ ਜੀ ਮਹਾਰਾਜ ਰਾੜਾ ਸਾਹਿਬ) ਜਦੋਂ ਕੀਰਤਨ ਕਰਿਆ ਕਰਦੇ ਸੀ ਅਸੀਂ ਧਮੋਟ ਤੋਂ ਜਾਣਾ, ਜਦੋਂ ਘਲੋਟੀ ਦਾ ਦਰਵਾਜ਼ਾ ਨਿਕਲਣਾ ਆਵਾਜ਼ ਐਉਂ ਲੱਗਣੀ ਜਿਵੇਂ ਹਵਾ 'ਚੋਂ ਆਵਾਜ਼ ਉਡੀ ਆ ਰਹੀ ਹੈ, ਉਥੋਂ ਸ਼ਬਦ ਸਮਝ ਵਿਚ ਆਉਣਾ। ਮੇਰਾ ਖਿਆਲ ਹੈ ਉਥੋਂ ਇਕ ਮੀਲ ਹੋਣਾ ਪੂਰਾ।

80,000 ਬੰਦਾ ਬੈਠਾ ਹੈ, ਕੀਰਤਨ ਹੋ ਰਿਹਾ ਹੈ, ਗੁਰੂ ਮਹਾਰਾਜ ਅਚਾਨਕ ਸਿੰਘਾਸਨ 'ਤੇ ਖੜ੍ਹੇ ਹੋ ਗਏ, ਉਸ ਵੇਲੇ ਆਪ ਨੇ ਲੰਮਾ ਚੌੜਾ ਖਿਆਲ ਦਿਤਾ ਭਾਰਤ ਵਰਸ਼ ਵਾਲਿਆਂ ਨੂੰ। ਪਿਛੋਕੜ ਯਾਦ ਕਰਾਇਆ, ਉਹ ਜ਼ਮਾਨਾ ਯਾਦ ਕਰਾਇਆ ਜਦੋਂ ਸੌਤਿਆ ਵਾਲੇ ਹੁੰਦੇ ਸੀ, ਹੋਲੀ-ਹੌਲੀ ਗੁਲਾਮ ਹੋ ਗਏ, ਗੁਲਾਮ ਵੀ ਐਨੇ ਹੋਏ ਬੋਲੀ ਵੀ ਬਦਲ ਲਈ, ਪੁਸ਼ਾਕ ਵੀ ਬਦਲ ਲਈ, ਨੀਲੇ ਕੱਪੜੇ ਪਹਿਨ ਲਏ।

**ਨੀਲ ਬਸਤ੍ਰ ਲੇ ਕਪੜੇ ਪਹਿਰੇ ਤੁਰਕ ਪਠਾਣੀ ਅਮਲੁ ਕੀਆ ॥ ਅੰਗ - ੪੭੦**

ਤੁਰਕਾਂ ਪਠਾਣਾਂ ਦਾ ਰਾਜ ਆ ਗਿਆ, ਰੀਸ ਕਰ ਲਈ। ਕੱਪੜੇ ਵੀ ਉਹੋ ਜਿਹੇ ਪਹਿਨ ਲਏ।

**ਘਰਿ ਘਰਿ ਮੀਆ ਸਭਨਾਂ ਜੀਆਂ ਬੋਲੀ ਅਵਰ ਤੁਮਾਰੀ ਅੰਗ - ੧੧੯੧**

ਮਹਾਰਾਜ ਕਹਿੰਦੇ, ਤੁਹਾਡਾ ਤਾਂ ਸਭਿਆਚਾਰ ਖਤਮ ਹੋ ਗਿਆ, ਮੌਲਿਕਤਾ ਖਤਮ ਹੋ ਗਈ, ਤੁਸੀਂ ਤਾਂ ਕਿਤੇ ਵੀ ਨਾ ਰਹੇ। ਰਾਜਾ ਐਨਾ ਅਨਿਆਈ ਹੋ ਗਿਆ ਕਿ ਹਲਕਿਆ ਹੋਇਆ ਕੁੱਤਾ ਤਾਂ ਅਜੇ ਕੁਛ ਨਹੀਂ ਵਿਗਾੜ ਸਕਦਾ, ਇਹ ਤਾਂ ਜਿਵੇਂ ਕੋਈ ਬਘਿਆੜ ਹਲਕ ਗਏ, ਜਨਤਾ ਨੂੰ ਪਾੜ-ਪਾੜ ਕੇ ਖਾ ਰਹੇ ਨੇ। ਸ਼ਾਂਤਮਈ ਕੁਰਬਾਨੀਆਂ ਦੇ ਦਿਤੀਆਂ ਗੁਰੂ ਪੰਜਵੇਂ ਪਾਤਸ਼ਾਹ ਨੇ, ਤੱਤੀਆਂ ਤਵੀਆਂ, ਉਬਲਦੀਆਂ ਦੇਗਾਂ 'ਚ ਬੈਠ ਗਏ, ਮੂੰਹ ਤੋਂ ਮਾੜਾ ਬਚਨ ਨਹੀਂ ਕਿਹਾ, ਸਰਾਪ ਨਹੀਂ ਦਿਤਾ। ਜੇ ਇਕ ਫੁਰਨਾ ਕਰ ਦਿੰਦੇ ਤਾਂ ਸਭ ਖਤਮ ਕਰ ਸਕਦੇ ਸੀ। ਗੁਰੂ ਤੇਗ ਬਹਾਦਰ ਸਾਹਿਬ ਮਹਾਰਾਜ ਨੇ ਚਾਂਦਨੀ ਚੌਂਕ ਦੇ ਉਤੇ, ਆਪਣੇ ਜਾਨ ਤੋਂ ਪਿਆਰੇ ਨੂੰ ਸਿੱਖਾਂ ਆਰਿਆਂ ਨਾਲ ਚੀਰਦੇ ਦੇਖਿਆ। ਦੇਗਾਂ 'ਚ ਉਬਲਦੇ ਦੇਖਿਆ, ਰੂੰ 'ਚ ਬੰਨ੍ਹ ਕੇ ਸਤੀਦਾਸ ਵਰਗਿਆਂ ਨੂੰ ਜਲਦੇ ਦੇਖਿਆ। ਲੇਕਿਨ ਆਪ ਨੇ ਸਭ ਸਹਿ ਲਿਆ, ਅਜਰ ਜਰ ਲਿਆ ਤੇ ਇਕ ਬਚਨ ਵੀ ਮਾੜਾ ਨਹੀਂ ਕਿਹਾ ਉਨ੍ਹਾਂ ਨੂੰ। ਜਿਵੇਂ ਭਾਈ ਮਤੀਦਾਸ ਨੇ ਕਹਿ ਦਿਤਾ ਸੀ ਕਿ ਜੇ ਮੈਨੂੰ ਆਗਿਆ ਦੇਣ ਗੁਰੂ ਸਾਹਿਬ ਤਾਂ ਮੈਂ ਲਾਹੌਰ ਤੇ ਦਿੱਲੀ ਨੂੰ ਹੁਣੇ ਗਰਕ ਕਰ ਦੇਵਾਂ, ਛੈਣੇ ਵਜਾ ਦੇਵਾਂ। ਮਹਾਰਾਜ ਕਹਿੰਦੇ, ਕਿੱਥੋਂ ਸ਼ਕਤੀ ਆਈ? ਕਹਿੰਦੇ ਕਿ ਮਹਾਰਾਜ ਗੰਨੇ ਦਾ ਛਿਲਕ ਚੂਪ ਲਿਆ ਸੀ, ਆਪ ਦੇ ਸ਼ੀਤ ਪ੍ਰਸਾਦ ਦਾ, ਮੇਰੇ ਤੋਂ ਹੁਣ ਸਾਂਭਿਆ ਨਹੀਂ ਜਾਂਦਾ। ਮਹਾਰਾਜ ਨੇ ਹੱਥ ਕਰਕੇ ਸਾਰੀ ਸ਼ਕਤੀ ਖਿੱਚ ਲਈ, ਕਹਿੰਦੇ ਨਾ, ਅਖੀਰ 'ਤੇ ਪਹੁੰਚਣਾ ਹੈ ਜਿੱਥੇ ਸ਼ਹਾਦਤ ਨੂੰ ਫਲ ਲੱਗਿਆ ਕਰਦੇ ਨੇ। ਕਹਿੰਦੇ, ਫੇਰ ਵੀ ਇਹਨੂੰ ਸਮਝ ਨਾ ਆਈ ਕਿ ਐਡੇ ਸਤਿਪੁਰਸ਼ਾਂ ਨੇ ਇਕ ਮੰਦਾ ਅੱਖਰ ਨਹੀਂ ਬੋਲਿਆ ਤੇ ਹੁਣ ਸਾਧਸੰਗਤ ਜੀ ਅਸੀਂ ਮਨੁੱਖ ਨੂੰ ਐਨਾ ਉਚਾ ਕਰ ਦੇਣਾ ਹੈ ਕਿ ਇਹ ਜਬਰ ਦੇ ਅੱਗੇ ਨਹੀਂ ਝੁਕੇਗਾ।

**ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨ ॥ ਅੰਗ - ੧੪੨੭**

ਇਕ ਸਿਰ ਦੀ ਲੋੜ ਹੈ, ਬਚਨ ਹੋ ਗਿਆ, ਸਨਾਟਾ ਛਾ ਗਿਆ। ਕਹਿੰਦੇ ਹਾਂ ਏਸ ਭਗਉਤੀ ਨੂੰ ਬਲੀ ਦੇਣੀ ਹੈ, ਆਹ ਸਾਡੇ ਹੱਥ ਵਿਚ ਹੈ ਦੇਵੀ, ਇਹ ਚੰਡਕਾ ਹੈ, ਦੁਰਗਾ ਹੈ, ਇਹ ਭਗਉਤੀ ਹੈ, ਇਹ ਬਲੀ ਮੰਗਦੀ ਹੈ ਇਕ ਸੀਸ ਦੀ। ਗੁਰਸਿੱਖ ਖੜ੍ਹਾ ਹੋ ਗਿਆ, ਭਾਈ ਦਇਆ ਰਾਮ ਜੀ। ਦੁਬਾਰਾ ਤੰਬੂ 'ਚੋਂ ਫੇਰ ਬਾਹਰ ਆ ਗਏ, ਖੂਨ ਨਿਕਲਦਾ, ਧਮਾਕਾ ਸੁਣਿਆ ਕਿ ਕੁਛ ਗਿਰਿਆ ਹੈ ਉਪਰੋਂ ਜ਼ੋਰ ਨਾਲ। ਜਦੋਂ ਫੇਰ ਆ ਕੇ ਆਵਾਜ਼ ਦਿਤੀ, ਦੂਸਰੇ ਫੇਰ ਨਿੱਤਰ ਗਏ। ਇਸੇ ਤਰ੍ਹਾਂ ਕਰਦੇ-ਕਰਦੇ ਪੰਜ ਚਲੇ ਗਏ। ਉਸ ਤੋਂ ਬਾਅਦ ਮਹਾਰਾਜ ਬਹੁਤ ਪ੍ਰਸੰਨ ਹੋਏ। ਲੇਕਿਨ ਹੈਰਾਨੀ ਹੋ ਗਈ ਕਿ ਥੋੜ੍ਹੀ ਦੇਰ ਤੋਂ ਬਾਅਦ ਸਾਰੇ ਕੀ ਦੇਖਦੇ ਨੇ ਕਿ ਉਵੇਂ ਜਿਵੇਂ ਪੰਜੋ ਹੀ ਸੁਰਜੀਤ ਹੋ ਕੇ ਬਾਹਰ ਆ ਰਹੇ ਨੇ, ਵਸਤਰ ਬਦਲੇ ਹੋਏ ਨੇ।

ਇਥੇ ਆ ਕੇ ਰੌਲਾ ਪੈ ਜਾਂਦਾ ਹੈ, ਇਕ ਪਾਸੇ ਤਾਂ ਅਕਲਾਂ ਵਾਲੇ ਹੋ ਜਾਂਦੇ ਨੇ, ਇਕ ਪਾਸੇ ਭਰੋਸੇ ਵਾਲੇ ਹੋ ਜਾਂਦੇ ਨੇ। ਇਕ ਪਾਸੇ ਤਾਂ ਉਹ ਗੁਰਸਿੱਖ ਨੇ ਜਿਹੜੇ ਕਹਿੰਦੇ ਨੇ -

*ਸਤਿਗੁਰੁ ਮੇਰਾ ਮਾਰਿ ਜੀਵਾਲੈ ॥ ਅੰਗ - ੧੧੪੨*

ਜਿਨ੍ਹਾਂ ਦਾ ਨਿਸ਼ਚਾ ਇਹ ਹੈ ਕਿ ਗੁਰੂ ਅਮਰਦਾਸ ਮਹਾਰਾਜ ਜਦੋਂ ਗੋਇੰਦਵਾਲ ਨੂੰ ਜਾਇਆ ਕਰਦੇ ਸੀ, ਖਡੂਰ ਸਾਹਿਬ ਤੋਂ। ਇਕ ਦਿਨ ਇਕ ਸਿਹਾ (ਖਰਗੋਸ਼) ਮਰਿਆ ਪਿਆ ਹੈ ਪਗਡੰਡੀ ਵਿਚ। ਸਹਿਜ-ਸੁਭਾਅ ਗੁਰੂ ਮਹਾਰਾਜ ਦਾ ਚਰਨ ਛੋਹ ਗਿਆ ਉਹਦੇ ਨਾਲ, ਮਰਿਆ ਹੋਇਆ ਸਿਹਾ ਉਠ ਕੇ ਦੌੜ ਪਿਆ ਤੇ ਜਿਹੜਾ ਨਾਲ ਗੁਰਸਿੱਖ ਸੀ, ਜਾ ਕੇ ਗੁਰੂ ਅੰਗਦ ਸਾਹਿਬ ਨੂੰ ਕਿਹਾ ਪਾਤਸ਼ਾਹ! ਇਨ੍ਹਾਂ ਦੇ ਚਰਨਾਂ 'ਚ ਸੱਤਿਆ ਆ ਗਈ ਤੇ ਮਰੇ ਹੋਏ ਸਹੇ ਨੂੰ ਲੱਗ ਗਿਆ, ਉਹ ਨੱਠ ਲਿਆ ਉਠ ਕੇ। ਮੈਂ ਫੇਰ ਧਿਆਨ ਦਿਤਾ, ਪਗਡੰਡੀ ਵਿਚ ਕੀੜੇ ਮਰੇ ਪਏ ਸੀ, ਜਿਹਦੇ ਉਤੇ ਇਨ੍ਹਾਂ ਦਾ ਚਰਨ ਟਿਕ ਜਾਂਦਾ ਸੀ, ਉਸੇ ਵੇਲੇ ਉਠ ਕੇ ਤੁਰ ਪੈਂਦਾ ਸੀ। ਇਥੇ ਕੋਈ ਨਹੀਂ ਬੋਲਦੇ ਇਹ, ਚੁੱਪ ਸੀ ਸਾਰੇ।

ਜਦੋਂ ਆਉਂਦਾ ਹੈ ਕਿ ਬਾਬਾ ਅਟੱਲ, ਮੋਹਨ ਨੇ ਪਿੱਤ ਨਾ ਦਿਤੀ ਤਾਂ ਉਨ੍ਹਾਂ ਨੇ ਕੂੰਡੀ ਪਾ ਕੇ ਕਿਹਾ ਕਿ ਪਿੱਤ ਦੇਹ, ਐਵੇਂ ਪਿਆ ਹੈਂ। ਉਸੇ ਵੇਲੇ ਉਠ ਕੇ ਉਹ ਖੜ੍ਹਾ ਹੋ ਜਾਂਦਾ ਹੈ, ਕੱਲ੍ਹ ਦਾ ਮਰਿਆ ਹੋਇਆ। ਗੁਰੂ ਤੀਸਰੇ ਪਾਤਸ਼ਾਹ ਦੇ ਪਾਸ ਲੈ ਆਉਂਦੇ ਨੇ। ਗੋਇੰਦਵਾਲ ਸਾਹਿਬ, ਮਰੇ ਹੋਏ ਲੈ ਆਉਂਦੇ ਨੇ ਗੁਰੂ ਜੀ ਦ੍ਰਿਸ਼ਟੀ ਪਾਉਂਦੇ ਨੇ, ਚਰਨ ਛੋਹ ਦਿੰਦੇ ਨੇ, ਉਠ ਕੇ ਬਹਿ ਜਾਂਦੇ ਨੇ, ਅਖੀਰ ਮਹਾਰਾਜ ਨੇ ਕਿਹਾ ਕਿ ਕਿੰਨਿਆਂ ਨੂੰ ਜੀਉਂਦੇ ਕਰਾਂਗੇ, ਕਾਲ ਨੂੰ ਬੁਲਾਇਆ, ਕਹਿੰਦੇ ਸਾਡੇ ਹੁੰਦੇ ਨਾ ਇਥੇ ਗੋਇੰਦਵਾਲ ਸਾਹਿਬ 'ਚ ਆਈਂ। ਕਾਲ ਹੀ ਬੰਦ ਕਰ ਦਿਤਾ। ਗੁਰਸਿੱਖ ਬੰਦ ਕਰ ਦਿੰਦੇ ਨੇ ਕਾਲ ਨੂੰ-

*ਪ੍ਰਭ ਕੈ ਸਿਮਰਨਿ ਕਾਲੁ ਪਰਹਰੈ ॥ ਅੰਗ - ੨੬੨*

ਜਦੋਂ ਬਾਬਾ ਗੁਰਦਿੱਤਾ ਜੀ ਬਾਰੇ ਪੜ੍ਹਦੇ ਹਾਂ ਕਿ ਗਊ ਮਰ ਗਈ, ਪਹਾੜੀਆਂ ਨੇ ਰੌਲਾ ਪਾ ਦਿਤਾ। ਗਲਤੀ ਨਾਲ ਜਾ ਕੇ ਤੀਰ ਲੱਗਿਆ ਸੀ, ਆਂਦਰਾਂ ਬਾਹਰ ਨਿਕਲ ਕੇ ਗਿਰ ਗਈਆਂ। ਪਹਾੜੀ ਰੌਲਾ ਪਾਉਂਦੇ ਨੇ ਕਿ ਅਸੀਂ ਸ਼ਿਕਾਇਤ ਕਰਾਂਗੇ। ਗੁਰੂ ਛੇਵੇਂ ਪਾਤਸ਼ਾਹ ਨੇ ਸ਼ਸਤਰ ਲਾਹ ਦਿਤੇ, ਅਸੀਂ ਹੁਣ ਯੁੱਧ ਨਹੀਂ ਕਰਨਾ। ਧਰਮ ਸੰਕਟ ਖੜ੍ਹਾ ਹੋ ਗਿਆ ਕਿ ਹੁਣ ਕਰੀਏ ਕੀ? ਇਕ ਪਾਸੇ ਮਹਾਰਾਜ ਨੇ ਚੰਗਾ ਨਹੀਂ ਸਮਝਿਆ, ਬਾਬਾ ਅਟੱਲ ਨੂੰ ਜਾਨ ਕੇ ਆਪਨਾ ਸਰੀਰ ਦੇਣਾ ਪਿਆ। ਅਖੀਰ ਕਿਹਾ ਕਿ ਚੰਗਾ, ਅਸੀਂ ਆਪਣਾ ਸਰੀਰ ਦੇ ਦੇਵਾਂਗੇ। ਮਹਾਰਾਜ ਜੀ ਨੂੰ ਕਿਸੇ ਸੰਕਟ 'ਚ ਨਹੀਂ ਪਾਉਣਾ। ਵਾਹਿਗੁਰੂ ਕਿਹਾ ਤੇ ਗਊ ਦੇ ਉਤੇ ਪਾਣੀ ਸੁੱਟਿਆ, ਉਹ ਖੜ੍ਹੀ ਹੋ ਜਾਂਦੀ ਹੈ।

ਨਾਮਦੇਵ ਦੇ ਬਾਰੇ ਪੜ੍ਹਦੇ ਹਾਂ ਕਿ ਬ੍ਰਾਹਮਣ ਲੜਕਾ ਮਰ ਗਿਆ ਨੌਜਵਾਨ 22 ਸਾਲ ਦਾ ਤੇ ਸਤੀ ਹੋਣ ਵਾਸਤੇ ਪਿਛੇ ਜਾਂਦੀ ਹੈ ਉਸਦੀ ਘਰਵਾਲੀ ਤੇ ਸੰਤਾਂ ਦੇ ਮੁੱਖ ਤੋਂ ਫੁਰਮਾਨ ਹੋਇਆ ਜਦੋਂ ਮੱਥਾ ਟੇਕਣ ਆਈ ਕਿ ਬੀਬੀ, ਵਡ ਸੁਹਾਗਣ ਹੋ। ਕਹਿਣ ਲੱਗੀ, ਬਾਬਾ ਜੀ! ਮੇਰਾ ਸੁਹਾਗ ਤਾਂ ਚਿਤਾ ਤੇ ਰੱਖਣ ਵਾਲਾ ਹੈ। ਆਹ ਜਾ ਰਿਹਾ ਹੈ ਅਰਥੀ 'ਤੇ, ਕ੍ਰਿਪਾ ਕਰੋ। ਵਾਪਸ ਆ ਗਏ। ਸੰਕਟ ਪੈਦਾ ਹੋ ਗਿਆ, ਹੁਣ ਸੰਤਾਂ ਨੇ ਬਚਨ ਤਾਂ ਕਰ ਦਿਤਾ, ਹੁਣ ਪਿੱਛੇ ਕਿਵੇਂ ਹਟਣ। ਅੰਦਰੋਂ ਆਵਾਜ਼ ਆਈ ਕਿ ਨਾਮਦੇਵ ਜਲ ਛਿੜਕ ਦੇ ਰਾਮ ਕਹਿ ਕੇ, ਜਿਹੜਾ ਤੇਰੇ ਮੂਹਰੇ ਪਿਆ ਹੈ। ਕਹਿ ਦੇਹ ਕਿ ਉਠ ਜਾਵੇ। ਉਹ ਉਠ ਕੇ ਖੜ੍ਹਾ ਹੋ ਜਾਂਦਾ ਹੈ।

ਸ਼ਮਸ਼ਤਬਰੇਜ਼ ਨੂੰ ਫੜ ਲਿਆ ਜਾਂਦਾ ਹੈ ਮੁਲਤਾਨ ਦੇ ਅੰਦਰ, ਨਵਾਬ ਦਾ ਲੜਕਾ ਫੜਿਆ ਹੋਇਆ ਹੈ, ਮੁੱਲਾਂ ਫੜੇ ਹੋਏ ਨੇ, ਕਹਿੰਦੇ ਜਾਂ ਤਾਂ ਜੀਉਂਦਾ ਕਰ ਦਿਓ ਲੜਕਾ ਜਾਂ ਮਾਰ ਦੇਵਾਂਗੇ। ਚਲਾਕੀ ਦੇ ਨਾਲ ਸ਼ਮਸ਼ਤਬਰੇਜ਼ ਨੂੰ ਕੈਦ ਕਰਾ ਦਿਤਾ। ਮਿੰਨਤਾ ਕਰਦੇ ਨੇ ਰੋਂਦੇ ਨੇ, ਚਰਨ ਫੜਦੇ ਨੇ ਕਿ ਪੀਰ ਜੀ ਹੁਣ ਬਚਾ ਲਓ। ਕਹਿੰਦੇ, ਫੇਰ ਤੁਸੀਂਓਂ ਮੈਨੂੰ ਫਤਵਾ ਦੇ ਦੇਣਾ ਹੈ। ਕਿਉਂਕਿ ਤੁਸੀਂ ਰੱਬ ਦੇ ਭੇਤ ਨੂੰ ਨਹੀਂ ਜਾਣਦੇ। ਰੱਬ ਦੀ ਖੇਡ ਨੂੰ ਨਹੀਂ ਜਾਣਦੇ। ਮੁਰਦਾ ਲਿਆ ਕੇ ਸਾਮ੍ਹਣੇ ਰੱਖ ਦਿਤਾ ਜਾਂਦਾ ਹੈ, ਕਹਿੰਦੇ, ਸਾਡੇ 'ਚ ਤਾਂ ਆਹੀ ਹੈ ਜਿਹੜਾ ਜੀਉਂਦਾ ਕਰ ਸਕਦਾ ਹੈ ਤੇ ਉਸ ਵੇਲੇ ਆਪ ਨੇ ਤਿੰਨ ਵਾਰੀ ਕਿਹਾ ਕਿ ਓ ਲੜਕੇ! ਖੁਦਾ ਕੇ ਹੁਕਮ ਸੇ ਉਠ ਕੇ ਖੜ੍ਹਾ ਹੋ ਜਾ। ਲੜਕਾ ਨਹੀਂ ਉਠਿਆ। ਚੌਥੀ ਵਾਰ ਜਦੋਂ ਕਹਿਣ ਲੱਗੇ ਤਾਂ ਉਨ੍ਹਾਂ ਨੇ ਕਿਹਾ ਕਿ ਹੁਣ ਤੁਸੀਂ ਮੈਨੂੰ ਫਤਵਾ ਦੇ ਦਿਓਂਗੇ। ਕਹਿੰਦੇ, ਨਾ ਮਹਾਰਾਜ! ਤੁਸੀਂ ਸਾਡੀ ਜਾਨ ਬਚਾਉਂਦੇ ਓਂ ਫੇਰ ਫਤਵਾ ਕਾਹਦਾ। ਕਹਿੰਦੇ, ਮੈਂ ਤੁਹਾਡੀ ਸ਼ਰਾ ਤੋੜਨ ਲੱਗਿਆ ਹਾਂ। ਕਹਿੰਦੇ, ਜੀਉਂਦਾ ਕਰ ਦਿਓ ਮਹਾਰਾਜ ਸ਼ਰਾ ਕਾਹਦੀ ਤੋੜ ਦਿਓਂਗੇ ਤੁਸੀਂ? ਕਹਿੰਦੇ, ਓ ਲੜਕੇ! ਦਰਵੇਸ਼ ਕੇ ਹੁਕਮ ਸੇ ਉਠ ਖੜ੍ਹਾ ਹੋ। ਉਸੇ ਵੇਲੇ ਲੜਕਾ ਉਠ ਕੇ ਖੜ੍ਹਾ ਹੋ ਗਿਆ, ਉਹ ਵੀ ਮੰਨ ਲੈਂਦੇ ਨੇ, ਅਨੇਕਾਂ ਗੱਲਾਂ ਮੰਨ ਲਈਆਂ ਜਾਂਦੀਆਂ ਨੇ ਪਰ ਜਦੋਂ ਗੁਰੂ ਦਸਵੇਂ ਪਾਤਸ਼ਾਹ ਦੀ ਵਾਰੀ ਆਉਂਦੀ ਹੈ

ਉਸ ਵੇਲੇ ਹੁਣ ਸੋਚਣ ਲੱਗ ਜਾਂਦੇ ਨੇ ਕਿ ਅੰਦਰ ਖੜਕਾ ਹੋਇਆ ਹੈ, ਇਹ ਤਾਂ ਮੰਨ ਲੈਂਦੇ ਹਾਂ, ਖੂਨ ਆਇਆ ਇਹ ਵੀ ਮੰਨ ਲੈਂਦੇ ਹਾਂ। ਪਰ ਬੰਦਾ ਤਾਂ ਨਹੀਂ ਮਾਰਿਆ ਹੋਣਾ ਮਹਾਰਾਜ ਨੇ, ਅੰਦਰ ਬੱਕਰੇ ਬੰਨ੍ਹੇ ਹੋਣੇ ਨੇ। ਹੁਣ ਇਹਦੇ ਉਤੇ ਜੇ ਵਿਚਾਰ ਕਰੀਏ ਕਿ ਮਹਾਰਾਜ ਨੇ ਤਾਂ ਕਿਸੇ ਨੂੰ ਭੇਤ ਹੀ ਨਹੀਂ ਦਿਤਾ, ਰਾਤ ਨੂੰ ਇੱਕਲੇ ਹੀ ਧੂੰਹਦੇ ਰਹੇ, ਮਹਾਰਾਜ ਦੇ ਤਾਂ ਆਲੇ-ਦੁਆਲੇ ਹਰ ਵਕਤ ਪਹਿਰਾ ਰਹਿੰਦਾ, ਇਕੱਲੇ ਕਦੋਂ ਨਿਕਲ ਗਏ। ਫੇਰ ਜੇ ਕਿਸੇ ਸਿੱਖ ਨੂੰ ਪਤਾ ਵੀ ਹੋਵੇ ਏਸ ਗੱਲ ਤਾਂ ਦੂਜੇ ਨੰਬਰ 'ਤੇ ਉਹਨੂੰ ਖੜ੍ਹਾ ਹੋਣਾ ਚਾਹੀਦਾ ਸੀ ਕਿ ਅੰਦਰ ਬੱਕਰਾ ਹੀ ਮਾਰਿਆ ਹੈ, ਕੁਛ ਨਹੀਂ ਹੈ। ਨਾਲਦਿਆਂ ਨੂੰ ਵੀ ਕਹਿ ਦਿੰਦਾ ਕਿ ਆ ਜੋ ਹੁਣ ਮੌਕਾ ਹੈ ਗੁਰੂ ਨੂੰ ਪ੍ਰਸੰਨ ਕਰਨ ਦਾ। ਫੇਰ ਮਰੇ ਹੋਏ ਕਿੱਥੇ ਚੁੱਕ ਕੇ ਸੁੱਟੇ? ਕਿਸੇ ਇਤਿਹਾਸਕਾਰ ਨੇ ਲਿਖਣਾ ਹੀ ਸੀ ਕਿ ਬਾਅਦ ਵਿਚ ਬੱਕਰਿਆਂ ਦੇ ਜਿਹੜੇ ਸਰੀਰ ਸੀ ਉਹ ਕੱਢ ਲਏ ਅੰਦਰੋਂ ਤੰਬੂ 'ਚੋਂ।

ਗੁਰੂ ਪੀਰਾਂ ਦਾ ਇਤਿਹਾਸ, ਸੰਤਾਂ ਦਾ ਇਤਿਹਾਸ, ਸ਼ਰਧਾ ਦਾ ਇਤਿਹਾਸ ਹੁੰਦਾ ਹੈ। ਰਾਜਿਆਂ ਦਾ ਇਤਿਹਾਸ ਖੁਸ਼ਾਮੰਦ ਦਾ ਇਤਿਹਾਸ ਹੋਇਆ ਕਰਦਾ ਹੈ, ਨਿਰੋਲ ਇਤਿਹਾਸ ਕੋਈ ਵੀ ਨਹੀਂ ਲਿਖਣ ਜਾਣਦਾ, ਨਾ ਹੀ ਕਿਸੇ ਨੇ ਅੱਜ ਤੱਕ ਲਿਖਿਆ ਹੈ। ਗੁਰਸਿੱਖਾਂ ਦਾ ਜੋ ਇਤਿਹਾਸ ਹੈ ਉਹ ਸਹੀ ਹੋਇਆ ਕਰਦਾ ਹੈ। ਗੁਰੂ ਗ੍ਰੰਥ ਸਾਹਿਬ ਜੀ ਦੇ ਅੰਦਰ ਮਿਸਾਲ ਆਉਂਦੀ ਹੈ ਕਿ ਨਾਮਦੇਵ ਦੇ ਅੱਗੇ ਮਰੀ ਹੋਈ ਗਊ ਰੱਖ ਦਿਤੀ, ਬਿਸਮਿਲ ਕਰਕੇ। ਨਾਮਦੇਵ ਕਹਿੰਦੇ ਨੇ ਕਿ ਬਾਦਸ਼ਾਹ! ਐਸੀ ਕਿਉਂ ਹੋਏ -

***ਬਿਸਮਿਲਿ ਕੀਆ ਨ ਜੀਵੈ ਕੋਇ ॥*** ***ਅੰਗ - ੧੧੬੫***

ਲੇਕਿਨ ਬਾਅਦ 'ਚ ਕੀ ਹੁੰਦਾ ਹੈ ਗਊ ਜੀਉਂਦੀ ਹੋ ਜਾਂਦੀ ਹੈ। ਕੋਈ ਖੇਲ੍ਹ ਵਰਤਿਆ ਕਿਸੇ ਤਰ੍ਹਾਂ ਦਾ। ਉਹ ਨਿਮਰਤਾ ਸੀ ਨਾਮਦੇਵ ਦੀ ਕਿ ਪ੍ਰਮੇਸ਼ਰ ਨੂੰ ਯਾਦ ਕੀਤਾ ਉਸਨੇ, ਕਰ ਉਹ ਵੀ ਸਕਦਾ ਸੀ। ਗੁਰੂ ਸਮਰੱਥ ਸੀ -

***ਸਤਿਗੁਰੁ ਮੇਰਾ ਮਾਰਿ ਜੀਵਾਲੈ ॥*** ***ਅੰਗ - ੧੧੪੨***

ਸੱਚਮੁੱਚ ਸੀਸ ਲਏ ਤੇ ਬਾਅਦ ਵਿਚ ਉਨ੍ਹਾਂ ਨੇ ਸੁਰਜੀਤ ਕਰ ਦਿਤੇ। ਬੜਾ ਭਾਰਾ ਕੌਤਕ ਹੋਇਆ ਤੇ ਇਤਿਹਾਸ 'ਚ ਜ਼ਿਕਰ ਆਉਂਦਾ ਹੈ ਕਿ -

***ਲਬਪੁਰ ਜਨਮ ਬਸਨ ਕੌ ਧਾਮੂ***
***ਦਇਆ ਗੁਰੂ ਬਖਸਿਓ ਨਾਮੁ***

ਪਹਿਲੇ ਨੇ ਕਿਹਾ ਕਿ ਮੇਰਾ ਨਾਉਂ ਦਇਆ ਰਾਮ ਹੈ, ਇਸੇ ਤਰ੍ਹਾਂ ਪੰਜੇ ਆ ਗਏ। ਆਪ ਨੇ ਜਲ ਮੰਗਾਇਆ, ਖੰਡਾ ਬਾਟਾ ਮੰਗਾਇਆ ਅੱਜ ਦੇ ਦਿਨ, ਉਸ ਤੋਂ ਬਾਅਦ ਆਪ ਪੂਰੇ ਜਲਾਲ ਦੇ ਅੰਦਰ ਆ ਕੇ ਜਲ ਵਲ ਦੇਖ ਰਹੇ ਨੇ ਤੇ ਖੰਡੇ ਦੀ ਚਾਲ ਦੇ ਨਾਲ ਬਾਣੀ ਪੜ੍ਹੀ ਜਾ ਰਹੀ ਹੈ, ਤਬਲਾ ਨਹੀਂ ਉਥੇ ਵੱਜ ਰਿਹਾ, ਵਾਜਾ ਨਹੀਂ ਵੱਜ ਰਿਹਾ, ਕੋਈ ਤਾਲ ਨਹੀਂ ਚੱਲ ਰਿਹਾ, ਤਾਲ ਖੰਡੇ ਦਾ ਚਲ ਰਿਹਾ ਹੈ। ਆਵਾਜ਼ ਆ ਰਹੀ ਹੈ ਖੰਡੇ ਦੀ ਤੇ ਨਾਲ ਬਾਣੀ ਚੱਲ ਰਹੀ ਹੈ। ਹਿਰਦੇ 'ਚੋਂ ਹੋ ਕੇ ਬਾਂਹ ਦੇ ਰਾਹੀਂ, ਹੱਥ ਵਿਚੀਂ ਹੋ ਕੇ ਖੰਡੇ 'ਚ ਪ੍ਰਵੇਸ਼ ਕਰਕੇ ਜਲ ਦੇ ਅੰਦਰ ਮੰਤਰ ਜਾ ਰਿਹਾ ਹੈ। ਅੱਜ ਤੱਕ ਮੰਤਰ ਇਸ ਤਰ੍ਹਾਂ ਨਹੀਂ ਸੀ ਕਿਸੇ ਨੇ ਕੀਤਾ। ਹਾਂ, ਜਲ ਮੰਤਰਿਆ ਜਾਂਦਾ ਹੈ, ਸਾਮ੍ਹਣੇ ਰੱਖ ਲਓ ਤੇ ਪਾਠ ਕਰ ਲਓ ਜਲ ਮੰਤਰਿਆ ਜਾਏਗਾ। ਜਿੰਨੇ ਮੰਤਰੀ ਨੇ ਇਵੇਂ ਹੀ ਕਰਦੇ ਨੇ, ਲੇਕਿਨ ਕਿਸੇ ਨੇ ਖੰਡਾ ਨਹੀਂ ਜਲ ਵਿਚ ਫੇਰਿਆ। ਇਹ ਇਕ ਅਲੌਕਿਕ ਗੱਲ ਸੀ। ਸੋ ਉਸ ਵੇਲੇ ਗੁਰੂ ਮਹਾਰਾਜ ਨੇ ਅੰਮ੍ਰਿਤ ਤਿਆਰ ਕੀਤਾ, ਪੰਜ ਬਾਣੀਆਂ ਪੜ੍ਹੀਆਂ ਤੇ ਥੋੜ੍ਹਾ ਜਿਹਾ ਜਲ ਬਾਹਰ ਰੱਖ ਦਿਤਾ, ਦੋ ਚਿੜ੍ਹੇ ਦੇਖਦੇ ਸੀ ਤੇ ਇਕ ਦਮ ਆ ਕੇ ਉਨ੍ਹਾਂ ਨੇ ਚੁੰਝ ਨੂੰ ਲਾ ਲਿਆ ਤੇ ਚੁੰਝ ਅੰਦਰ ਲੈ ਗਏ ਪਾਣੀ ਜਿਵੇਂ ਪੀਂਦੇ ਹੁੰਦੇ ਨੇ, ਦੇਖਦੇ-ਦੇਖਦੇ ਆਪਸ ਵਿਚ ਲੜਨਾ ਸ਼ੁਰੂ ਕਰ ਦਿਤਾ। ਬਾਬਾ ਗੁਰਬਖਸ਼ ਸਿੰਘ ਜੀ, ਬਾਬਾ ਰਾਮ ਕੋਇਰ ਜੀ ਜਿਨ੍ਹਾਂ ਨੂੰ ਕਹਿੰਦੇ ਬਾਬਾ ਬੁੱਢਾ ਜੀ ਦੇ ਪੜੋਤੇ ਪਹਿਲੀ ਲਾਈਨ 'ਚ ਬੈਠੇ ਸੀ, ਹੋਰ ਵੀ ਸਿੰਘ ਬੈਠੇ ਸੀ। ਉਹ ਡਰ ਤਾਂ ਜਾਂਦਾ ਰਿਹਾ, ਉਹ ਦੇਖਣ ਲੱਗ ਗਏ ਕਿ ਜਲ ਐਨਾ ਸ਼ਕਤੀਸ਼ਾਲੀ ਹੋ ਗਿਆ, ਆਹ ਚਿੜ੍ਹੇ ਤਾਂ ਹਟਦੇ ਹੀ ਨਹੀਂ ਲੜਨ ਤੋਂ, ਸਾਰੇ ਹਾਸਾ ਪੈ ਗਿਆ। ਬਾਬਾ ਜੀ ਉਸੇ ਵੇਲੇ ਉਠ ਕੇ ਖੜ੍ਹੇ ਹੋ ਗਏ, ਅਨੁਭਵ ਕਰ ਲਿਆ ਕਿ ਬਹੁਤ ਕਰਾਰਾ ਤੇਜ਼ ਦੇ ਦਿਤਾ ਜਲ ਨੂੰ, ਇਹ ਸਹਿਨ ਨਹੀਂ ਹੋਣਾ ਮਨੁੱਖ ਤੋਂ। ਮਾਤਾ ਜੀਤੋ ਜੀ ਕੋਲ ਗਏ ਕਹਿਣ ਲੱਗੇ, ਮਾਤਾ ਜੀ! ਬਚਾ ਲਓ ਪੰਥ ਨੂੰ? ਕਹਿੰਦੇ, ਕੀ ਗੱਲ? ਕਹਿੰਦੇ, ਐਨਾ ਤੇਜ ਭਰ ਦਿਤਾ ਜਲ ਦੇ ਅੰਦਰ ਕਿ ਸਾਡੇ ਦੇਖਦੇ-ਦੇਖਦੇ ਦੋ ਚਿੜੇ ਲੜ-ਲੜ ਕੇ ਖਤਮ ਹੀ ਹੋ ਗਏ। ਮਾਤਾ ਜੀ ਉਸੇ ਵੇਲੇ ਪਤਾਸੇ ਲੈ ਕੇ ਮਹਾਰਾਜ ਜੀ ਕੋਲ ਆ ਗਏ, ਪਾਤਸ਼ਾਹ! ਆਗਿਆ ਦਿਓ ਕਿ ਮੈਂ ਜਲ ਨੂੰ ਮਿੱਠਾ ਕਰ ਦੇਵਾਂ। ਕਹਿੰਦੇ, ਭਲਾ ਹੋਇਆ ਤੂੰ ਆ ਗਈ, ਭਲਾ ਹੋਇਆ ਤੇਰਾ ਹਿੱਸਾ ਪੈ ਗਿਆ, ਬੀਬੀਆਂ ਦਾ ਹਿੱਸਾ ਪੈ ਗਿਆ, ਮਾਂ ਦਾ ਹਿੱਸਾ ਪੈ ਗਿਆ ਇਹਦੇ 'ਚ। ਹੁਣ ਮਾਂ ਦੇ ਪਿਆਰ ਨਾਲ ਖਾਲਸਾ ਪਿਆਰ ਵਾਲਾ ਬਣੇਗਾ, ਕਰੂਰ ਨਹੀਂ ਹੋਏਗਾ ਤੇ ਸੁਨਿਹਰੇ ਬਾਟੇ ਦੀ ਸਾਂਝ ਖਾਲਸੇ ਨੂੰ ਇਕੱਠਾ ਰੱਖੇਗੀ। ਸੋ ਓਸ ਦ੍ਰਿਸ਼ ਨੂੰ ਭਾਈ ਗੁਰਦਾਸ ਜੀ ਦੂਸਰਿਆਂ ਨੇ ਸਾਕਾਰ ਕਰਨ ਵਾਸਤੇ ਇਸ ਤਰ੍ਹਾਂ ਦੇ ਨਾਲ ਫੁਰਮਾਨ ਕੀਤਾ ਹੈ -

***ਧਾਰਨਾ - ਪੀਵਹੁ ਪਾਹੁਲ ਖੰਡੇਧਾਰ***
***ਹੋਵੇ ਜਨਮ ਸੁਹੇਲਾ।***
***ਹਰਿ ਸਚੇ ਤਖਤ ਰਚਾਇਆ ਸਤਿ ਸੰਗਤਿ ਮੇਲਾ।***
***ਨਾਨਕ ਨਿਰਭਉ ਨਿਰੰਕਾਰ ਵਿਚਿ ਸਿਧਾਂ ਖੇਲਾ।***
***ਗੁਰੁ ਸਿਮਰਿ ਮਨਾਈ ਕਾਲਕਾ ਖੰਡੇ ਕੀ ਵੇਲਾ।***
***ਪੀਵਹੁ ਪਾਹੁਲ ਖੰਡੇਧਾਰ ਹੁਇ ਜਨਮ ਸੁਹੇਲਾ।***
***ਗੁਰ ਸੰਗਤਿ ਕੀਨੀ ਖਾਲਸਾ ਮਨਮੁਖੀ ਦੁਹੇਲਾ।***
***ਵਾਹ ਵਾਹ ਗੋਬਿੰਦ ਸਿੰਘ ਆਪੇ ਗੁਰੁ ਚੇਲਾ॥***
***ਭਾਈ ਗੁਰਦਾਸ ਜੀ, ਵਾਰ 41/1***

ਹੈਰਾਨ ਹੋ ਗਏ ਸਾਰੇ, ਗੁਰੂ ਨੇ ਆਪਣਾ ਰੂਪ ਬਣਾ ਲਿਆ

ਸਿੱਖ ਨੂੰ। ਗੁਰੂ ਨਾਨਕ ਨਿਵੇ ਸੀ ਗੁਰੂ ਅੰਗਦ ਸਾਹਿਬ ਦੇ ਅੱਗੇ, ਗੁਰੂ ਅੰਗਦ ਸਾਹਿਬ ਨੇ ਮੱਥਾ ਟੇਕਿਆ ਗੁਰੂ ਅਮਰਦਾਸ ਜੀ ਨੂੰ, ਇਸੇ ਤਰ੍ਹਾਂ ਗੁਰੂ ਅਮਰਦਾਸ ਜੀ ਨੇ ਮਹਾਰਾਜ ਗੁਰੂ ਰਾਮਦਾਸ ਜੀ ਨੂੰ, ਤੇ ਇਸੇ ਤਰ੍ਹਾਂ ਟੇਕਦੇ-ਟੇਕਦੇ ਅੱਜ ਆ ਗਿਆ ਕਿ ਹੁਣ ਗੁਰੂ ਦਸ਼ਮੇਸ਼ ਪਿਤਾ ਕੀਹਨੂੰ ਮੱਥਾ ਟੇਕਣਗੇ? ਕੋਈ ਹੈ ਐਸਾ ਜਿਹਦੇ ਅੱਗੇ ਨਿਵ ਜਾਣ।? ਉਸ ਵੇਲੇ ਗੁਰੂ ਮਹਾਰਾਜ ਆਪਣੇ ਸਥਾਨ ਤੋਂ ਉਠੇ, ਅੰਮ੍ਰਿਤ ਛਕਾਇਆ ਜਾ ਰਿਹਾ ਹੈ, ਪੰਜ ਨੇ ਫੇਰ ਛਕਿਆ, ਪੰਜ ਨੇ ਹੋਰ ਛਕਿਆ, ਵੀਹ ਨੇ ਫੇਰ ਛਕਿਆ, ਕਹਿੰਦੇ ਹੁਣ ਤੁਸੀਂ ਬਹਿ ਜਾਓ ਸਾਰੇ। ਹੁਣ ਤੁਸੀਂ ਸਾਰੇ ਪਿਆਰੇ ਬਣਦੇ ਜਾਂਦੇ ਓਂ ਦੀਦਾਰੀ ਸਿੱਖ, ਮੁਕਤੇ ਸਿੱਖ, ਵਰਦਾਨ ਦਿੰਦੇ ਰਹੇ। ਵੀਹ ਹਜ਼ਾਰ ਨੇ ਅੰਮ੍ਰਿਤ ਛਕਿਆ ਪਹਿਲੇ ਦਿਨ। ਗੁਲਾਮ ਮਯਉਦੀਨ ਰਿਪੋਰਟਰ ਸੀਗਾ ਔਰੰਗਜ਼ੇਬ ਨੇ ਭੇਜਿਆ ਹੋਇਆ ਕਿ ਤੂੰ ਪਤਾ ਤਾਂ ਕਰ ਕਿ ਗੁਰੂ ਗੋਬਿੰਦ ਸਿੰਘ ਕਰ ਕੀ ਰਹੇ ਨੇ? ਉਹਨੇ ਲਿਖਿਆ ਹੈ ਕਿ ਮੈਂ ਹੈਰਾਨ ਹੋ ਗਿਆ ਕਿ ਪਹਿਲੀਆਂ ਰਸਮ ਰਿਵਾਜ, ਜਾਤ ਪਾਤ ਜੋ ਹਿੰਦੂ ਧਰਮ ਦੇ ਅੰਦਰ ਸੰਗਲਾਂ ਵਾਂਗੂੰ ਬੰਨ੍ਹੀਂ ਬੈਠੇ ਸੀ ਇਨ੍ਹਾਂ ਨੂੰ, ਆਹ ਗੁਰੂ ਗੋਬਿੰਦ ਸਿੰਘ ਨੇ ਹੱਥਕੜੀਆਂ ਇਕ ਸ਼ਬਦ ਦੇ ਨਾਲ ਉਡਾ ਕੇ ਪਰ੍ਹੇ ਮਾਰੀਆਂ। ਮੈਂ ਦੇਖਿਆ ਇਕੱਠੇ ਹੀ ਖਾਣਾ ਸ਼ੁਰੂ ਕਰ ਦਿਤਾ, ਵਿਚ ਹੀ ਸ਼ੂਦਰ ਨੇ, ਵਿਚ ਹੀ ਉਚੀਆਂ ਜਾਤਾਂ ਵਾਲੇ ਨੇ। ਪਰ ਫੇਰ ਵੀ ਅਭਿਮਾਨੀ ਬਹੁਤ ਸੀ, ਉਠ ਕੇ ਖੜ੍ਹੇ ਹੋ ਗਏ। ਕਹਿੰਦੇ ਆਹ ਛੋਕਰੇ ਦੀ ਗੱਲ ਅਸੀਂ ਨਹੀਂ ਮੰਨਣੀ। ਬੁਰਾ ਭਲਾ ਕਹਿਣ ਲੱਗ ਗਏ ਕਿ ਅਸੀਂ ਤਾਂ ਨੌਂਵਾਂ ਪਾਤਸ਼ਾਹੀਆਂ ਤੱਕ ਸਿੱਖ ਰਹਿਣਾ ਹੈ, ਦੱਸਵਾਂ ਅਸੀਂ ਨਹੀਂ ਧਾਰਨ ਕਰਨਾ। ਅਸੀਂ ਵੇਦਾਂ ਨੂੰ ਮੰਨਣਾ ਹੈ ਤੇ ਗੁਰੂ ਗ੍ਰੰਥ ਸਾਹਿਬ ਨੂੰ ਵੇਦਾਂ ਦੇ ਮੁਕਾਬਲੇ ਤੇ ਨਹੀਂ ਲੈ ਕੇ ਜਾਣਾ। ਅਸੀਂ ਤੀਰਥਾਂ ਨੂੰ ਮੰਨਣਾ ਹੈ, ਅਸੀਂ ਕੇਸ ਵੀ ਕਟਾਉਣੇ, ਦਾੜ੍ਹੀਆਂ ਵੀ ਕਟਾਉਣੇ ਨੇ, ਇਹ ਕਹਿੰਦਾ ਹੈ ਕਿ ਦਾੜ੍ਹੀ ਕੇਸ ਨੂੰ ਹੱਥ ਨਾ ਲਾਇਓ, ਇਹ ਕਿਵੇਂ ਅਸੀਂ ਸੰਸਾਰ 'ਚ ਰਹਾਂਗੇ? ਅਸੀਂ ਤਾਂ isolate ਵੱਖਰੇ ਰਹਿ ਜਾਵਾਂਗੇ, ਅਸੀਂ ਇਹਦੀ ਗੱਲ ਨਹੀਂ ਮੰਨਦੇ। ਕਹਿੰਦੇ, ਬਹੁਤ ਸਾਰੇ ਐਸੇ ਵੀ ਸੀਗੇ। ਪਰ ਵੀਹ ਹਜ਼ਾਰ ਨੇ ਅੰਮ੍ਰਿਤ ਛਕ ਲਿਆ ਤੇ ਮੈਂ ਹੈਰਾਨ ਹੋਈ ਜਾਵਾਂ ਕਿ ਜਿਹੜਾ ਅੰਮ੍ਰਿਤ ਛਕ ਕੇ ਆਵੇ ਉਹਦੇ ਪੈਰ ਹੀ ਨਾ ਧਰਤੀ ਨਾਲ ਲੱਗਣ। ਉਹ ਹੋਰ ਹੀ ਬਣ ਜਾਵੇ। ਜਿਵੇਂ ਕੋਈ ਜੋਸ਼ ਭਰ ਦਿਤਾ ਹੁੰਦਾ ਹੈ, ਆਬ-ਏ-ਹਿਆਤ ਪਿਲਾ ਦਿਤਾ ਗੁਰੂ ਗੋਬਿੰਦ ਸਿੰਘ ਨੇ। ਉਸ ਤੋਂ ਵੀ ਮੇਰੀ ਹੈਰਾਨੀ ਵੱਧ ਗਈ। ਉਹ ਕਹਿੰਦੇ ਭਾਈ ਦਇਆ ਸਿੰਘ ਤੁਹਾਨੂੰ ਸਿੰਘ ਦਾ ਖਿਤਾਬ ਮਿਲ ਗਿਆ। ਭਾਈ ਧਰਮ ਸਿੰਘ ਤੁਸੀਂ ਧਰਮ ਦਾਸ ਨਹੀਂ ਰਹੇ, ਸਿੰਘ ਬਣ ਗਏ। ਹਿੰਮਤ ਰਾਏ ਜੀ ਤੁਸੀਂ ਹਿੰਮਤ ਸਿੰਘ ਬਣ ਗਏ। ਮੋਹਕਮ ਚੰਦ ਜੀ ਤੁਸੀਂ ਮੋਹਕਮ ਸਿੰਘ ਬਣ ਗਏ। ਸਾਹਿਬ ਚੰਦ ਜੀ ਤੁਸੀਂ ਸਾਹਿਬ ਸਿੰਘ ਬਣ ਗਏ ਤੇ ਮੈਂ ਤਾਂ ਗੋਬਿੰਦ ਰਾਏ ਹੀ ਰਹਿ ਗਿਆ। ਜਿਵੇਂ ਮੈਂ ਤੁਹਾਨੂੰ ਉਪਦੇਸ਼ ਦਿਤਾ ਹੈ, ਐਸੇ ਤਰ੍ਹਾਂ ਤੁਸੀਂ ਅੰਮ੍ਰਿਤ ਤਿਆਰ ਕਰੋ ਤੇ ਮੈਂ ਤੁਹਾਡੇ ਅੱਗੇ ਖੜ੍ਹਾ ਹੋ ਕੇ ਅਰਦਾਸ ਕਰਦਾ ਹਾਂ ਕਿ ਮੈਨੂੰ ਅੰਮ੍ਰਿਤ ਦੀ ਦਾਤ ਦੇਵੋ। ਉਸ ਵੇਲੇ ਦਾ ਜੋ ਨਜ਼ਾਰਾ ਸੀ ਉਸ ਨੂੰ ਤਾਜ਼ਾ ਰੱਖਣ ਵਾਸਤੇ ਭਾਈ ਗੁਰਦਾਸ ਜੀ ਦੂਜੇ ਲਿਖਦੇ ਨੇ ਕਿ -

*ਵਾਹੁ ਵਾਹੁ ਗੋਬਿੰਦ ਸਿੰਘ ਆਪੇ ਗੁਰੁ ਚੇਲਾ॥*

*ਧਾਰਨਾ - ਵਾਹੁ ਵਾਹੁ ਗੋਬਿੰਦ ਸਿੰਘ ਜੀ,*
*ਆਪੇ ਗੁਰ ਚੇਲਾ।*
*ਧੰਨ ਗੁਰੂ ਗੋਬਿੰਦ ਸਿੰਘ ਸਾਹਿਬ*
*ਧੰਨ ਗੁਰੂ ਗੋਬਿੰਦ ਸਿੰਘ ਸਾਹਿਬ*

*ਸਚਾ ਅਮਰ ਗੋਬਿੰਦ ਕਾ ਸੁਣ ਗੁਰੂ ਪਿਆਰੇ।*
*ਸਤਿ ਸੰਗਤਿ ਮੇਲਾਪ ਕਰਿ ਪੰਚ ਦੂਤ ਸੰਘਾਰੇ।*
*ਵਿਚਿ ਸੰਗਤਿ ਢੋਈ ਨ ਲਹਿਨਿ ਜੋ ਖਸਮੁ ਵਿਸਾਰੇ।*
*ਗੁਰਸਿਖਾਂ ਮੱਥੇ ਉੱਜਲੇ ਸੱਚੇ ਦਰਬਾਰੇ।*
*ਹਰਿ ਗੁਰੁ ਗੋਬਿੰਦ ਧਿਆਈਐ ਸਦ ਅੰਮ੍ਰਿਤ ਵੇਲਾ।*
*ਵਾਹੁ ਵਾਹੁ ਗੋਬਿੰਦ ਸਿੰਘ ਆਪੇ ਗੁਰੁ ਚੇਲਾ॥*
*ਭਾਈ ਗੁਰਦਾਸ ਜੀ, ਵਾਰ 41, ਪਉੜੀ 2*

ਖਾਲਸੇ ਦੇ ਉਹ ਗੁਰੂ ਜੋਤ ਜੋ ਕਿਸੇ ਅੱਗੇ ਨਹੀਂ ਝੁਕੀ ਸੀ, ਅੱਜ ਖਾਲਸੇ ਦੇ ਅੱਗੇ ਅਰਦਾਸ ਕਰ ਰਹੀ ਹੈ ਕਿ ਖਾਲਸਾ ਜੀ! ਮੈਨੂੰ ਵੀ ਅੰਮ੍ਰਿਤ ਦੀ ਦਾਤ ਦਿਓ। ਸੋ ਕੌਮ ਤਿਆਰ ਹੋ ਗਈ। ਅਰਸ਼ਾਂ ਦਾ ਆਦਰਸ਼ ਸੀ, ਕਿਉਂਕਿ ਦੇਵਤਿਆਂ ਦੇ ਪਾਸ ਵੀ ਇਹ ਆਦਰਸ਼ ਨਹੀਂ ਹੈ। ਖਾਸ ਨਿਰੰਕਾਰ ਦੀ ਦਰਗਾਹ ਦਾ ਜੋ ਆਦਰਸ਼ ਸੀ ਮਨੁੱਖ 'ਚ ਲਿਆ ਕੇ ਭਰ ਦਿਤਾ, ਮਨੁੱਖ ਨੂੰ ਪ੍ਰਮੇਸ਼ਰ ਦਾ ਰੂਪ ਬਣਾ ਕੇ ਫੁਰਮਾਨ ਕਰਿਆ ਕਿ ਖਾਲਸਾ ਜੀ! ਅੱਜ ਤੋਂ ਬਾਅਦ -

*ਬਿਨ ਕਰਤਾਰ ਨ ਕਿਰਤਮ ਮਾਨੋ।*

ਕੀਤੇ ਹੋਏ ਨੂੰ ਨਹੀਂ ਮੰਨਣਾ, ਜੇ ਮੰਨਣਾ ਹੈ ਤਾਂ ਕੇਵਲ ਕਰਤਾਰ ਨੂੰ ਮੰਨਣਾ ਹੈ। ਏਸ ਤਰ੍ਹਾਂ ਪੜ੍ਹ ਲਓ -

*ਧਾਰਨਾ - ਜਪੋ ਖਾਲਸਾ ਤੁਸੀਂ ਜਾਗਦੀ ਜੋਤ ਨੂੰ।*

*ਜਾਗਤ ਜੋਤਿ ਜਪੈ ਨਿਸ ਬਾਸੁਰ,*
*ਏਕ ਬਿਨਾਂ ਮਨ ਨੈਕ ਨ ਆਨੈ॥*
*ਪੂਰਨ ਪ੍ਰੇਮ ਪ੍ਰਤੀਤ ਸਜੈ,*
*ਬ੍ਰਤ ਗੋਰ ਮੜੀ ਮਟ ਭੂਲ ਨ ਮਾਨੈ॥*
*ਤੀਰਥ ਦਾਨ ਦਇਆ ਤਪ ਸੰਜਮ,*
*ਏਕ ਬਿਨਾਂ ਨਹਿ ਏਕ ਪਛਾਨੈ॥*
*ਪੂਰਨ ਜੋਤ ਜਗੈ ਘਟ ਮੈ*
*ਤਬ ਖ਼ਾਲਸ ਤਾਹਿ ਨਖ਼ਾਲਸ ਜਾਨੈ॥*

ਅੱਜ ਤੋਂ ਬਾਅਦ ਆਹ ਜੋਤ ਜੋ ਤੁਹਾਡੇ ਚਾਰੇ ਪਾਸੇ ਆਲੇ ਦੁਆਲੇ ਫੈਲੀ ਹੋਈ ਹੈ, ਇਨ੍ਹਾਂ ਅੱਖਾਂ ਨਾਲ ਨਹੀਂ ਦਿਸਦੀ, ਅੰਦਰਲੀਆਂ ਅੱਖਾਂ ਖੁਲ੍ਹ ਜਾਣਗੀਆਂ ਫੇਰ ਨਿਹਚਾ

ਆ ਜਾਏਗਾ, ਓਸ ਜਾਗ੍ਰਤ ਜੋਤ ਨੂੰ ਜਿਸਨੂੰ ਵਾਹਿਗੁਰੂ ਕਹਿ ਕੇ ਅਸੀਂ ਜਪਾਇਆ ਹੈ, ਇਹਨੂੰ ਜਪਣਾ ਹੈ ਤੁਸੀਂ। ਬਾਕੀ ਕਿਸੇ ਵਹਿਮ 'ਚ, ਕਿਸੇ ਭਰਮ 'ਚ, ਕਿਸੇ ਚੀਜ਼ ਦਾ ਵਹਿਮ ਨਹੀਂ ਕਰਨਾ, ਸਾਰੇ ਤੁਹਾਡੇ ਵਹਿਮ ਕੱਟ ਦਿਤੇ, ਹੱਥਕੜੀਆਂ ਕੱਟ ਦਿਤੀਆਂ, ਸਿੱਧਾ ਰਸਤਾ ਦੱਸ ਦਿਤਾ ਕਿ ਨਾਮ ਜਪਣਾ ਹੈ, ਨੇਕ ਚਲਣ ਚੱਲਣਾ ਹੈ। ਜੋ ਰਹਿਤਾਂ ਗੁਰੂ ਗ੍ਰੰਥ ਸਾਹਿਬ ਜੀ ਨੇ ਦੱਸੀਆਂ ਨੇ, ਜੋ ਪੰਜ ਪਿਆਰਿਆਂ ਨੇ ਦੱਸੀਆਂ ਨੇ ਇਨ੍ਹਾਂ ਤੇ ਪਾਬੰਦ ਰਹਿਣਾ ਹੈ ਤੇ ਸੰਗਤ ਵਲ ਮੁਖਾਤਬ ਹੋਏ ਆਪ, ਕਹਿਣ ਲੱਗੇ ਪਿਆਰਿਓ! ਦੇਖਦੇ ਓਂ ਤੁਸੀਂ ਇਨ੍ਹਾਂ ਨੂੰ ਖੜ੍ਹਿਆਂ ਨੂੰ। ਇਹ ਕੌਣ ਨੇ? ਉਸ ਵੇਲੇ ਆਪ ਨੇ ਐਸਾ ਫੁਰਮਾਨ ਕਰਿਆ–

*ਧਾਰਨਾ – ਭੇਦ ਕੋਈ ਜਾਣਿਓ ਨਾ*
*ਖਾਲਸਾ ਰੂਪ ਹੈ ਮੇਰਾ।*

*ਖ਼ਾਲਸਾ ਮੇਰੋ ਰੂਪ ਹੈ ਖ਼ਾਸ॥*
*ਖ਼ਾਲਸੇ ਮਹਿ ਹੌਂ ਕਰੋ ਨਿਵਾਸ॥*
*ਖ਼ਾਲਸਾ ਮੇਰੋ ਮੁਖ ਹੈ ਅੰਗਾ॥*
*ਖ਼ਾਲਸੇ ਕੋ ਹੌਂ ਸਦ ਸਦ ਸੰਗਾ॥*
*ਖ਼ਾਲਸਾ ਮੇਰੋ ਇਸ਼ਟ ਸੁਹਿਰਦ॥*
*ਖ਼ਾਲਸਾ ਮੇਰੋ ਕਹੀਅਤ ਬਿਰਦ॥*
*ਖ਼ਾਲਸਾ ਮੇਰੋ ਪਛ ਅਰ ਪਾਤਾ॥*
*ਖ਼ਾਲਸਾ ਮੇਰੋ ਸੁਖ ਅਹਿਲਾਦਾ॥*
*ਖ਼ਾਲਸਾ ਮੇਰੋ ਮਿਤਰ ਸਖਾਈ॥*
*ਖ਼ਾਲਸਾ ਮਾਤ ਪਿਤਾ ਸੁਖਦਾਈ॥*
*ਯਾ ਮੈ ਰੰਚ ਨ ਮਿਥਿਆ ਭਾਖੀ॥*
*ਪਾਰਬ੍ਰਹਮ ਗੁਰ ਨਾਨਕ ਸਾਖੀ॥*

***ਸਰਬ ਲੋਹ ਗ੍ਰੰਥ 'ਚੋਂ***

ਕਹਿਣ ਲੱਗੇ, ਸਾਧਸੰਗਤ ਜੀ! ਮੈਂ ਆਪਣਾ ਰੂਪ ਬਣਾ ਦਿਤਾ। ਪੰਜੇ ਜਿੱਥੇ ਹੋਣਗੇ ਪੂਰਨ ਪੰਜ, ਗੁਰੂ ਗ੍ਰੰਥ ਸਾਹਿਬ ਦੀ ਆਗਿਆ 'ਚ ਚੱਲਣ ਵਾਲੇ, ਨਾਮ ਜਪਣ ਵਾਲੇ, ਉਥੇ ਮੈਨੂੰ ਤੁਸੀਂ ਦੇਖੋਂਗੇ ਪੰਜਾਂ ਦੇ ਅੰਦਰ ਕਿਉਂਕਿ ਸਮਾਂ ਬਦਲ ਗਿਆ। ਪਰ ਖਾਲਸਾ ਕੌਣ ਹੈ? ਕਹਿੰਦੇ –

***ਆਤਮ ਰਸ ਜਿਹ ਜਾਨਹੀ ਸੋ ਹੈ ਖ਼ਾਲਸ ਦੇਵ॥***
***ਪ੍ਰਭ ਮਹਿ ਮੋ ਮਹਿ ਤਾਸ ਮਹਿ ਰੰਚਕ ਨਾਹਨ ਭੇਵ॥***

ਸ਼ਕਲ ਨੂੰ ਮੈਂ ਨਹੀਂ ਬਣਾਇਆ, ਸ਼ਕਲ ਦਾ ਭੁਲੇਖਾ ਕੱਢ ਦਿਤਾ ਆਪ ਨੇ। ਭਾਈ ਬਚਿੱਤਰ ਸਿੰਘ ਜੀ ਇਕ ਸ਼ੇਰ ਮਾਰ ਕੇ ਲਿਆਏ ਬਹੁਤ ਵੱਡਾ। ਕਹਿਣ ਲੱਗੇ, ਮਹਾਰਾਜ! ਇਕ ਸ਼ੇਰ ਜੰਗਲ ਦੇ ਅੰਦਰ ਗਰੀਬਾਂ ਦੀਆਂ ਗਊਆਂ ਖਾ ਜਾਂਦਾ ਸੀ, ਤੰਗ ਕਰਦਾ ਸੀ ਤੇ ਮੈਂ ਮਾਰ ਲਿਆਂਦਾ। ਮਹਾਰਾਜ ਕਹਿੰਦੇ, ਇਹਦੀ ਖੱਲ੍ਹ ਲਾਹ ਲੈ ਸਮਾਰ ਕੇ। ਪੌਂਚਿਆਂ ਤੋਂ ਲੈ ਕੇ ਸਾਰੀ ਬਹੁਤ ਸਾਵਧਾਨੀ ਨਾਲ ਲਾਹ, ਹੁਕਮ ਕਰ ਦਿਤਾ, ਰੂੜੀਆਂ ਤੇ ਗਧੇ ਫਿਰਦੇ ਸੀ, ਕਹਿੰਦੇ ਇਕ ਚੰਗਾ ਕਰਾਰਾ ਗਧਾ ਫੜ ਲਿਆਓ। ਉਹਦੇ ਉਤੇ ਖੱਲ੍ਹ ਸਿਉਂ ਦਿਤੀ ਤੇ ਫਸਲਾਂ ਦੇ ਵਿਚ ਛੱਡ ਦਿਤਾ, ਜਦੋਂ ਸਵੇਰ ਵੇਲੇ ਦੇਖਿਆ ਅਨੰਦਪੁਰ ਸਾਹਿਬ ਵਾਲਿਆਂ ਨੇ ਕਿ ਫਸਲਾਂ 'ਚ ਤਾਂ ਸ਼ੇਰ ਫਿਰਦਾ ਹੈ। ਅੱਜ ਤੇ ਗਧਾ ਮੌਜ ਨਾਲ ਫਸਲਾਂ ਖਾਂਦਾ ਫਿਰਦਾ ਹੈ। ਕੋਈ ਨੇੜੇ ਨਹੀਂ ਜਾਂਦਾ, ਇਕ ਦਿਨ–ਦੋ ਦਿਨ ਚਾਰ ਦਿਨ ਲੰਘ ਗਏ, ਨਾ ਤਾਂ ਗਧਾ ਦੂਰ ਜਾਂਦਾ ਹੈ, ਉਥੇ ਹੀ ਬੈਠਾ ਰਹਿੰਦਾ ਹੈ, ਫਸਲਾਂ ਖਾਣ ਦੀ ਮੌਜ ਹੋ ਗਈ, ਘਰ ਜਾ ਕੇ ਉਹਨੇ ਕੀ ਕਰਨਾ ਸੀ। ਉਹ ਟੋਲ੍ਹਦਾ ਫਿਰਦਾ ਹੈ ਘੁਮਿਆਰ ਜਿਹਦਾ ਗਧਾ ਖੋ ਗਿਆ ਕਿ ਕਿੱਥੇ ਚਲਿਆ ਗਿਆ ਕਿਤੇ ਉੱਘ–ਸੁੱਘ ਨਹੀਂ ਨਿਕਲਦੀ ਕਿ ਕਿੱਥੇ ਚਲਿਆ ਗਿਆ। ਖਿਆਲ ਆਇਆ ਕਿ ਆਹ ਸ਼ੇਰ ਨੇ ਖਾ ਲਿਆ ਹੋਣਾ ਮੇਰਾ ਗਧਾ। ਫਿਰਦਾ–ਫਿਰਦਾ ਇਹ ਗਧਾ ਕਾਫੀ ਖੇਤਾਂ 'ਚ ਘੁੰਮਣ ਲਗ ਗਿਆ ਤੇ ਜਿੱਧਰ ਇਹਨੇ ਦੇਖਿਆ ਸੀ ਕਿ ਇਧਰਲੇ ਪਾਸੇ ਨਹੀਂ ਸ਼ੇਰ ਆਉਂਦਾ, ਅੱਜ ਗਧੇ ਏਧਰ ਦੀ ਲਿਜਾ ਕੇ ਪੱਥਰ ਵਗੈਰਾ ਢੋਅ ਲੈਂਦੇ ਹਾਂ ਤੇ ਜਦੋਂ ਉਥੇ ਜਾਂਦਾ ਹੈ, ਇਹ ਸ਼ੇਰ ਗਧਾ ਵੀ ਉਥੇ ਨੇੜੇ ਹੀ ਫਿਰਦਾ ਹੈ, ਇਧਰਲੇ ਪਾਸੇ ਗਧੇ ਆਪਣੀ ਬੋਲੀ 'ਚ ਹੀਂਗਣ ਲੱਗ ਗਏ, ਜਦੋਂ ਹੀਂਗਣ ਲੱਗੇ ਉਹਨੇ ਵੀ ਨਾਲ ਹੀ ਹੀਂਗਣਾ ਸ਼ੁਰੂ ਕਰ ਦਿਤਾ। ਉਹਨੇ ਕਿਹਾ ਕਿ ਆਹ ਆਵਾਜ਼ ਕਿਧਰੋਂ ਆਉਂਦੀ ਹੈ? ਧਿਆਨ ਨਾਲ ਸੁਣਿਆ ਕਿ ਆਹ ਸ਼ੇਰ ਦੇ ਮੂੰਹ 'ਚੋਂ ਆਉਂਦੀ ਹੈ, ਉਸੇ ਵੇਲੇ ਸਮਝ ਗਿਆ ਕਿ ਆਹ ਤਾਂ ਗਧੇ ਨੂੰ ਖੱਲ੍ਹ ਪਾਈ ਹੋਈ ਹੈ। ਨੇੜੇ ਆ ਗਿਆ, ਗਧੇ ਨੇ ਕੀ ਕਹਿਣਾ ਸੀ, ਕਿਹੜਾ ਝਪਟ ਮਾਰਨੀ ਸੀ, ਫੜ ਲਿਆ ਕੰਨ ਤੋਂ। ਪਹਿਲਾਂ ਤਾਂ ਕੁਟਾਈ ਕਰੀ ਕਿ ਦੱਸ ਪੰਦਰਾਂ ਦਿਨ ਹੋ ਗਏ ਤੈਨੂੰ ਮਛਰੇ ਹੋਏ ਨੂੰ। ਬਹੁਤ ਕੁੱਟਿਆ, ਗੁਰੂ ਮਹਾਰਾਜ ਕੋਲ ਲੈ ਆਇਆ। ਕਹਿੰਦਾ ਆਹ ਸ਼ੇਰ ਨਹੀਂ, ਗਧਾ ਹੈ ਗਧਾ। ਦੀਵਾਨ ਲੱਗਿਆ ਹੋਇਆ ਸੀ ਬਹੁਤ ਭਾਰੀ, ਹਜ਼ਾਰਾਂ ਦੀ ਗਿਣਤੀ 'ਚ ਸੰਗਤ ਬੈਠੀ ਸੀ, ਬੜਾ ਹਾਸਾ ਪਿਆ। ਅਖੀਰ ਜਿਹੜੇ ਸਿਆਣੇ ਗੁਰਸਿੱਖ ਸੀ, ਖੱਲ੍ਹ ਲਾਹ ਲਈ ਗਈ, ਗਧਾ ਅੰਦਰੋਂ ਨਿਕਲ ਆਇਆ। ਪੁੱਛਣ ਲੱਗੇ, ਮਹਾਰਾਜ! ਇਹ ਕੀ ਕੌਤਕ ਹੈ, ਸਾਨੂੰ ਕੀ ਸਮਝਾਇਆ ਹੈ। ਕਹਿਣ ਲੱਗੇ, ਖਾਲਸਾ ਜੀ ਮੈਂ ਮਨੁੱਖ ਨੂੰ ਆਤਮ ਰਸੀਆ ਬਣਾਇਆ ਹੈ ਤੇ ਨਾਮ ਅੰਮ੍ਰਿਤ ਪ੍ਰਵੇਸ਼ ਕੀਤਾ ਹੈ ਤੇ ਅੰਦਰਲੇ ਅੰਮ੍ਰਿਤ ਦੇ ਨਾਲ ਜੋੜ ਦਿਤਾ – ਨਾਮ ਦੇ ਰਾਹੀਂ। ਬਾਹਰੋਂ ਪਾ ਕੇ ਜਿਵੇਂ ਟਿਊਬਵੈਲ ਹੁੰਦਾ ਹੈ। reflex valve ਤਾਈਂ ਜੇ ਬਾਹਰੋਂ ਪਾਣੀ ਪਾ ਦਿਓ ਤਾਂ ਅੰਦਰਲਾ ਪਾਣੀ ਸੂਟਾ ਮਾਰ ਕੇ ਇਥੇ ਤੱਕ ਆ ਜਾਂਦਾ ਹੈ, ਫੇਰ ਪਾ ਦਿਓ ਫੇਰ ਚਲਦਾ ਰਹਿੰਦਾ ਹੈ, ਫੇਰ ਨਹੀਂ ਟੁੱਟਦਾ, ਕਹਿੰਦੇ ਅੰਦਰਲੇ ਅੰਮ੍ਰਿਤ ਨੂੰ ਕੱਢਣ ਵਾਸਤੇ ਅਸੀਂ ਇਹ ਪਾਹੁਲ ਖੰਡੇਧਾਰ ਬਣਾਈ ਤੇ ਜਦੋਂ ਅੰਦਰਲਾ ਤੇ ਬਾਹਰਲਾ ਅੰਮ੍ਰਿਤ ਇਕ ਹੋ ਗਏ, ਉਸ ਵੇਲੇ ਇਹ ਆਤਮ ਰਸੀਆ ਹੋ ਗਿਆ ਤੇ ਪ੍ਰਮੇਸ਼ਰ ਦੇ ਵਿਚ ਤੇ ਮੇਰੇ ਵਿਚ ਕੋਈ ਭੇਤ ਨਾ ਰਿਹਾ ਤੇ ਜੋ ਤੇਜ ਮੇਰੇ ਵਿਚ ਹੈ, ਉਹ ਮੇਰੇ ਖਾਲਸੇ ਵਿਚ ਆ ਗਿਆ, ਇਹ ਤੇਜ ਮੈਂ ਖਾਲਸੇ ਨੂੰ ਦੇ ਦਿਤਾ।

# ਅੰਮ੍ਰਿਤ ਪੀਵਹੁ ਸਦਾ ਚਿਰੁ ਜੀਵਹੁ

*ਸੰਤ ਬਾਬਾ ਹਰਪਾਲ ਸਿੰਘ ਜੀ*

*ਡੰਡਉਤਿ ਬੰਦਨ ਅਨਿਕ ਬਾਰ ਸਰਬ ਕਲਾ ਸਮਰਥ॥*
*ਡੋਲਨ ਤੇ ਰਾਖਹੁ ਪ੍ਰਭੂ ਨਾਨਕ ਦੇ ਕਰਿ ਹਥ॥ ਅੰਗ -੨੫੬*

*ਫਿਰਤ ਫਿਰਤ ਪ੍ਰਭ ਆਇਆ ਪਰਿਆ ਤਉ ਸਰਨਾਇ॥*
*ਨਾਨਕ ਕੀ ਪ੍ਰਭ ਬੇਨਤੀ ਅਪਨੀ ਭਗਤੀ ਲਾਇ॥*
*ਅੰਗ - ੨੮੯*

*ਹਰਿ ਕੀਰਤਿ ਸਾਧਸੰਗਤਿ ਹੈ ਸਿਰਿ ਕਰਮਨ ਕੈ ਕਰਮਾ ॥*
*ਕਹੁ ਨਾਨਕ ਤਿਸੁ ਭਇਓ ਪਰਾਪਤਿ*
*ਜਿਸੁ ਪੁਰਬ ਲਿਖੇ ਕਾ ਲਹਨਾ ॥ ਅੰਗ- ੬੪੨*

*ਕਬੀਰ ਚਰਨ ਕਮਲ ਕੀ ਮਉਜ ਕੋ ਕਹਿ ਕੈਸੇ ਉਨਮਾਨ ॥*
*ਕਹਿਬੇ ਕਉ ਸੋਭਾ ਨਹੀ ਦੇਖਾ ਹੀ ਪਰਵਾਨੁ ॥*
*ਅੰਗ- ੧੩੭੦*

*ਜੇ ਸਉ ਚੰਦਾ ਉਗਵਹਿ ਸੂਰਜ ਚੜਹਿ ਹਜਾਰ ॥*
*ਏਤੇ ਚਾਨਣ ਹੋਦਿਆਂ ਗੁਰ ਬਿਨੁ ਘੋਰ ਅੰਧਾਰ ॥*
*ਅੰਗ- ੪੬੩*

*ਨਾਨਕ ਗੁਰੂ ਨ ਚੇਤਨੀ ਮਨਿ ਆਪਣੈ ਸੁਚੇਤ ॥*
*ਛੁਟੇ ਤਿਲ ਬੂਆੜ ਜਿਉ ਸੁੰਞੇ ਅੰਦਰਿ ਖੇਤ ॥*
*ਖੇਤੈ ਅੰਦਰਿ ਛੁਟਿਆ ਕਹੁ ਨਾਨਕ ਸਉ ਨਾਹ ॥*
*ਫਲੀਅਹਿ ਫੁਲੀਅਹਿ ਬਪੁੜੇ ਭੀ ਤਨ ਵਿਚਿ ਸੁਆਹ ॥*
*ਅੰਗ- ੪੬੩*

*ਜੈਸਾ ਸਤਿਗੁਰੁ ਸੁਣੀਦਾ ਤੈਸੋ ਹੀ ਮੈ ਡੀਠੁ ॥*
*ਵਿਛੁੜਿਆ ਮੇਲੇ ਪ੍ਰਭੂ ਹਰਿ ਦਰਗਹ ਕਾ ਬਸੀਠੁ ॥*
*ਹਰਿ ਨਾਮੋ ਮੰਤ੍ਰੁ ਦ੍ਰਿੜਾਇਦਾ ਕਟੇ ਹਉਮੈ ਰੋਗੁ ॥ ਨਾਨਕ*
*ਸਤਿਗੁਰੁ ਤਿਨਾ ਮਿਲਾਇਆ ਜਿਨਾ ਧੁਰੇ ਪਇਆ ਸੰਜੋਗੁ ॥*
*ਅੰਗ- ੯੫੭*

ਪਰਮ ਸਤਿਕਾਰਯੋਗ ਗੁਰੂ ਪਿਆਰੀ ਸਾਧਸੰਗਤ ਜੀਓ, ਖਿਆਲਾਂ ਨੂੰ ਬਾਹਰ ਜਾਣ ਤੋਂ ਰੋਕੀਏ, ਚਿੱਤ ਬਿਰਤੀਆਂ ਨੂੰ ਕਰੀਏ ਇਕਾਗਰ, ਰਸਨਾ ਦੀ ਪਵਿੱਤਰਤਾ ਦੇ ਵਾਸਤੇ ਸਾਰੇ ਹੀ ਉਚਾਰਨ ਕਰੋ ਜੀ 'ਸਤਿਨਾਮੁ ਸ੍ਰੀ ਵਾਹਿਗੁਰੂ।' ਪਾਤਸ਼ਾਹ ਜੀ ਦੀ ਅਪਾਰ ਬਖਸ਼ਿਸ਼ ਹੋਈ, ਨਗਰ ਭੱਟੋ, ਸ੍ਰੀ ਅਨੰਦਪੁਰ ਸਾਹਿਬ ਜੀ ਪਵਿੱਤਰ ਧਰਤੀ, 19 ਜੂਨ 1665 ਈ. ਦੇ ਵਿਚ ਜੋ ਕੇ ਇਹ ਅਸਥਾਨ ਕਾਇਮ ਹੋਏ। ਭਾਗਾਂ ਵਾਲੇ ਹਨ ਜੋ ਸਤਿਸੰਗ ਦੇ ਵਿਚ ਪਹੁੰਚੇ ਨੇ। ਥੋੜ੍ਹਾ ਜਿਹਾ ਸਮਾਂ ਹੈ -

*ਕਬੀਰ ਏਕ ਘੜੀ ਆਧੀ ਘਰੀ ਆਧੀ ਹੂੰ ਤੇ ਆਧ ॥*
*ਭਗਤਨ ਸੇਤੀ ਗੋਸਟੇ ਜੋ ਕੀਨੇ ਸੋ ਲਾਭ ॥ ਅੰਗ- ੧੩੭੭*

ਕਾਫੀ ਸਮੇਂ ਤੋਂ ਆਪ ਜੀ ਗੁਰਮਤਿ ਵਿਚਾਰਾਂ ਦਾ, ਰੱਬੀ ਬਾਣੀ ਕੀਰਤਨ ਦਾ ਲਾਹਾ ਪ੍ਰਾਪਤ ਕਰ ਰਹੇ ਸੀ। ਬਹੁਤ ਹੀ ਚੰਗੇ ਭਾਗ ਹੋਣ, ਪੂਰਬਲੇ ਕੋਈ ਸੰਚਿਤ ਕਰਮ ਫਲ ਦੇਣ ਵਾਸਤੇ ਤਿਆਰ ਹੋਣ, ਫੇਰ ਅਸੀਂ ਸਤਿਸੰਗ ਦੇ ਵਿਚ ਆ ਸਕਦੇ ਹਾਂ। ਨਹੀਂ ਤਾਂ ਸਤਿਸੰਗ ਨਹੀਂ ਮਿਲਦਾ। ਕੁਸੰਗ ਤਾਂ ਮਿਲ ਜਾਏਗਾ। ਕੁਸੰਗ ਵਾਸਤੇ ਕੋਈ ਪੁਰਸਾਰਥ ਦੀ ਵੀ ਲੋੜ ਨਹੀਂ। ਕਲਜੁਗ ਦਾ ਸਮਾਂ ਹੈ ਘਰ-ਘਰ ਦੇ ਵਿਚ ਮੀਡੀਏ ਦੇ ਰਾਹੀਂ ਪਹੁੰਚ ਚੁੱਕਿਆ ਹੈ। ਸਤਿਸੰਗ ਬਿਨਾਂ ਭਾਗਾਂ ਤੋਂ ਨਹੀਂ ਮਿਲਿਆ ਕਰਦਾ। ਜਿਹੜੇ ਸਤਿਸੰਗ 'ਚ ਨਹੀਂ ਆਉਂਦੇ, ਉਹਦੇ ਵਿਚ ਉਨ੍ਹਾਂ ਦਾ ਕੋਈ ਕਸੂਰ ਨਹੀਂ। ਕਸੂਰ ਹੈ ਕਰਮਾਂ ਦਾ। ਕਰਮ ਫਲ ਦੇਣ ਵਾਸਤੇ ਤਿਆਰ ਹੋ ਜਾਣ ਤਾਂ ਦੂਰ ਤੋਂ ਵੀ ਪ੍ਰੇਮੀ, ਸੈਂਕੜੇ ਮੀਲ ਤੋਂ ਇਥੇ ਸੰਗਤ ਵਿਚ ਪਹੁੰਚੇ ਨੇ ਕਿਉਂਕਿ ਐਸੇ ਸ਼ੁਭ ਕਰਮ ਜਾਗ ਗਏ, ਸੰਚਿਤ ਕਰਮ ਫਲ਼ ਦੇਣ ਵਾਸਤੇ ਤਿਆਰ ਹੋਏ। ਆਹ ਅਨੰਦਾਂ ਦੀ ਪੁਰੀ ਸ੍ਰੀ ਅਨੰਦਪੁਰ ਸਾਹਿਬ ਦੀ ਧਰਤੀ ਦਾ ਇਹ ਇਲਾਕਾ, ਜਿੱਥੇ ਕਿ ਸਤਿਸੰਗ ਕਰਨ ਪਹੁੰਚ ਗਏ। ਜਿਨ੍ਹਾਂ ਦੇ ਅਜੇ ਕਰਮ ਨਹੀਂ ਬਣੇ, ਉਹ ਨਹੀਂ ਨੇੜੇ ਤੋਂ ਵੀ ਆ ਸਕੇ -

*ਬਿਨੁ ਭਾਗਾ ਸਤਸੰਗੁ ਨ ਲਭੈ ਬਿਨੁ ਸੰਗਤਿ ਮੈਲੁ ਭਰੀਜੈ ਜੀਉ॥*
*ਅੰਗ- ੯੫*

ਤੁਸੀਂ ਆਪਣੇ ਕੰਮਾਂ-ਕਾਰਾਂ ਨੂੰ ਪਿੱਠ ਦੇ ਕੇ, ਰਾਤਰੀ ਦੇ ਸਮੇਂ ਆਲਸ ਦਾ ਤਿਆਗ ਕਰਦੇ ਹੋਏ ਗੁਰੂ ਚਰਨਾਂ ਦੇ ਵਿਚ ਪਹੁੰਚੇ ਹੋਂ।

*ਪ੍ਰਭ ਕੀ ਉਸਤਤਿ ਕਰਹੁ ਸੰਤ ਮੀਤ ॥*
*ਸਾਵਧਾਨ ਏਕਾਗਰ ਚੀਤ ॥ ਅੰਗ- ੨੯੫*

ਇਕਾਗਰ ਚਿੱਤ ਦੇ ਨਾਲ ਥੋੜ੍ਹਾ ਜਿਹਾ ਸਮਾਂ ਵੀ ਸਤਿਸੰਗ ਕਰ ਲਿਆ, ਉਹਦੇ ਨਾਲ ਲਾਭ ਹੀ ਲਾਭ ਹੈ। ਕਿਉਂਕਿ ਸਾਰਾ ਹੀ ਸਬੰਧ ਮਨ ਦਾ ਹੈ। ਮਨ ਨੂੰ ਕੰਟਰੋਲ ਕਰਨਾ ਮਨ ਨੂੰ ਸਤਿਸੰਗ ਦੇ ਵਿਚ ਲਿਆਉਣਾ, ਸਤਿਗੁਰੂ ਦੀ ਕ੍ਰਿਪਾ ਹੋਵੇ ਤਾਂ ਹੁੰਦਾ ਹੈ ਇਹ -

*ਮਨੁ ਬਸਿ ਆਵੈ ਨਾਨਕਾ ਜੇ ਪੂਰਨ ਕਿਰਪਾ ਹੋਇ ॥*
*ਅੰਗ- ੨੯੮*

ਪੂਰਬਲੇ ਭਾਗਾਂ ਬਿਨਾਂ ਹਰੀ ਜਸ ਨਹੀਂ ਮਿਲਦਾ ਸੁਣਨ ਨੂੰ। ਜੇ ਭਾਗ ਨਾ ਬਣੇ ਹੋਣ ਸਤਿਸੰਗ ਵਿਚ ਵੀ ਆ ਜਾਓ, ਇਥੇ ਆ ਕੇ ਜੇ ਨੀਂਦ ਆਉਣ ਲੱਗ ਗਈ ਸਮਝੋ ਕਿ ਮਨ ਨਹੀਂ ਸਾਥ ਦੇ ਰਿਹਾ। ਮਨ ਆਲਸ ਵਲ ਨੂੰ ਪ੍ਰੇਰਦਾ ਹੈ। ਦੋ ਮਨ ਨੇ, ਇਕ ਸੁਚੇਤ ਮਨ ਹੈ ਜਿਹੜਾ ਉਹ ਕਹਿੰਦਾ ਹੈ ਕਿ ਚੱਲ ਸਤਿਸੰਗ 'ਚ ਬੈਠ -

*ਅਵਰਿ ਕਾਜ ਤੇਰੈ ਕਿਤੈ ਨ ਕਾਮ ॥*
*ਮਿਲੁ ਸਾਧਸੰਗਤਿ ਭਜੁ ਕੇਵਲ ਨਾਮ ॥ ਅੰਗ - ੧੨*

ਇਕ ਐਸਾ ਮਨ ਕਿ ਤੂੰ ਸੰਗਤ ਵਿਚ ਇਧਰ ਨੂੰ ਚੱਲ, ਤੂੰ ਉਲਟ ਪਾਸੇ ਕਿਉਂ ਤੁਰ ਪਿਆ। ਉਹ ਮਨ ਦੂਜੇ ਪਾਸੇ ਨੂੰ ਪ੍ਰੇਰਦਾ ਹੈ। ਹੈ ਤਾਂ ਮਨ ਹੀ -

*ਮਮਾ ਮਨ ਸਿਉ ਕਾਜੁ ਹੈ ਮਨ ਸਾਧੇ ਸਿਧਿ ਹੋਇ ॥*
*ਅੰਗ - ੩੪੨*
*ਨਾਮੁ ਜਪਤ ਗੋਬਿੰਦ ਨਹ ਅਲਸਾਈਐ ॥ ਅੰਗ - ੪੫੬*

ਅਸੀਂ ਸਤਿਸੰਗ 'ਚ ਆ ਤਾਂ ਗਏ, ਵਾਰੀ ਆਉਣ 'ਤੇ ਗਾਉਂਦੇ ਵੀ ਹਾਂ, ਮਨ ਉਧਰਲੇ ਪਾਸੇ ਜਾਂਦਾ ਹੈ ਕਿ ਮੇਰੀ ਵਾਰੀ ਆ ਗਈ। ਵਾਰੀ ਆਈ ਤੋਂ ਮੈਂ ਬੋਲਾਂ। ਇਸੇ ਤਰ੍ਹਾਂ ਆਹ ਸਰੀਰ ਜਿਹੜਾ ਹੈ -

*ਏ ਸਰੀਰਾ ਮੇਰਿਆ ਇਸੁ ਜਗ ਮਹਿ ਆਇ ਕੈ*
*ਕਿਆ ਤੁਧੁ ਕਰਮ ਕਮਾਇਆ ॥ ਅੰਗ- ੯੨੨*

ਇਹ ਸਰੀਰ ਨਾਲ ਦੇਖੋ ਕਿ ਅਸੀਂ ਕੀ ਕੁਝ ਕੀਤਾ ਹੈ ਅਜੇ, ਕੀ ਕੁਝ ਕਰਨ ਨੂੰ ਬਾਕੀ ਹੈ।

*ਇਹੁ ਸਰੀਰੁ ਸਭੁ ਧਰਮੁ ਹੈ*
*ਜਿਸੁ ਅੰਦਰਿ ਸਚੇ ਕੀ ਵਿਚਿ ਜੋਤਿ ॥*
*ਗੁਹਜ ਰਤਨ ਵਿਚਿ ਲੁਕਿ ਰਹੇ*
*ਕੋਈ ਗੁਰਮੁਖਿ ਸੇਵਕੁ ਕਢੈ ਖੋਤਿ ॥ ਅੰਗ- ੩੦੯*

ਪੁਰਾਣੇ ਸਮਿਆਂ 'ਚ ਖੂਹ ਹੁੰਦੇ, ਰੇਤਲਾ ਇਲਾਕਾ ਸੀ, ਪਾਣੀ ਦੇ ਐਨੇ ਸਾਧਨ ਨਹੀਂ ਸਨ। ਰੇਤ ਉਡਦੀ ਰਹਿੰਦੀ। ਟਿੱਬੇ ਰੇਤ ਦੇ ਵੱਡੇ-ਵੱਡੇ ਲਗ ਜਾਂਦੇ। ਰਤਵਾੜਾ ਸਾਹਿਬ ਜਦੋਂ ਹੋਂਦ 'ਚ ਆਇਆ, ਉਸ ਸਮੇਂ ਅਸੀਂ, ਆਪ ਦੇਖਿਐ ਵੱਡੇ-ਵੱਡੇ ਟਿੱਬੇ ਰੇਤ ਦੇ ਸੀ। ਰਾਤੋ-ਰਾਤ ਕਿਤੇ ਹੋਰ ਜਗ੍ਹਾ ਲਗ ਜਾਣੇ। ਉਹ ਖੂਹ ਨੂੰ ਢਕ ਲਿਆ ਕਰਦੇ। ਫੇਰ ਬੱਕਰੀਆਂ ਵਾਲਿਆਂ ਨੂੰ ਬੁਲਾਉਣਾ। ਬੱਕਰੀ ਨੂੰ ਐਨੀ ਸੋਝੀ ਹੈ ਕਿ ਉਹ ਖੂਹ ਦੇ ਦੁਆਲੇ ਬੈਠ ਜਾਂਦੀਆਂ ਨੇ, ਭਾਵੇਂ ਉਹ ਰੇਤੇ ਦੇ ਵਿਚ ਲੁਕਿਆ ਹੋਇਆ ਹੈ। ਉਹ ਖੂਹ ਦੀ ਮੌਣ ਦੇ ਦੁਆਲੇ ਹੀ ਬੈਠਦੀਆਂ ਨੇ, ਗੋਲ ਦਾਇਰਾ ਬਣਾ ਕੇ। ਜਿਹੜੇ ਓਡ ਬੱਕਰੀਆਂ ਵਾਲੇ ਹੁੰਦੇ, ਉਹ ਕਹਿ ਦਿੰਦੇ ਕਿ ਇਥੇ ਖੂਹ ਹੈ। 'ਗੁਹਜ ਰਤਨ ਵਿਚਿ ਲੁਕਿ ਰਹੇ ਕੋਈ ਗੁਰਮੁਖਿ ਸੇਵਕੁ ਕਢੈ ਖੋਤਿ ॥'

*ਅੰਤਰਿ ਖੂਹਟਾ ਅੰਮ੍ਰਿਤਿ ਭਰਿਆ*
*ਸਬਦੇ ਕਾਢਿ ਪੀਐ ਪਨਿਹਾਰੀ ॥ ਅੰਗ- ੫੭੦*

ਅੰਦਰ ਹੀ ਸਰੀਰ ਦੇ ਵਿਚ ਅੰਮ੍ਰਿਤ ਦਾ ਸਰੋਵਰ ਹੈ। ਇਹਨੂੰ ਖੋਜਣਾ ਹੈ। ਇਹਦੀ ਖੋਜ ਵਿਚ ਸਤਿਸੰਗ ਵਿਚ ਆਉਣ ਇਸ ਦਾ ਇਥੋਂ ਹੀ ਪਤਾ ਲਗਦਾ ਹੈ।

*ਨਉ ਨਿਧਿ ਅੰਮ੍ਰਿਤੁ ਪ੍ਰਭ ਕਾ ਨਾਮੁ ॥*
*ਦੇਹੀ ਮਹਿ ਇਸ ਕਾ ਬਿਸ੍ਰਾਮੁ ॥*
*ਸੁੰਨ ਸਮਾਧਿ ਅਨਹਤ ਤਹ ਨਾਦ ॥*
*ਕਹਨੁ ਨ ਜਾਈ ਅਚਰਜ ਬਿਸਮਾਦ ॥ ਅੰਗ - ੨੯੩*

*ਜਿਨਿ ਰਚਿ ਰਚਿਆ ਪੁਰਖਿ ਬਿਧਾਤੈ ਨਾਲੇ ਹਉਮੈ ਪਾਈ ॥*
*ਜਨਮ ਮਰਣੁ ਉਸ ਹੀ ਕਉ ਹੈ ਰੇ ਓਹਾ ਆਵੈ ਜਾਈ ॥*
*ਅੰਗ - ੯੯੯*

ਉਸ ਪ੍ਰਮੇਸ਼ਰ ਨੂੰ ਮਿਲਣ ਵਾਸਤੇ ਇਹ ਸਰੀਰ ਇਕ ਵਾਹਨ ਹੈ। ਕਿੰਨੀ ਸੋਹਣੀ ਇਹਦੀ ਰਚਨਾ ਰਚੀ ਗਈ। ਨੌਂ ਦਰਵਾਜ਼ੇ ਇਸ ਦੇ ਬਾਹਰ ਨੂੰ ਖੁਲ੍ਹਦੇ ਨੇ। ਇਕ ਦਰਵਾਜ਼ਾ ਜਿਹੜਾ ਦਸਵਾਂ ਹੈ ਉਹ ਗੁਪਤ ਰੱਖਿਆ ਹੈ ਪ੍ਰਮੇਸ਼ਰ ਨੇ, ਉਹ ਅੰਦਰ ਵਲ ਨੂੰ ਖੁਲ੍ਹਦਾ ਹੈ ਬਾਕੀ ਸਾਰੇ ਬਾਹਰ ਵਲ ਨੂੰ ਖੁਲ੍ਹਦੇ ਨੇ।

*ਬਜਰ ਕਪਾਟ ਨ ਖੁਲਨੀ ਗੁਰ ਸਬਦਿ ਖੁਲੀਜੈ ॥ਅੰਗ- ੯੫੪*

ਗੁਰੂ ਦਾ ਸ਼ਬਦ ਇਸ ਨੂੰ ਖੋਲ੍ਹਦਾ ਹੈ। ਗੁਰੂ ਤੋਂ ਗੁਰਮੰਤਰ ਲੈਣਾ -

*ਅੰਮ੍ਰਿਤੁ ਨਾਮੁ ਨਿਧਾਨੁ ਹੈ ਮਿਲਿ ਪੀਵਹੁ ਭਾਈ ॥*
*ਅੰਗ- ੩੧੮*

ਇਸੇ ਅਨੰਦਪੁਰ ਸਾਹਿਬ ਦੀ ਪਵਿੱਤਰ ਧਰਤੀ 'ਤੇ ਗੁਰੂ ਪਾਤਸ਼ਾਹ ਜੀ ਨੇ ਇਹ ਖੁੱਲ੍ਹੀ ਖੇਡ ਵਰਤਾ ਦਿਤੀ। ਜਿਹੜੀ ਪਹਿਲਾਂ ਗੁਪਤ ਖੇਡ ਸੀ। 1699, 30 ਮਾਰਚ ਨੂੰ ਵਿਸਾਖੀ ਦਾ ਦਿਹਾੜਾ ਸੀ। ਉਸ ਤੋਂ ਕਾਫੀ ਸਮਾਂ ਪਹਿਲਾ ਗੁਰੂ ਪਾਤਸ਼ਾਹ ਇਕਾਂਤ ਸਥਾਨ 'ਤੇ ਰਹੇ। ਕੇਸਗੜ੍ਹ ਸਾਹਿਬ ਦੀ ਟੀਸੀ 'ਤੇ ਪੱਧਰਾ ਕਰਕੇ, ਬਹੁਤ ਵੱਡਾ ਪੰਡਾਲ ਲਾਇਆ ਗਿਆ। ਦੂਰ-ਦੂਰ ਸੁਨੇਹੇ ਭੇਜੇ ਗਏ ਕਿ ਇਸ ਦਿਨ 'ਤੇ ਅਨੰਦਪੁਰ ਸਾਹਿਬ ਪਹੁੰਚੋ। ਸੰਗਤਾਂ ਵਹੀਰਾਂ ਘੱਤ ਕੇ ਆਈਆਂ।

*ਜਉ ਤਉ ਪ੍ਰੇਮ ਖੇਲਣ ਕਾ ਚਾਉ ॥*
*ਸਿਰੁ ਧਰਿ ਤਲੀ ਗਲੀ ਮੇਰੀ ਆਉ ॥*
*ਇਤੁ ਮਾਰਗਿ ਪੈਰੁ ਧਰੀਜੈ ॥*
*ਸਿਰੁ ਦੀਜੈ ਕਾਣਿ ਨ ਕੀਜੈ ॥ ਅੰਗ- ੧੪੧੨*

ਹੁਣ ਜਿਸ ਰਸਤੇ ਦੇ ਰਾਹੀਂ ਪੰਡਾਲ ਦੇ ਵਿਚ ਜਾਣਾ ਸੀ, ਉਸ ਦੇ ਅੱਗੇ ਇਹ ਲਿਖਿਆ ਹੋਇਆ ਸੀ। ਅੰਮ੍ਰਿਤ ਵੇਲੇ ਆਸਾ ਜੀ ਦੀ ਵਾਰ ਦੇ ਕੀਰਤਨ ਹੋਏ, ਰਾਗੀ ਸ਼ਬਦ ਪੜ੍ਹ ਰਹੇ ਨੇ, ਸੰਗਤਾਂ ਪਿਆਰ ਨਾਲ, ਸ਼ਰਧਾ ਨਾਲ ਗੁਰੂ ਦੇ ਦਰ 'ਤੇ ਆ ਰਹੀਆਂ ਹਨ। ਨਮਸ਼ਕਾਰਾਂ ਕਰਕੇ ਬੀਬੀਆਂ, ਬੀਬੀਆਂ ਵਾਲੇ ਪਾਸੇ, ਭਾਈ-ਭਾਈਆਂ ਵਾਲੇ ਪਾਸੇ ਬੈਠਦੇ ਜਾ ਰਹੇ ਨੇ ਤੇ ਅੱਜ ਭੋਗ ਤੋਂ ਉਪਰੰਤ ਗੁਰੂ ਪਾਤਸ਼ਾਹ ਜੀ ਐਨੇ ਜਲਾਲ ਦੇ ਵਿਚ ਹਨ, ਇਹ ਪ੍ਰਤੱਖ ਰੂਪ ਦੇ ਵਿਚ ਕਰਨ ਜਾ ਰਹੇ ਹਨ ਕਿ ਪਿਆਰਿਆ! ਜੇ ਤੂੰ ਇਸ ਰਸਤੇ 'ਤੇ ਆਉਣਾ ਹੈ, ਪਹਿਲਾਂ ਕੀ ਕਬੂਲ? ਦਾਖਲਾ ਫੀਸ, ਜਿਵੇਂ ਸਕੂਲ ਦੀ ਹੁੰਦੀ ਹੈ।

ਉਸ ਸਮੇਂ ਆਪ ਜੀ ਦੇ ਪਵਿੱਤਰ ਸਰੀਰ ਦਾ ਨਾਮ ਸੀ 'ਗੁਰੂ ਗੋਬਿੰਦ ਰਾਏ ਜੀ'। ਹੁਣ ਕੀ ਬਚਨ ਕਰ ਰਹੇ ਕਿ ਪਿਆਰਿਓ -

*ਪਹਿਲਾ ਮਰਣੁ ਕਬੂਲਿ ਜੀਵਣ ਕੀ ਛਡਿ ਆਸ ॥*
*ਹੋਹੁ ਸਭਨਾ ਕੀ ਰੇਣੁਕਾ ਤਉ ਆਉ ਹਮਾਰੈ ਪਾਸਿ ॥*
*ਅੰਗ - ੧੧੦੨*

ਤੂੰ ਜੀਵਨ ਦੀਆਂ ਆਸਾਂ ਛੱਡ ਦੇ, ਤਾਂ ਤੂੰ ਇਸ ਰਸਤੇ 'ਤੇ ਆ ਸਕਦੈ। ਜੇ ਤੂੰ ਇਸ ਰਸਤੇ 'ਤੇ ਨਹੀਂ ਚੱਲ ਸਕਦਾ, ਕਿਉਂਕਿ ਰਸਤਾ ਪ੍ਰੇਮ ਦਾ ਹੈ, ਪਿਆਰ ਦਾ ਹੈ। ਪਿਆਰ ਕੀ ਮੰਗਦਾ ਹੈ? ਪਿਆਰ 'ਚ ਕੁਰਬਾਨੀ ਹੈ, ਪਿਆਰ 'ਚ ਸਮਰਪਣ ਹੈ, ਪਿਆਰ 'ਚ ਸੀਸ ਤਲੀ 'ਤੇ

ਧਰਨਾ ਪੈਂਦਾ ਹੈ। ਹੁਣ ਅਮਲੀ ਰੂਪ ਵਿਚ ਹੋ ਰਿਹਾ ਹੈ। ਅੱਗੇ ਤਾਂ ਸੁਣਦੇ ਸੀ ਪਰ ਅੱਜ ਪਰਚਾ ਪੈ ਗਿਆ, ਗੁਰੂ ਪਾਤਸ਼ਾਹ ਜੀ, ਉੱਚੀ ਸਟੇਜ 'ਤੇ ਖੜ੍ਹੇ ਹੋ ਬਚਨ ਕਰ ਰਹੇ ਨੇ ਕਿ-

*ਗਗਨ ਦਮਾਮਾ ਬਾਜਿਓ ਪਰਿਓ ਨੀਸਾਨੈ ਘਾਓ ॥*
*ਖੇਤੁ ਜੁ ਮਾਂਡਿਓ ਸੂਰਮਾ ਅਬ ਜੂਝਨ ਕੋ ਦਾਉ ॥*

*ਅੰਗ- ੧੧੦੫*

ਹੁਣ ਸੂਰਮਾ ਇਸ ਸਰੀਰ ਰੂਪੀ ਖੇਤ ਦੇ ਵਿਚ, ਜਿਥੇ ਨਾਮ ਅੰਮ੍ਰਿਤ ਹੈ, ਗੁਰੂ ਦਾ ਕੀ ਕੰਮ ਹੈ, ਉਸ ਤੱਕ ਪਹੁੰਚਾਉਣਾ ਹੈ -

*ਸੂਰਾ ਸੋ ਪਹਿਚਾਨੀਐ ਜੁ ਲਰੈ ਦੀਨ ਕੇ ਹੇਤ ॥*
*ਪੁਰਜਾ ਪੁਰਜਾ ਕਟਿ ਮਰੈ ਕਬਹੂ ਨ ਛਾਡੈ ਖੇਤੁ ॥*

*ਅੰਗ- ੧੧੦੫*

ਸੂਰਮੇ ਦੀ ਕੀ ਪਹਿਚਾਣ ਹੈ, ਉਹ ਵੀ ਸਤਿਗੁਰ ਦਸਦੇ ਨੇ। ਉਹ ਸੂਰਮਾ ਜੋ ਗੁਰੂ ਦੇ ਸਨਮੁਖ ਹੋ ਕੇ ਖੜ੍ਹਾ ਹੋਵੇ। ਕਿਉਂਕਿ ਸੂਰਮਾ ਹੀ ਇਸ ਪਿਆਰ ਦੇ ਰਸਤੇ 'ਤੇ ਚਲ ਸਕਦਾ ਹੈ।

ਗੁਰੂ ਸਾਹਿਬ ਦੇ ਪਵਿੱਤਰ ਹਸਤ ਕਮਲਾਂ 'ਚਂ ਕ੍ਰਿਪਾਨ ਮਿਆਨ 'ਚੋਂ ਬਾਹਰ ਸ਼ਸ਼ੋਭਤ ਹੈ । ਕਹਿਣ ਲੱਗੇ, ਕੋਈ ਆਓ ਸੂਰਮਾ, ਇਸ ਕ੍ਰਿਪਾਨ ਨੂੰ ਇਕ ਸੀਸ ਦੀ ਲੋੜ ਹੈ। ਹੁਣ ਪਰਚੇ ਪੈ ਗਏ।

*ਕਬੀਰ ਕਸਉਟੀ ਰਾਮ ਕੀ ਝੂਠਾ ਟਿਕੈ ਨ ਕੋਇ ॥*
*ਰਾਮ ਕਸਉਟੀ ਸੋ ਸਹੈ ਜੋ ਮਰਜੀਵਾ ਹੋਇ ॥   ਅੰਗ- ੯੪੮*

ਹੁਣ ਕਸਉਟੀ ਕੀ ਲਾਈ ਹੈ ਜੋ ਇਸ ਪੇਪਰ 'ਚ ਪਾਸ ਹੋਵੇਗਾ।

*ਰਤੇ ਸੇਈ ਜਿ ਮੁਖੁ ਨ ਮੋੜੰਨ੍ਹਿ ਜਿਨ੍ਹੀ ਸਿਞਾਤਾ ਸਾਈ ॥*
*ਝੜਿ ਝੜਿ ਪਵਦੇ ਕਚੇ ਬਿਰਹੀ ਜਿਨ੍ਹਾ ਕਾਰਿ ਨ ਆਈ ॥*

*ਅੰਗ - ੧੪੨੫*

ਪਾਸ ਮਰਜੀਵੜੇ ਹੁੰਦੇ ਨੇ। ਗੁਰੂ ਸਾਹਿਬ ਦੇ ਪਹਿਲੇ ਆਵਾਜ਼ੇ 'ਤੇ ਲਾਹੌਰ ਤੋਂ ਆਏ ਭਾਈ ਦਇਆ ਰਾਮ ਜੀ ਖੱਤਰੀ ਸੀਸ ਭੇਟਾ ਕਰਦੇ ਨੇ। ਨਾਲ ਬੇਨਤੀਆਂ ਕਰਦੇ ਨੇ ਕਿ ਪਾਤਸ਼ਾਹ -

*ਕਬੀਰ ਮੇਰਾ ਮੁਝ ਮਹਿ ਕਿਛੁ ਨਹੀ ਜੋ ਕਿਛੁ ਹੈ ਸੋ ਤੇਰਾ ॥*
*ਤੇਰਾ ਤੁਝ ਕਉ ਸਉਪਤੇ ਕਿਆ ਲਾਗੈ ਮੇਰਾ ॥ਅੰਗ - ੧੩੭੫*

ਤਨ ਵੀ ਤੇਰਾ, ਮਨ ਵੀ ਤੇਰਾ, ਤੇਰਾ ਹੀ ਤੈਨੂੰ ਸੌਂਪ ਰਿਹਾ ਹਾਂ। ਹੁਣ ਸੀਸ ਧੜ ਤੋਂ ਅਲੱਗ ਹੋ ਗਿਆ।

ਦੂਸਰੀ ਅਵਾਜ਼ ਦਿਤੀ। ਭਾਈ ਧਰਮ ਦਾਸ ਜੀ ਜੋ ਦਿੱਲੀ ਤੋਂ ਆਏ ਸਨ। ਗੁਰੂ ਚਰਨਾਂ ਦੇ ਵਿਚ ਸੀਸ ਭੇਟ ਕਰਦੇ ਨੇ -

*ਬਲਿਹਾਰੀ ਗੁਰ ਆਪਣੇ ਦਿਉਹਾੜੀ ਸਦ ਵਾਰ ॥*
*ਜਿਨਿ ਮਾਣਸ ਤੇ ਦੇਵਤੇ ਕੀਏ ਕਰਤ ਨ ਲਾਗੀ ਵਾਰ ॥*

*ਅੰਗ- ੪੬੩*

ਹੁਣ ਦੂਜੀ ਅਵਾਜ਼ 'ਤੇ ਭਾਈ ਧਰਮ ਦਾਸ ਜੀ ਨੇ ਆਪਣਾ ਸੀਸ ਭੇਟ ਕਰ ਦਿਤਾ।

ਵਾਰੋ-ਵਾਰੀ ਭਾਈ ਮੋਹਕਮ ਚੰਦ ਜੀ, ਭਾਈ ਹਿੰਮਤ ਰਾਇ ਝੀਵਰ, ਭਾਈ ਸਾਹਿਬ ਚੰਦ, ਨਾਈ, ਛੀਂਬੇ ਇਸ ਤਰ੍ਹਾਂ ਅਲੱਗ-ਅਲੱਗ ਜਾਤਾਂ ਦੇ ਪੰਜ ਸਿੱਖ ਸੀਸ ਭੇਟ ਕਰਦੇ ਨੇ।

*ਅਗੈ ਜਾਤਿ ਨ ਜੋਰੁ ਹੈ ਅਗੈ ਜੀਉ ਨਵੇ ॥*
*ਜਿਨ ਕੀ ਲੇਖੈ ਪਤਿ ਪਵੈ ਚੰਗੇ ਸੇਈ ਕੇਇ ॥   ਅੰਗ- ੪੬੯*

ਹੁਣ ਇਹ ਪੰਜ, ਖੱਤਰੀ, ਜੱਟ, ਛੀਂਬੇ, ਨਾਈ, ਝੀਵਰ; ਪੰਜਾਂ ਨੂੰ ਹੀ ਗੁਰੂ ਜੀ ਨੇ ਇਕ ਕਰ ਦਿਤਾ। ਕ੍ਰਿਪਾਨ ਦੀ ਭੇਟ ਸੀਸ ਦੇ ਦਿਤੇ। ਹੁਣ ਸਤਿਲੁਜ ਜਲ ਮੰਗਵਾਇਆ ਤੇ ਉਸ ਵਿਚ ਪੰਜ ਬਾਣੀਆਂ ਗੁਰੂ ਜੀ ਨੇ ਆਪ ਪੜ੍ਹੀਆਂ ਤੇ ਆਬ-ਏ-ਹਿਆਤ ਤਿਆਰ ਕੀਤਾ।

ਅਬਦੁਲ ਤਰਾਨੀ ਜਿਹੜਾ ਪਹਿਲਾਂ ਬ੍ਰਾਹਮਣ ਸੀ, ਬਾਅਦ 'ਚ ਮੁਸਲਮਾਨ ਬਣ ਗਿਆ। ਉਸਨੇ ਖੁਫੀਆ ਰਿਪੋਰਟ ਔਰੰਗਜ਼ੇਬ ਨੂੰ ਭੇਜਣੀ ਸੀ, ਰੋਜ਼ ਹੀ ਭੇਜਦਾ ਸੀ। ਅੱਜ ਜੋ ਉਸ ਨੇ ਆਖਰੀ ਰਿਪੋਰਟ ਭੇਜੀ, ਉਸ ਦੇ ਵਿਚ ਉਹ ਲਿਖਦਾ ਹੈ ਕਿ ਗੁਰੂ ਨੇ ਸੀਸ ਸਟੇਜ 'ਤੇ ਸਰੀਰ ਤੋਂ ਅਲੱਗ ਕਰ ਦਿਤੇ। ਫੇਰ ਬਾਣੀ ਪੜ੍ਹ ਕੇ ਅੰਮ੍ਰਿਤ, ਆਬ-ਏ-ਹਿਆਤ ਤਿਆਰ ਕੀਤਾ। ਉਹ ਛਿੜਕਿਆ। ਫੇਰ ਅੰਮ੍ਰਿਤ ਛਕਾਇਆ। ਕੀ ਹੋਇਆ?-

*ਅੰਮ੍ਰਿਤੁ ਪੀਵੈ ਅਮਰੁ ਸੋ ਹੋਇ ॥   ਅੰਗ- ੨੯੭*

*ਅੰਮ੍ਰਿਤੁ ਪੀਵਹੁ ਸਦਾ ਚਿਰੁ ਜੀਵਹੁ .........॥ ਅੰਗ- ੪੯੬*

ਫੇਰ ਗੁਰੂ ਪਾਤਸ਼ਾਹ ਜੀ ਨੇ ਇਨ੍ਹਾਂ ਪੰਜੋ ਸਿੰਘਾਂ ਨੂੰ ਅੰਮ੍ਰਿਤ ਛਕਾ ਕੇ ਸਿੰਘ ਸਜਾ ਦਿਤਾ। ਦਇਆ ਰਾਮ ਤੋਂ ਦਇਆ ਸਿੰਘ, ਧਰਮ ਦਾਸ ਤੋਂ ਧਰਮ ਸਿੰਘ, ਮੋਹਕਮ ਸਿੰਘ, ਹਿੰਮਤ ਸਿੰਘ, ਸਾਹਿਬ ਸਿੰਘ; ਪੰਜ ਸਿੰਘ ਸਾਜ ਦਿਤੇ। ਅੰਮ੍ਰਿਤ ਛਕਾਇਆ ਤੇ ਕੀ ਬਚਨ ਕੀਤਾ ਕਿ ਇਹ ਮੇਰੇ ਪਿਆਰੇ ਨੇ। ਮਾਤਾ ਜੀ ਨੇ ਉਸ ਅੰਮ੍ਰਿਤ ਜਲ ਵਿਚ ਪਤਾਸੇ ਪਾ ਕੇ ਮਿਠਾਸ ਪਾਈ। ਇਸ ਤਰ੍ਹਾਂ ਦੇ ਨਾਲ ਅੰਮ੍ਰਿਤ ਦੀ ਪ੍ਰਥਾ ਇਸ ਪਵਿੱਤਰ ਧਰਤੀ 'ਤੇ ਸ੍ਰੀ ਅਨੰਦਪੁਰ ਸਾਹਿਬ ਤੋਂ ਵਿਸਾਖੀ 1699 ਨੂੰ ਚੱਲੀ। ਅੱਜ ਤਕ ਚਲੀ ਆ ਰਹੀ ਹੈ। ਇਸ ਅੰਮ੍ਰਿਤ ਨੂੰ ਤਾਂ ਸਾਰੇ ਲੋਚਦੇ ਨੇ -

*ਸੁਰਿ ਨਰ ਮੁਨਿ ਜਨ ਅੰਮ੍ਰਿਤੁ ਖੋਜਦੇ*
*ਸੁ ਅੰਮ੍ਰਿਤੁ ਗੁਰ ਤੇ ਪਾਇਆ ॥*
*ਪਾਇਆ ਅੰਮ੍ਰਿਤੁ ਗੁਰਿ ਕ੍ਰਿਪਾ ਕੀਨੀ ਸਚਾ ਮਨਿ ਵਸਾਇਆ ॥*

*ਅੰਗ- ੯੧੮*

'ਵਾਹਿਗੁਰੂ' ਗੁਰਮੰਤ੍ਰ ਹੈ, ਇਹ ਐਸਾ ਜਹਾਜ਼ ਹੈ, ਇਸ 'ਤੇ ਜਿਹੜਾ ਸਵਾਰ ਹੋ ਗਿਆ ਉਹ ਗੁਰੂ ਦੇ ਲੋਕ ਹੀ ਜਾਏਗਾ। ਕਿੰਨਾ ਸੁਖਾਲਾ ਮੰਤਰ ਹੈ। ਗੁਰੂ ਪਾਤਸ਼ਾਹ ਜੀ ਨੇ ਐਸਾ ਤਾਕਤ ਵਾਲਾ ਅੰਮ੍ਰਿਤ ਬਖਸ਼ਿਆ ਹੈ, ਜਿਹਦੇ ਵਿਚ ਬਾਣੀ ਪੜ੍ਹੀ ਹੁੰਦੀ ਹੈ, ਉਸ ਬਾਣੀ ਨਾਲ ਅੰਮ੍ਰਿਤ ਤਿਆਰ ਹੁੰਦਾ ਹੈ।

ਅੱਜ ਤੁਸੀਂ ਦੇਖਦੇ ਹੋਂ ਕਲਜੁਗ ਦਾ ਸਮਾਂ ਹੈ। ਧੀਆਂ-ਭੈਣਾਂ ਦੀ ਇੱਜ਼ਤ ਲੁੱਟੀ ਜਾ ਰਹੀ ਹੈ, ਅਖਬਾਰਾਂ ਭਰੀਆਂ ਪਈਆਂ ਨੇ। ਇਸ ਕਰਕੇ ਗੁਰੂ ਦਾ ਇਹ ਬਾਣਾ ਸ਼ੇਰ, ਸਿੰਘ ਦਾ ਹੈ। ਇਸ ਬਾਣੇ ਵਿਚ ਸ਼ਕਤੀ ਹੈ। ਜਦੋਂ ਸਿੰਘ ਸ਼ੇਰ ਗਰਜਦਾ ਹੈ, ਸਾਰਿਆਂ ਨੂੰ ਭਾਜੜ ਪੈ ਜਾਂਦੀ ਹੈ। ਬੀਬੀ ਦਾ ਛਕਿਆ ਹੋਵੇ ਅੰਮ੍ਰਿਤ, ਕਕਾਰ ਸਜਾਏ ਹੋਣ। ਕੋਈ ਮੈਲੀ ਅੱਖ ਨਾਲ ਝਾਕ ਨਹੀਂ ਸਕਦਾ। ਕਿਉਂਕਿ ਤਾਕਤ ਹੈ ਬਾਣੀ 'ਚ। ਅੰਮ੍ਰਿਤ ਛਕ ਲਿਆ, ਬਾਣਾ ਪਾ ਲਿਆ ਗੁਰੂ ਦਾ, ਕੀ ਮਜਾਲ ਹੈ ਕੋਈ ਏਧਰ ਝਾਕ ਸਕੇ।

ਗੁਰੂ ਸਾਹਿਬ ਨੇ ਤਾਂ ਕਿਹਾ ਹੈ - ***'ਚੜ੍ਹੇ ਸਿੰਘ ਤਾਂ ਮੁਕਤ ਕਰਾਉਂ।'*** ਜੇ ਚੜ੍ਹਾਈ ਵੀ ਕਰ ਗਿਆ, ਤਾਂ ਮੁਕਤ ਹੋ ਜਾਵੇਗਾ।

*ਆਪਿ ਮੁਕਤੁ ਮੁਕਤੁ ਕਰੈ ਸੰਸਾਰੁ ॥*
*ਨਾਨਕ ਤਿਸੁ ਜਨ ਕਉ ਸਦਾ ਨਮਸਕਾਰੁ ॥* *ਅੰਗ- ੨੯੫*

ਕੋਈ ਐਸਾ ਗੁਰੂ ਹੈ? ਸੰਸਾਰ 'ਤੇ ਨਹੀਂ ਮਿਲਣਾ ਐਸਾ। ਇਹ ਸੀ ਬਖਸ਼ਿਸ਼। ਕਾਹਦੇ ਵਾਸਤੇ ਆਪ ਨੇ ਸਰਬੰਸ ਵਾਰਿਆ?

*ਇਨ ਪੁਤਰਨ ਕੇ ਸੀਸ ਪਰ ਵਾਰ ਦੀਏ ਸੁਤ ਚਾਰ।*
*ਚਾਰ ਮੂਏ ਤੋ ਕਿਆ ਹੂਆ, ਜੀਵਤ ਕਈ ਹਜ਼ਾਰ।*

ਪੀਰ ਬੁੱਲ੍ਹੇਸ਼ਾਹ ਫਕੀਰ ਕਹਿ ਰਿਹਾ ਏ -

*ਨਾ ਕਹੂੰ ਜਬ ਕੀ, ਨਾ ਕਹੂੰ ਤਬ ਕੀ,*
*ਬਾਤ ਕਹੂੰ ਅਬ ਕੀ।*
*ਅਗਰ ਨਾ ਹੋਤੇ ਗੁਰੂ ਗੋਬਿੰਦ ਸਿੰਘ,*
*ਤੋ ਸੁੰਨਤ ਹੋਤੀ ਸਬ ਕੀ।*

ਕਿੱਡੀਆਂ ਬਖਸ਼ਿਸ਼ਾਂ ਰਹਿਮਤਾਂ ਕੀਤੀਆਂ ਤੇ ਅਸੀਂ ਜੇ ਨਹੀਂ ਇਸ ਜਹਾਜ਼ 'ਤੇ ਚੜ੍ਹਦੇ।

*ਵਾਹਿਗੁਰੂ ਨਾਮ ਜਹਾਜ਼ ਹੈ, ਚੜ੍ਹੇ ਸੋ ਉਤਰੇ ਪਾਰ।*

ਕੀ ਔਖਾ ਏ। ਸਿੰਘਾਂ ਨੇ ਤਾਂ ਸੀਸ ਦੇ ਕੇ ਐਨੀ ਅਮੋਲਕ ਵਸਤੂ ਪ੍ਰਾਪਤ ਕੀਤੀ -

*ਤਨ ਗੰਦਗੀ ਕੀ ਕੋਠੜੀ,*
*ਹਰਿ ਹੀਰਿਆਂ ਕੀ ਖਾਨ।*
*ਸਿਰ ਦਿਤੇ ਜੇ ਹਰਿ ਮਿਲੇ,*
*ਤਉ ਭੀ ਸੌਦਾ ਸਸਤਾ ਜਾਣ।*

ਕਿੱਡਾ ਇਹ ਸੁਖਾਲਾ ਮੰਤਰ ਮਿਲ ਜਾਂਦਾ ਹੈ -

*ਵਾਹਿਗੁਰੂ ਗੁਰਮੰਤ੍ਰ ਹੈ ਜਪੁ ਹਉਮੈ ਖੋਈ।*

ਇਸ ਕਰਕੇ ਜਿਹੜੇ ਨਹੀਂ ਇਸ ਗੱਲ ਨੂੰ ਮੰਨਦੇ, ਮੁਨਕਰ ਨੇ। ਫੇਰ ਤਾਂ ਇਸ ਤੋਂ ਜ਼ਿਆਦਾ ਅਕ੍ਰਿਤਘਣਤਾ ਹੋਰ ਕੀ ਹੋ ਸਕਦੀ ਹੈ। ਮਨ ਨੂੰ ਮਨਾਓ, ਜਿਹੜੇ ਮੰਨ ਗਏ ਨੇ ਉਹ ਧੰਨਤਾਯੋਗ ਹਨ। ਜਿਹੜੇ ਨਹੀਂ ਮੰਨਦੇ ਉਨ੍ਹਾਂ ਦੀ ਹਾਲਤ ਕੀ ਹੈ? -

*ਗੁਰ ਮੰਤ੍ਰ ਹੀਣਸ੍ਹ ਜੋ ਪ੍ਰਾਣੀ ਧ੍ਰਿਗੰਤ ਜਨਮ ਭ੍ਰਸਟਣਹ ॥*
*ਕੂਕਰਹ ਸੂਕਰਹ ਗਰਧਭਹ ਕਾਕਹ ਸਰਪਨਹ ਤੁਲਿ ਖਲਹ ॥*
*ਅੰਗ- ੧੩੫੬*

ਉਨ੍ਹਾਂ ਦਾ ਧਿਰਕਾਰ ਜਨਮ ਹੈ -

*ਸਤਿਗੁਰ ਬਾਝਹੁ ਗੁਰੁ ਨਹੀ ਕੋਈ ਨਿਗੁਰੇ ਕਾ ਹੈ ਨਾਉ ਬੁਰਾ ॥*
*ਅੰਗ - ੪੩੫*

ਉਹਦਾ ਤਾਂ ਨਾਉਂ ਹੀ ਬੁਰਾ ਹੈ। 'ਅੰਤ ਮਤੇ ਸੋ ਗਤੇ।' ਇਥੇ ਤਾਂ ਰਹਿਣਾ ਨਹੀਂ -

*ਜਾ ਰਹਣਾ ਨਾਹੀ ਐਤੁ ਜਗਿ ਤਾ ਕਾਇਤੁ ਗਾਰਬਿ ਹੰਢੀਐ ॥*
*ਅੰਗ- ੪੭੩*

ਤੂੰ ਕਾਹਦਾ ਮਾਣ ਕਰਦਾ ਹੈਂ? ਸ੍ਰੀ ਅਨੰਦਪੁਰ ਸਾਹਿਬ ਦਾ ਇਹ ਇਲਾਕਾ ਇਥੇ ਤਾਂ ਕੋਈ ਨਿਗੁਰਾ ਦਿਸਣਾ ਹੀ ਨਹੀਂ ਚਾਹੀਦਾ। ਕਿਉਂਕਿ ਗੁਰੂ ਜੀ ਦੀ ਕਿੱਡੀ ਬਖਸ਼ਿਸ਼ ਹੋਈ, ਰਹਿਮਤ ਹੋਈ ਇਸ ਇਲਾਕੇ।

*ਹਰਿ ਸਚੇ ਤਖਤ ਰਚਾਇਆ ਸਤਿ ਸੰਗਤਿ ਮੇਲਾ।*
*ਨਾਨਕ ਨਿਰਭਉ ਨਿਰੰਕਾਰ ਵਿਚਿ ਸਿਧਾਂ ਖੇਲਾ।*
*ਗੁਰ ਸਿਮਰਿ ਮਨਾਈ ਕਾਲਕਾ ਖੰਡੇ ਕੀ ਵੇਲਾ।*
*ਪੀਵਹੁ ਪਾਹੁਲ ਖੰਡੇਧਾਰ ਹੁਇ ਜਨਮ ਸੁਹੇਲਾ।*
*ਗੁਰ ਸੰਗਤਿ ਕੀਨੀ ਖਾਲਸਾ ਮਨਮੁਖੀ ਦੁਹੇਲਾ।*
*ਵਾਹ ਵਾਹ ਗੋਬਿੰਦ ਸਿੰਘ ਆਪੇ ਗੁਰੁ ਚੇਲਾ।*
*ਭਾਈ ਗੁਰਦਾਸ ਜੀ, ਵਾਰ ੪੧/੧*

ਹੁਣ ਵੇਲਾ ਹੈ -

*ਕਰਉ ਬੇਨੰਤੀ ਸੁਣਹੁ ਮੇਰੇ ਮੀਤਾ ਸੰਤ ਟਹਲ ਕੀ ਬੇਲਾ ॥*
*ਈਹਾ ਖਾਟਿ ਚਲਹੁ ਹਰਿ ਲਾਹਾ ਆਗੈ ਬਸਨੁ ਸੁਹੇਲਾ ॥*
*ਅੰਗ - ੧੩*

ਅੱਗੇ ਫੇਰ ਸੁਖਾਲਾ ਹੋ ਜਾਏਗਾ ਜੇ ਹੁਣ ਗੁਰੂ ਵਾਲਾ ਬਣ ਜਾਏਂ, ਗੁਰੂ ਤੋਂ ਉਹ ਮੰਤਰ ਲੈ ਲਵੇ, ਜੋ ਅੰਮ੍ਰਿਤ ਛਕ ਕੇ ਮਿਲਣਾ ਹੈ। ਅੱਗੇ ਤਾਂ ਹੁੰਦਾ ਸੀ ਕਿ ਜਿਹੜੇ ਕੋਈ ਗੁਰੂ ਦੇ ਮਸੰਦ ਸਾਜੇ ਸਨ, ਉਨ੍ਹਾਂ ਤੋਂ ਕੋਈ ਮੰਤਰ ਲੈਂਦਾ ਤਾਂ ਉਨ੍ਹਾਂ ਨੂੰ ਕੋਈ ਸਿੱਖ ਆਖਦੇ, ਜਿਹੜਾ ਗੁਰੂ ਤੋਂ ਸਿੱਧਾ ਮੰਤਰ ਮਿਲਦਾ ਉਹਨੂੰ ਖਾਲਸਾ, ਪਰ ਅੱਜ ਗੁਰੂ ਨੇ ਕਿੱਡੀ ਬਖਸ਼ਿਸ਼ ਕਰ ਦਿਤੀ। ਸਾਰੀ ਸੰਗਤ ਹੀ ਖਾਲਸਾ ਬਣਾ ਦਿਤੀ। 'ਗੁਰ ਸੰਗਤਿ ਕੀਨੀ ਖਾਲਸਾ ਮਨਮੁਖੀ ਦੁਹੇਲਾ।' ਸਿੱਧਾ ਹੀ ਸਬੰਧ ਜੋੜ ਦਿਤਾ। ਕਿੱਡੀ ਬਖਸ਼ਿਸ਼ ਗੁਰੂ ਨੇ ਕਰ ਦਿਤੀ 'ਖਾਲਸਾ' -

*ਆਤਮ ਰਸ ਜਿਹ ਜਾਨਹੀ, ਸੋ ਹੈ ਖ਼ਾਲਸ ਦੇਵ॥*
*ਪ੍ਰਭ ਮਹਿ ਮੋ ਮਹਿ ਤਸ ਮਹਿ ਰੰਚਕ ਨਾਹਨ ਭੇਵ॥*
*(ਸਰਬ ਲੋਹ ਗ੍ਰੰਥ 'ਚੋਂ)*

ਤਾਂਹੀ ਕਿਹਾ ਹੈ ਭਾਈ ਗੁਰਦਾਸ ਜੀ ਨੇ - ***'ਵਾਹ ਵਾਹ ਗੋਬਿੰਦ ਸਿੰਘ ਆਪੇ ਗੁਰੁ ਚੇਲਾ। '***

ਇਹ ਵਾਰ ਭਾਈ ਗੁਰਦਾਸ ਸਿੰਘ ਦੂਜੇ ਹੋਏ ਨੇ। ਉਨ੍ਹਾਂ ਨੇ ਕਿਹਾ ਹੈ ਐਸੇ ਗੁਰੂ! ਕੋਈ ਐਸਾ ਗੁਰੂ ਵੀ ਹੈ? ਜਿਹੜਾਂ ਚੇਲਾ ਵੀ ਬਣੇ। ਗੁਰੂ ਨੇ ਆਪ ਅੰਮ੍ਰਿਤ ਛਕਿਆ,

ਗੋਬਿੰਦ ਰਾਏ ਤੋਂ, ਗੋਬਿੰਦ ਸਿੰਘ ਬਣੇ। ਕਿੱਡੀ ਬਖਸ਼ਿਸ਼, ਜਿਹੜੇ ਆਪ ਅੰਮ੍ਰਿਤ ਛਕਦੇ ਨੇ, ਸਾਨੂੰ ਨਹੀਂ ਕੀ ਛਕਣਾ ਚਾਹੀਦਾ? ਜ਼ਰੂਰ ਛਕੋ। ਜਿਨ੍ਹਾਂ ਨੇ ਛਕ ਲਿਆ, ਵਧਾਈਆਂ, ਮੁਬਾਰਕ ਹੈ ਉਨ੍ਹਾਂ ਨੂੰ ਤੇ ਜਿਨ੍ਹਾਂ ਨੇ ਨਹੀਂ ਛਕਿਆ, ਉਨ੍ਹਾਂ ਵਾਸਤੇ ਬੇਨਤੀ ਹੈ। ਫਰਜ਼ ਵੀ ਬਣ ਜਾਂਦੈ ਸਾਰਿਆਂ ਦਾ। ਕਿਸੇ ਇਕ ਨੂੰ ਗੁਰੂ ਦੇ ਨਾਲ ਜੋੜ ਦੇਣਾ ਕਿੱਡਾ ਵੱਡਾ ਪੁੰਨ ਹੈ ਤੇ ਪਾਪ ਉਹ ਹੁੰਦੈ ਕਿ ਬੇਮੁਖ ਹੋ ਜਾਣਾ –

*ਵੇਮੁਖ ਹੋਏ ਰਾਮ ਤੇ ਲਗਨਿ ਜਨਮ ਵਿਜੋਗ ॥ ਅੰਗ- ੧੩੫*

ਪਰ ਕਿੱਡੀ ਬਖਸ਼ਿਸ਼ ਹੈ ਸ੍ਰੀ ਗੁਰੂ ਗੋਬਿੰਦ ਸਿੰਘ ਪਾਤਸ਼ਾਹ ਜੀ ਦੀ ਸਾਰਿਆਂ ਨੂੰ ਹੀ ਖਾਲਸਾ ਬਣਾ ਦਿਤਾ। ਉਹ ਖਾਲਸਾ ਜਦੋਂ ਗੁਰਮੰਤਰ ਲੈ ਕੇ ਜਪਦਾ ਹੈ, ਮੰਤਰ ਦੀ ਕਮਾਈ, ਕਮਾਈ ਵਾਲੇ ਪੁਰਸ਼ਾਂ ਨੂੰ ਮਿਲ ਕੇ ਕਰਦਾ ਹੈ। ਇਹਦੇ ਨਾਲ ਸਾਰੇ ਦੁਖ ਵੀ ਦੂਰ, ਸਾਰੇ ਰੋਗ ਵੀ ਦੂਰ ਹੋ ਜਾਂਦੇ ਨੇ। ਫੇਰ ਨਹੀਂ ਦੁਬਾਰਾ ਆਉਣਾ-ਜਾਣਾ ਪੈਂਦਾ। ਆਵਣ ਜਾਣ ਦੀ ਇਹ ਖੇਡ ਹੀ ਹੈ ਜਿਹੜੀ ਮੁੱਕ ਜਾਂਦੀ ਹੈ। ਗੁਰੂ ਦੇ ਘਰ 'ਚ ਕਦੋਂ ਜਨਮ ਹੋਵੇਗਾ? ਕਦੋਂ ਅਸੀਂ ਵਾਸੀ ਸ੍ਰੀ ਅਨੰਦਪੁਰ ਸਾਹਿਬ ਦੇ ਹੋਵਾਂਗੇ? ਜਦੋਂ ਅਸੀਂ ਖੰਡੇ ਬਾਟੇ ਦਾ ਅੰਮ੍ਰਿਤ ਛਕਾਂਗੇ। ਜਿਨ੍ਹਾਂ ਨੇ ਅੰਮ੍ਰਿਤ ਛਕਿਆ ਹੋਇਆ ਹੈ ਉਨ੍ਹਾਂ ਦਾ ਫਰਜ਼ ਬਣ ਜਾਂਦਾ ਹੈ ਬਾਕੀਆਂ ਨੂੰ ਪ੍ਰੇਰਨ। ਕਿਉਂਕਿ ਗੁਰੂ ਦੇ ਪਰਉਪਕਾਰ ਜੇ ਭੁੱਲ ਗਏ ਫੇਰ ਤਾਂ ਸਾਧਸੰਗਤ ਜੀ, ਸਾਡੇ ਵਰਗਾ ਕੋਈ ਅਕ੍ਰਿਤਘਣ ਹੀ ਨਹੀਂ। ਸੋ ਸਾਰੇ ਹੀ ਜਿਹੜੇ ਅੱਜ ਇਸ ਪੰਡਾਲ 'ਚ ਬੈਠੇ ਨੇ ਪ੍ਰਣ ਕਰੋ, ਜੇ ਤਾਂ ਅੰਮ੍ਰਿਤ ਛਕ ਲਿਆ ਠੀਕ ਹੈ, ਦੂਜਿਆਂ ਨੂੰ ਪ੍ਰੇਰਨਾ ਕਰੋ। ਉਨ੍ਹਾਂ ਦਾ ਆਇਆ ਤਾਂ ਹੀ ਸਫਲਾ ਹੈ ਜੇ ਗੁਰੂ ਵਾਲੇ ਬਣ ਜਾਣਗੇ। ਗੁਰੂ ਤੋਂ ਬਗੈਰ ਗਤੀ ਨਹੀਂ ਹੋਣੀ।

'ਆਤਮ ਮਾਰਗ' ਮੈਗਜ਼ੀਨ, ਇਹ ਮਾਰਗ ਹੀ ਆਤਮਾ ਦਾ ਹੈ। ਇਹ ਜ਼ਰੂਰ ਪੜ੍ਹੋ, ਇਹਦੇ ਵਿਚੋਂ ਜੁਗਤੀਆਂ ਮਿਲਣਗੀਆਂ। ਪਹਿਲੀ ਪਉੜੀ ਹੈ ਗੁਰੂ ਤੋਂ ਮੰਤਰ ਲੈਣਾ। ਗੁਰੂ ਤੋਂ ਮੰਤਰ ਲੈ ਕੇ ਅਭਿਆਸ ਨਾਲ ਉਹ ਬਜਰ ਕਪਾਟ ਜਿਹੜੇ ਨੇ ਉਹ ਖੁਲ੍ਹਣੇ ਨੇ। ਚਾਬੀ ਕਿਵੇਂ ਲਾਉਣੀ ਹੈ?

*ਅਨਹਦ ਬਾਣੀ ਪੂੰਜੀ ॥ ਸੰਤਨ ਹਥਿ ਰਾਖੀ ਕੂੰਜੀ ॥*

*ਅੰਗ- ੮੯੪*

*ਸੰਤਨ ਮੋ ਕਉ ਪੂੰਜੀ ਸਉਪੀ ਤਉ ਉਤਰਿਆ ਮਨ ਕਾ ਧੋਖਾ ॥*
*ਧਰਮ ਰਾਇ ਅਬ ਕਹਾ ਕਰੈਗੋ ਜਉ ਫਾਟਿਓ ਸਗਲੋ ਲੇਖਾ ॥*

*ਅੰਗ- ੬੧੪*

*ਅੰਮ੍ਰਿਤੁ ਹਰਿ ਹਰਿ ਨਾਮੁ ਹੈ ਮੇਰੀ ਜਿੰਦੁੜੀਏ*
*ਅੰਮ੍ਰਿਤੁ ਗੁਰਮਤਿ ਪਾਏ ਰਾਮ ॥*
*ਹਉਮੈ ਮਾਇਆ ਬਿਖੁ ਹੈ ਮੇਰੀ ਜਿੰਦੁੜੀਏ*
*ਹਰਿ ਅੰਮ੍ਰਿਤਿ ਬਿਖੁ ਲਹਿ ਜਾਏ ਰਾਮ ॥ ਅੰਗ- ੫੩੮*

ਵਾਹਿਗੁਰੂ ਜੀ ਕਾ ਖਾਲਸਾ,

ਵਾਹਿਗੁਰੂ ਜੀ ਕੀ ਫਤਿਹ।

*(ਪੰਨਾ 21 ਦੀ ਬਾਕੀ)*

ਬੁਰਿਆਈਆਂ ਨੂੰ ਤਾਂ ਸ਼ੇਰ ਵਰਗਾ ਬਣ ਜਾਂਦੈ। ਜੇ ਕਹੇ ਸਤਿਸੰਗ ਹੈ, ਸਤਿਸੰਗ ਮਿਲਦੈ ਸਾਧਸੰਗਤ ਜੀ ਕਦੇ? ਮਹਾਰਾਜ ਕਹਿੰਦੇ, ਨਹੀਂ ਮਿਲਦਾ –

*ਬਿਨੁ ਭਾਗਾ ਸਤਸੰਗੁ ਨ ਲਭੈ ਬਿਨੁ ਸੰਗਤਿ ਮੈਲੁ ਭਰੀਜੈ ਜੀਉ॥*

*ਅੰਗ- ੯੫*

ਉਹ ਤਾਂ ਭਾਗ ਹੋਣ, ਪੁੰਨ ਦਾਨ ਕੀਤੇ ਹੋਣ, ਤਾਂ ਦੋ ਚੀਜ਼ਾਂ ਮਿਲਦੀਆਂ ਨੇ –

*ਹਰਿ ਕੀਰਤਿ ਸਾਧਸੰਗਤਿ ਹੈ ਸਿਰਿ ਕਰਮਨ ਕੈ ਕਰਮਾ ॥*
*ਕਹੁ ਨਾਨਕ ਤਿਸੁ ਭਇਓ ਪਰਾਪਤਿ*
*ਜਿਸੁ ਪੁਰਬ ਲਿਖੇ ਕਾ ਲਹਨਾ ॥ ਅੰਗ- ੬੪੨*

ਮਿਲਦਾ ਹੀ ਨਹੀਂ ਹੈ, ਕੋਈ ਪੁੰਨ ਕਰਮ ਕਰੇ ਹੋਣ। ਫੇਰ ਮੈਂ ਬੇਨਤੀ ਕਰਦਾ ਹਾਂ ਕਿ ਸਤਿਸੰਗ ਐਵੇਂ ਨਹੀਂ ਹੁੰਦਾ ਕਿ ਤੁਸੀਂ ਆ ਕੇ ਬੈਠ ਗਏ ਤੇ ਸੁਣ ਕੇ ਚਲੇ ਗਏ ਬਾਬਾ ਜੀ ਦੀਆਂ ਗੱਲਾਂ। ਜਦੋਂ ਤੋਂ ਤੁਸੀਂ ਘਰੋਂ ਇਰਾਦਾ ਬਣਾਇਆ ਹੈ ਉਸ ਵੇਲੇ ਤੋਂ ਤੁਹਾਡੀ ਹਾਜ਼ਰੀ ਦਰਗਾਹ ਦੇ ਵਿਚ ਚੱਲ ਪਈ ਹੈ। ਜਿੰਨੇ ਕਦਮ ਤੁਸੀਂ ਤੁਰ ਕੇ ਆਏ ਹੋਂ, ਹਰ ਕਦਮ ਦਾ ਫਲ ਇਕ ਯੱਗ ਦੇ ਬਰਾਬਰ ਹੋਈ ਜਾਂਦੈ। ਜਿੰਨਾਂ ਚਿਰ ਤੁਸੀਂ ਬੈਠੇ ਹੋਂ, ਮਨ ਚਿੱਤ ਇਕਾਗਰ ਕਰਕੇ, ਸ਼ਰਧਾ ਤੇ ਭਰੋਸੇ ਦੇ ਨਾਲ ਉਹਦਾ ਫਲ ਕਿੰਨਾ ਹੁੰਦੈ? ਮਹਾਰਾਜ ਕਹਿੰਦੇ ਜੇ ਸਤਿ ਮੰਨੇ –

*ਗਾਵਿਆ ਸੁਣਿਆ ਤਿਨ ਕਾ ਹਰਿ ਥਾਇ ਪਾਵੈ*
*ਜਿਨ ਸਤਿਗੁਰ ਕੀ ਆਗਿਆ ਸਤਿ ਸਤਿ ਕਰਿ ਮਾਨੀ ॥*

*ਅੰਗ- ੬੬੯*

ਉਹਦਾ ਫਲ ਕਿੰਨਾ ਹੋਏਗਾ? ਕਹਿੰਦੇ –

*ਕਈ ਕੋਟਿਕ ਜਗ ਫਲਾ ਸੁਣਿ ਗਾਵਨਹਾਰੇ ਰਾਮ ॥*

*ਅੰਗ- ੫੪੬*

ਕੰਨ੍ਹ ਵੀ ਇਥੇ ਕੰਮ ਕਰ ਰਹੇ ਨੇ, ਜ਼ੁਬਾਨ ਵੀ ਕਰਦੀ ਹੈ। ਜਦੋਂ ਜ਼ੁਬਾਨ ਨਾਲ ਗਾਉਂਦੇ ਹਾਂ, ਸ਼ਬਦ 'ਚ ਬੋਲਦੇ ਹਾਂ, ਕੰਨਾਂ ਦੇ ਸੁਣਦੇ ਹਾਂ ਤੇ ਬੁੱਧੀ ਦੇ ਨਾਲ ਵਿਚਾਰਦੇ ਹਾਂ, ਤੇ ਹਿਰਦੇ 'ਚ ਧਾਰਨ ਕਰਦੇ ਹਾਂ, ਮਹਾਰਾਜ ਕਹਿੰਦੇ, ਫੇਰ ਉਹਨੂੰ ਸਤਿਸੰਗ ਦਾ ਫਲ ਪ੍ਰਾਪਤ ਹੁੰਦੈ। ਕਿੰਨਾ ਫਲ ਹੁੰਦੈ?

ਦੋ ਮਹਾਨ ਰਿਸ਼ੀ ਹੋਏ ਨੇ ਇਕ ਵਸ਼ਿਸ਼ਟ ਜੀ ਤੇ ਇਕ ਵਿਸ਼ਵਾਮਿੱਤਰ ਜੀ। ਵਿਸ਼ਵਾਮਿੱਤਰ ਤਪੀਆ ਸੀ। ਕਹਿਣ ਲੱਗਿਆ, ਵਸ਼ਿਸ਼ਟ ਜੀ ਤੁਸੀਂ ਸਤਿਸੰਗ ਦੀ ਉਸਤਤ ਕਰਦੇ ਹੋਂ, ਤਪ ਦਾ ਕੀ ਮੁਕਾਬਲੈ? ਬੰਦਾ ਪਾਣੀ 'ਚ ਖੜ੍ਹੈ, ਸਰਦੀ ਦਾ ਮਹੀਨਾ ਹੋਵੇ, ਬੰਦਾ ਨਹਿਰ 'ਚ ਖੜ੍ਹਾ ਰਹੇ ਸਾਰੀ ਰਾਤ, ਸਾਰਾ ਦਿਨ। ਉਵੇਂ ਹੀ ਸੁੰਨ ਹੋ ਜਾਏਗਾ, ਖ਼ੂਨ ਜਮ ਜਾਏਗਾ। ਜਿਨ੍ਹਾਂ ਨੇ ਇਹ ਕਰੇ ਨੇ ਦਸਦੇ ਨੇ ਉਹ ਕਿ ਅਸੀਂ ਕਿਵੇਂ ਕਰਦੇ ਸੀ।

*'ਚਲਦਾ........।'*

# ਗੁਰਬਾਣੀ ਅਰਥ-ਭੰਡਾਰ

*ਸੰਤ ਹਰੀ ਸਿੰਘ ਜੀ 'ਰੰਧਾਵੇ ਵਾਲੇ'*

*(ਲੜੀ ਜੋੜਨ ਲਈ ਦੇਖੋ, ਮਾਰਚ ਅੰਕ, ਪੰਨਾ-56)*

*ੴ ਸਤਿਗੁਰ ਪ੍ਰਸਾਦਿ॥*

ਸਿਰੀਰਾਗੁ ਮਹਲਾ ੧

**ਗੁਣਵੰਤੀ ਗੁਣ ਵੀਥਰੈ; ਅਉਗੁਣਵੰਤੀ ਝੂਰਿ॥**

ਹੇ ਭਾਈ! ਜੋ ਗੁਰਮੁਖ ਰੂਪੀ ਗੁਣਵੰਤੀ ਹੈ, ਉਹ ਆਪਣੇ ਵਾਹਿਗੁਰੂ ਰੂਪੀ ਪਤੀ ਦੇ ਗੁਣਾਂ ਦਾ ਵੀਥਰੈ=ਵਿਸਥਾਰ ਕਰਦੀ ਹੈ। ਜਿਸ ਪ੍ਰਕਾਰ ਗੁਣਵੰਤੀਆਂ ਇਸਤ੍ਰੀਆਂ ਪਤੀਵਰਤਾ ਧਰਮ ਵਿਚ ਕਾਇਮ ਰਹਿ ਕੇ ਆਪਣੇ ਪਤੀ ਦੇ ਗੁਣਾਂ ਦਾ ਵਿਸਥਾਰ ਕਰਦੀਆਂ ਹਨ, ਉਹ ਵੱਡਿਆਂ ਨੂੰ ਪਿਤਾ, ਬਰਾਬਰ ਦਿਆਂ ਨੂੰ ਭਰਾ ਤੇ ਛੋਟਿਆਂ ਨੂੰ ਪੁੱਤਰਾਂ ਸਮਾਨ ਸਮਝਦੀਆਂ ਹਨ ਤੇ ਪਤੀ ਦੇ ਪਰਿਵਾਰ ਦੀ ਸੇਵਾ ਕਰਦੀਆਂ ਹਨ। ਪਰ ਇਸ ਦੇ ਉਲਟ ਜੋ ਮਨਮੁਖ ਰੂਪੀ ਅਵਗੁਣਵੰਤੀ ਹੈ, ਉਹ ਗੁਣਾਂ ਤੋਂ ਰਹਿਤ ਹੋਈ ਆਪਣੇ ਔਗੁਣਾਂ ਉਤੇ ਝੂਰਿ=ਪਛਤਾਉਂਦੀ ਹੈ।

**ਜੇ ਲੋੜਹਿ ਵਰੁ ਕਾਮਣੀ;**
**ਨਹ ਮਿਲੀਐ ਪਿਰ ਕੂਰਿ॥**

ਹੇ ਕਾਮਣੀ=ਜੀਵ ਰੂਪ ਇਸਤ੍ਰੀ! ਜੇਕਰ ਤੂੰ ਆਪਣੇ ਵਰੁ=ਪਤੀ ਪਰਮੇਸ਼ਰ ਦੇ ਸੁੱਖ ਨੂੰ ਲੋੜਹਿ=ਚਾਹੁੰਦੀ ਹੈਂ ਤਾਂ ਝੂਠ ਦਾ ਤਿਆਗ ਕਰ ਕਿਉਂਕਿ ਪਿਰ=ਪਤੀ ਪਰਮੇਸ਼ਰ ਕੂਰਿ=ਝੂਠ ਦੁਆਰਾ ਨਹੀਂ ਮਿਲਦਾ ਵਾ: ਕੂੜਿਆਂ ਪੁਰਖਾਂ ਨੂੰ ਪਤੀ ਬਣਾ ਲੈਣ ਨਾਲ ਪਤੀ ਪਰਮੇਸ਼ਰ ਦੀ ਪ੍ਰਾਪਤੀ ਨਹੀਂ ਹੁੰਦੀ।

*ਦੇਵੀ ਦੇਵਾ ਪੂਜੀਐ ਭਾਈ ਕਿਆ ਮਾਗਉ ਕਿਆ ਦੇਹਿ ॥*
*ਪਾਹਣੁ ਨੀਰਿ ਪਖਾਲੀਐ ਭਾਈ ਜਲ ਮਹਿ ਬੂਡਹਿ ਤੇਹਿ ॥*
*ਅੰਗ - ੬੩੭*

**ਨਾ ਬੇੜੀ ਨਾ ਤੁਲਹੜਾ;**
**ਨਾ ਪਾਈਐ ਪਿਰੁ ਦੂਰਿ॥1॥**

ਜੀਵ ਰੂਪੀ ਇਸਤ੍ਰੀ ਲਈ ਤ੍ਰਿਸ਼ਨਾ ਰੂਪੀ ਨਦੀ ਨੂੰ ਤਰਨ ਵਾਸਤੇ ਨਾ ਭਗਤੀ ਰੂਪੀ ਬੇੜੀ ਹੈ ਤੇ ਨਾ ਹੀ ਪ੍ਰੇਮ ਰੂਪੀ ਤੁਲਹੜਾ=ਤੁਲ੍ਹਾ? ਪਾਣੀ ਤੋਂ ਪਾਰ ਹੋਣ ਲਈ ਰੱਸਿਆਂ ਨਾਲ ਬੰਨ੍ਹੀਆ ਲੱਕੜਾਂ ਨੂੰ ਤੁਲਹਾ ਕਹਿੰਦੇ ਹਨ। ਲਕੂ ਆਸਾ ਰੂਪੀ ਨਦੀ ਵਿਚੋਂ ਲੰਘਣ ਵਾਸਤੇ ਉਪਾਸ਼ਨਾ ਰੂਪੀ ਬੇੜੀ ਵਾ: ਸ਼ੁਭ ਇੱਛਾ, ਸੁਬਿਚਾਰਨਾ, ਸਤ੍ਵਾਪਦ ਆਦਿਕ ਸੱਤ ਭੂਮਿਕਾ ਰੂਪੀ ਬੇੜੀ ਵੀ ਨਹੀਂ ਹੈ ਅਤੇ ਰਾਗ ਦਵੈਖ ਰੂਪੀ ਨਾਲਿਆਂ ਵਿਚੋਂ ਪਾਰ ਹੋਣ ਲਈ ਪ੍ਰੇਮ ਰੂਪੀ ਤੁਲਹੜਾ, ਤੁਲਹਾ ਵੀ ਨਹੀਂ ਹੈ, ਸੰਸਾਰ ਰੂਪੀ ਸਮੁੰਦਰ ਤੋਂ ਤਰਨ ਲਈ ਗਿਆਨ ਰੂਪੀ ਜਹਾਜ਼ ਵੀ ਨਹੀਂ ਹੈ। ਇਸ ਕਰਕੇ ਦੇਸ ਕਾਲ ਵਸਤੂ ਪ੍ਰਛੇਦ ਰਹਿਤ ਪਰਮੇਸ਼ਰ ਪਾਇਆ ਨਹੀਂ ਜਾਂਦਾ ਅਤੇ ਆਪਣੇ ਔਗੁਣਾਂ ਕਰਕੇ ਪਤੀ ਪ੍ਰਮੇਸ਼ਰ ਤੋਂ ਜੀਵ ਰੂਪ ਇਸਤਰੀ ਦੂਰ ਹੋ ਰਹੀ ਹੈ।

**ਮੇਰੇ ਠਾਕੁਰ; ਪੂਰੈ ਤਖਤਿ ਅਡੋਲੁ॥**

ਹੇ ਮੇਰੇ ਠਾਕੁਰ=ਅਕਾਲ ਪੁਰਖ! ਖਾਹਿਸ਼ ਪੂਰੀ ਕਰਨ ਵਾਲੇ ਸਾਰਿਆਂ ਨੂੰ ਪੈਦਾ ਕਰਨ ਵਾਲੇ, ਲੈਤਾ ਕਰਨ ਵਾਲੇ ਆਪ ਸਰੂਪ ਰੂਪੀ ਤਖਤ ਉਤੇ ਪੂਰੈ=ਪੂਰਨ ਅਡੋਲੁ=ਇਸਥਿਤ ਹੋ। ਜੈਸਾ ਕਿ -

*ਸਰਬ ਪਾਲਕ ਸਰਬ ਘਾਲਕ ਸਰਬ ਕੋ ਪੁਨਿ ਕਾਲ॥*
*(ਸ੍ਰੀ ਦਸਮ ਗ੍ਰੰਥ)*

ਭਾਵ ਆਪ ਨੂੰ ਮਾਇਆ ਰੂਪੀ ਹਵਾ ਨਹੀਂ ਡੁਲਾ ਸਕਦੀ। ਆਪ ਨੂੰ ਪਦਾਰਥਾਂ ਦੀ ਖਿੱਚ ਜਾਂ ਕਾਲ ਦਾ ਭੈ ਨਹੀਂ ਡੁਲਾ ਸਕਦਾ, ਜੈਸਾ ਕਿ -

*ਕਾਲ ਹੂੰ ਕੇ ਕਾਲ ਮਹਾ ਕਾਲ ਹੂੰ ਕੇ ਕਾਲ ਹੈਂ॥*
*(ਸ੍ਰੀ ਦਸਮ ਗ੍ਰੰਥ)*

**ਗੁਰਮੁਖਿ ਪੂਰਾ ਜੇ ਕਰੇ;**
**ਪਾਈਐ ਸਾਚੁ ਅਤੋਲੁ॥੧॥ ਰਹਾਉ॥**

ਜੇ ਗੁਰਮੁਖਿ-ਮੁਖੀ ਗੁਰੂ ਪੂਰਾ ਉਸਦੇਸ਼ ਦੇਣਾ ਕਰੇ ਵਾ: ਜੇ ਗੁਰਾਂ ਦੇ ਮੁਖ ਦੁਆਰਾ ਗੁਰਮੁਖ ਪੁਰਖ ਪੂਰਾ ਉਪਦੇਸ਼ ਧਾਰਨ ਕਰੇ ਵਾ: ਪੂਰੇ ਸਤਿਗੁਰੂ ਜੀ ਜੇਕਰ ਪੂਰਨ ਗੁਰਸਿਖ ਬਣਾ ਦੇਣ ਤਾਂ ਅਤੋਲੁ=ਤੋਲਣ ਤੋਂ ਰਹਿਤ ਜੋ ਸਾਚੁ=ਸੱਚਾ ਪਰਮੇਸ਼ਰ ਹੈ ਵਾ: ਜੋ ਬੁੱਧੀ ਰੂਪੀ ਤਰਾਜੂ ਤੇ ਸ਼ਾਸਤ੍ਰਾਂ ਦੇ ਪ੍ਰਮਾਣਾਂ ਰੂਪੀ ਵੱਟੇ ਦੁਆਰਾ ਤੋਲਣ ਤੋਂ ਰਹਿਤ ਹੈ, ਉਸ ਨੂੰ ਪਾਈਐ=ਪਾਈਦਾ ਹੈ।

**ਪ੍ਰਭੁ ਹਰਿਮੰਦਰ ਸੋਹਣਾ;**
**ਤਿਸੁ ਮਹਿ ਮਾਣਕ ਲਾਲ॥**

ਪ੍ਰਭੂ=ਪਰਮੇਸ਼ਰ ਦਾ ਸਤਿਸੰਗਤ ਰੂਪੀ ਸੋਹਣਾ=ਸੁੰਦਰ ਹਰਿਮੰਦਰ ਹੈ, ਤਿਸੁ=ਉਸ ਮਹਿ=ਵਿਚ ਸ੍ਰਵਣ, ਮੰਨਣ, ਨਿਧਿਆਸਣ ਰੂਪੀ ਮਾਣਕ ਤੇ ਪ੍ਰੇਮ ਰੂਪੀ ਲਾਲ ਹਨ; ਅਤੇ

**ਮੋਤੀ ਹੀਰਾ ਨਿਰਮਲਾ;**
**ਕੰਚਨ ਕੋਟ ਰੀਸਾਲ॥**

ਵੈਰਾਗ ਰੂਪੀ ਮੋਤੀ ਤੇ ਗਿਆਨ ਵਾ: ਨਾਮ ਰੂਪੀ ਨਿਰਮਲ=ਉੱਜਲ ਹੀਰਾ ਹੈ, ਐਸਾ ਸ਼ੁੱਧ ਕੰਚਨ=ਸੋਨੇ ਦੇ ਕੋਟ=ਕਿਲ੍ਹੇ ਵਰਗਾ ਸੁੰਦਰ ਸਤਿਸੰਗਤ ਰੂਪੀ ਹਰਿਮੰਦਰ ਹੈ।

**ਬਿਨੁ ਪਉੜੀ ਗੜਿ ਕਿਉ ਚੜਉ;**
**ਗੁਰ ਹਰਿ ਧਿਆਨ ਨਿਹਾਲ॥**

ਇਸ ਸਤਿਸੰਗਤ ਰੂਪੀ ਗੜਿ=ਕਿਲੇ ਉਪਰ ਸ਼ਰਧਾ

ਰੂਪੀ ਪੌੜੀ ਤੋਂ ਬਿਨੁ=ਬਗੈਰ ਜਗਿਆਸੂ ਕਿਉ=ਕਿਸ ਪ੍ਰਕਾਰ ਚੜਉ=ਚੜ੍ਹ ਸਕਦਾ ਹੈ? ਭਾਵ ਨਹੀਂ ਚੜ੍ਹ ਸਕਦਾ, ਪਰੰਤੂ ਜੇਕਰ ਹਰਿ=ਪਰਮੇਸ਼ਰ ਸਰੂਪ ਗੁਰ=ਸਤਿਗੁਰਾਂ ਦੁਆਰਾ ਦੱਸੇ ਸਾਧਨਾਂ ਦੇ ਧਿਆਨ=ਖਿਆਲ ਕਰਕੇ ਸ਼ਰਧਾ ਰੂਪੀ ਪੌੜੀ ਰਾਹੀਂ ਸਤਿਸੰਗਤ ਰੂਪੀ ਕਿਲੇ 'ਤੇ ਚੜ੍ਹੇ ਤਾਂ ਸੱਚ ਸਰੂਪ ਨੂੰ ਨਿਹਾਲ=ਨਿਹਾਲ ਭਾਵ ਵੇਖ ਸਕਦਾ ਹੈ।

**ਗੁਰੁ ਪਉੜੀ ਬੇੜੀ ਗੁਰੂ;**
**ਗੁਰੁ ਤੁਲਹਾ ਹਰਿ ਨਾਉ॥**

ਆਸਾ ਰੂਪੀ ਨਦੀ ਤੋਂ ਪਾਰ ਕਰਨ ਵਾਸਤੇ ਸਤਿਗੁਰਾਂ ਕੋਲ ਭਗਤੀ ਰੂਪੀ ਬੇੜੀ ਤੇ ਭੂਮਿਕਾ ਰੂਪੀ ਪਉੜੀ ਹੈ। ਗੁਰਾਂ ਦੇ ਪਾਸ ਹਰਿ ਨਾਉ=ਹਰੀ ਵਾਹਿਗੁਰੂ ਦਾ ਨਾਮ ਰੂਪੀ ਤੁਲਹਾ ਹੈ ਜੋ ਰਾਗ, ਦਵੈਸ਼, ਸੰਕਲਪ, ਵਿਕਲਪ ਰੂਪੀ ਨਾਲਿਆਂ ਤੋਂ ਪਾਰ ਕਰਨ ਵਾਲਾ ਹੈ।

**ਗੁਰੁ ਸਰੁ ਸਾਗਰੁ ਬੋਹਿਥੋ;**
**ਗੁਰੁ ਤੀਰਥੁ ਦਰੀਆਉ॥**

ਗੁਰੂ ਜੀ ਸੰਸਾਰ ਸਾਗਰੁ=ਸਮੁੰਦਰ ਨੂੰ ਪਾਰ ਕਰਨ ਵਾਸਤੇ ਆਪ ਬੋਹਿਥੋ=ਜਹਾਜ਼ ਦੀ ਸਰੁ=ਨਿਆਈਂ ਹਨ ਗੁਰੂ ਸਾਹਿਬ ਚਲਦੇ ਦਰੀਆਉ ਵਾਂਗ ਪਵਿੱਤ੍ਰ ਤੀਰਥ ਹਨ ਵਾ: ਗੁਰੂ ਸਾਹਿਬ ਤੀਰਥਾਂ ਨਾਲੋਂ ਪਵਿੱਤ੍ਰ ਦ੍ਰਵੀਭੂਤ ਚਲਦੇ ਪ੍ਰਵਾਹ ਵਾਂਗੂੰ ਹਨ।

**ਜੇ ਤਿਸੁ ਭਾਵੈ ਊਜਲੀ;**
**ਸਤ ਸਰਿ ਨਾਵਣੁ ਜਾਉ॥**

ਜੇ ਸਤਿਗੁਰਾਂ ਨੂੰ ਭਾ ਜਾਵੇ ਤਾਂ ਗੁਰੂ ਤੀਰਥ 'ਚ ਇਸ਼ਨਾਨ ਕੀਤਿਆਂ ਮੱਤ ਊਜਲੀ=ਪਵਿੱਤਰ ਹੋ ਜਾਂਦੀ ਹੈ। 'ਦੁਰਮਤਿ ਮੈਲ ਹਰੇ' ਵਾਲੀ ਕ੍ਰਿਪਾ ਹੋ ਜਾਂਦੀ ਹੈ। ਜੇ ਸਤਿਗੁਰਾਂ ਨੂੰ ਭਾ ਜਾਵੇ ਤਾਂ ਮਤਿ ਉੱਜਲੀ ਭਾਵ ਆਤਮ ਵਿਸ਼ੈਣੀ ਹੋ ਜਾਂਦੀ ਹੈ। ਗੁਰਾਂ ਦੇ ਸਤਿਸੰਗਤ ਰੂਪੀ ਸਰੋਵਰ 'ਚ ਨਹਾਉਣ ਨਾਲ ਸਾਰੇ ਲਾਭ ਪ੍ਰਾਪਤ ਹੁੰਦੇ ਹਨ। ਵਾ: ਗੁਰੂ ਜੀ ਸਤ ਸੰਤੋਖ ਆਦਿ ਗੁਣਾਂ ਦੇ ਸਰ=ਸਰੋਵਰ ਹਨ। ਜੋ ਇਸ ਵਿਚ ਸ੍ਰਵਣ, ਮੰਨਣ, ਨਿਧਿਆਸਣ ਰੂਪੀ ਇਸ਼ਨਾਨ ਕਰਦੇ ਹਨ, ਉਨ੍ਹਾਂ ਨੂੰ ਲਾਭ ਪ੍ਰਾਪਤ ਹੁੰਦਾ ਹੈ –

**ਪੂਰੋ ਪੂਰੋ ਆਖੀਐ; ਪੂਰੈ ਤਖਤਿ ਨਿਵਾਸ॥**

ਪੂਰੋ=ਪੂਰਨ ਸਤਿਗੁਰੂ ਜੀ ਪੂਰੋ=ਪੂਰਨ ਗਿਆਨ ਵਾਲੇ ਆਖੀਐ=ਆਖੀਦੇ ਹਨ। ਜੋ ਪੂਰੈ=ਪੂਰਨ ਸਰੂਪ ਰੂਪੀ ਤਖਤਿ=ਸਿੰਘਾਸਨ ਉਤੇ ਸਿੱਖ ਦਾ ਨਿਵਾਸ=ਵਾਸਾ ਕਰਾ ਦਿੰਦੇ ਹਨ।

**ਪੂਰੈ ਥਾਨਿ ਸੁਹਾਵਣੈ; ਪੂਰੈ ਆਸ ਨਿਰਾਸ॥**

ਪੂਰੈ=ਪੂਰਨ ਸਤਿਗੁਰਾਂ ਦਾ ਸਤਿਸੰਗਤ ਰੂਪੀ ਥਾਂ ਸੁਹਾਵਣੈ=ਸ਼ੋਭਨੀਕ ਹੈ। ਗੁਰੂ ਸਾਹਿਬ ਨਿਰਾਸਿਆਂ ਦੀਆਂ ਆਸਾਂ ਪੂਰਨ ਕਰਨ ਵਾਲੇ ਹਨ।

**ਨਾਨਕ ਪੂਰਾ ਜੇ ਮਿਲੈ;**
**ਕਿਉ ਘਾਟੈ ਗੁਣ ਤਾਸ॥**

ਸਤਿਗੁਰੂ ਨਾਨਕ ਦੇਵ ਜੀ ਫੁਰਮਾਉਂਦੇ ਹਨ ਕਿ ਜੇਕਰ ਬ੍ਰਹਮ ਸ੍ਰੋਤਰੀ, ਬ੍ਰਹਮ ਨੇਸ਼ਟੀ ਪੂਰਨ ਗੁਰੂ ਮਿਲ ਜਾਵੇ ਤਾਂ ਫਿਰ ਗੁਣਾਂ ਦਾ ਖਜ਼ਾਨਾ ਕਿਉਂ ਘਟੇਗਾ? ਭਾਵ ਨਹੀਂ ਘਟੇਗਾ। ਉਹ ਬ੍ਰਹਮ ਗਿਆਨ ਦੇ ਖਜ਼ਾਨੇ ਵਾਲਾ ਹੋ ਕੇ ਕਿਉਂ ਘਟੇਗਾ?

**ਸਿਰੀਰਾਗੁ ਮਹਲਾ ੧**
**ਆਵਹੁ ਭੈਣੇ ਗਲਿ ਮਿਲਹ;**
**ਅੰਕਿ ਸਹੇਲੜੀਆਹ॥**

ਹੇ ਭੈਣੋਂ! ਆਵਹੁ=ਆਉ ਤੇ ਪ੍ਰੇਮ ਦੇ ਸਹਿਤ ਗਲਿ=ਕੰਠ ਨਾਲ ਮਿਲਹ=ਮਿਲੋ। ਪਰਮੇਸ਼ਰ ਸਾਰਿਆਂ ਦਾ ਪਤੀ ਹੈ ਤੇ ਸਭ ਜੀਵ ਰੂਪ ਇਸਤਰੀਆਂ ਆਪਸ ਵਿਚ ਭੈਣਾਂ ਦੀ ਨਿਆਈ ਹਨ ਵਾ: ਹੇ ਸੰਤ ਸਰੂਪ ਰੂਪੀ ਕੰਠ ਵਿਚ ਅਭੇਦ ਨਿਸਚੇ ਦੀ ਵੀਚਾਰ ਕਰਨ ਰੂਪ ਗਲੇ ਮਿਲਣਾ ਕਰੀਏ, ਕਿਉਂਕਿ ਤੁਸੀਂ ਮੇਰੇ ਅੰਕਿ=ਪਿਆਰੇ ਪਤੀ (ਅਕਾਲ ਪੁਰਖ) ਦੀਆਂ ਸਹੇਲੀਆਂ ਹੋ ਵਾ: ਅੰਕਿ=ਹਿਰਦੇ ਦੀਆਂ ਸੱਜ ਸਹੇੜੀਆਂ ਸਹੇਲੀਆਂ ਹੋ।

**ਮਿਲਿ ਕੈ ਕਰਹ ਕਹਾਣੀਆਂ;**
**ਸੰਮ੍ਰਥ ਕੰਤ ਕੀਆਹ॥**

ਉਸ ਪਿਆਰੇ ਸੰਮ੍ਰਥ=ਸਰਬ ਸ਼ਕਤੀਵਾਨ ਕੰਤ=ਪਤੀ ਪਰਮੇਸ਼ਰ ਕੀਆਹ=ਦੀਆਂ ਆਪਾਂ ਮਿਲ ਕੈ=ਕਰਕੇ ਕਹਾਣੀਆਂ=ਕਥਾਵਾਂ ਕਰਹ=ਕਰੀਏ ਵਾ: ਜਿਥੇ ਸਾਰੇ (ਕੰ=ਅੰਤ) ਕੰ=ਸੁੱਖਾਂ ਦੀਆਂ ਇੱਛਾਵਾਂ ਦਾ ਅੰਤ ਹੋ ਜਾਂਦਾ ਹੈ, ਭਾਵ ਵਾਹਿਗੁਰੂ ਦੀ ਪ੍ਰਾਪਤੀ ਕਰਕੇ ਹੋਰ ਸੁਖ ਦੀ ਇੱਛਾ ਨਹੀਂ ਰਹਿ ਜਾਂਦੀ, ਐਸੇ ਸਮਰੱਥ ਪਤੀ ਪਰਮੇਸ਼ਰ ਦੀ ਪ੍ਰਾਪਤੀ ਦੀਆਂ ਮਿਲ ਕੇ ਕਥਾ ਕਹਾਣੀਆਂ ਕਰੀਏ।

**ਸਾਚੇ ਸਾਹਿਬ ਸਭਿ ਗੁਣ;**
**ਅਉਗਣ ਸਭਿ ਅਸਾਹ॥**

ਉਸ ਸਾਚੇ=ਸਤਿ ਸਰੂਪ ਸਾਹਿਬ=ਮਾਲਕ ਵਿਚ ਸਭਿ=ਸਾਰੇ ਗੁਣ ਹਨ ਜੋ ਤ੍ਰੈਕਾਲ ਨਾਸ ਰਹਿਤ ਹੈ ਅਤੇ ਇਉਂ ਕਹੀਏ ਕਿ ਅਸਾਹ=ਸਾਡੇ ਵਿਚ ਤਾਂ ਸਭ ਔਗੁਣ ਹੀ ਔਗੁਣ ਹਨ। ਕੋਈ ਗੁਣ ਨਹੀਂ ਹੈ ਅਰਥਾਤ ਗੁਣ ਛੱਡ ਕੇ ਆਪਣੇ ਔਗੁਣਾਂ ਦਾ ਵਖਿਆਨ ਕਰਨਾ।

**ਕਰਤਾ; ਸਭੁ ਕੋ ਤੇਰੈ ਜੋਰਿ॥**

ਹੇ ਕਰਤਾ=ਅਕਾਲ ਪੁਰਖ! ਸਭ ਕੋ=ਕੋਈ ਤੇਰੇ ਜੋਰਿ=ਬਲ ਨਾਲ ਹੀ ਇਸਥਿਤ ਹੈ ਵਾ: ਸਭ ਭਗਤ ਜਨ ਤੇਰੇ ਜੋਰਿ=ਬਲ ਨਾਲ ਹੀ ਹਨ, ਭਾਵ ਤੇਰੇ ਜ਼ੋਰ ਨਾਲ ਹੀ ਸਭ ਦੇ ਪ੍ਰਾਣ ਚਲਦੇ ਹਨ, ਭਾਵ ਜਿਉਂਦੇ ਜਾਗਦੇ ਹਨ। ਕੋਈ ਮੁਰਦਾ ਕੁਝ ਨਹੀਂ ਕਰ ਸਕਦਾ।

**ਏਕੁ ਸਬਦੁ ਬੀਚਾਰੀਐ; ਜਾ ਤੂ,**
**ਤਾ ਕਿਆ ਹੋਰਿ॥੧॥ਰਹਾਉ॥**

ਹੇ ਕਰਤਾ ਪੁਰਖ! ਜੇਕਰ ਤੇਰੇ ਇਕ ਸ਼ਬਦ ਦੀ ਵੀਚਾਰ ਕਰੀਏ ਵਾ: ਹੇ ਕਰਤਾ ਪੁਰਖ! ਜੇ ਇਕੋ ਸਬਦੁ=ਗੁਰ ਉਪਦੇਸ਼ ਦੀ ਵੀਚਾਰ ਕਰੀਏ ਵਾ: ਏਕੁ ਸਬਦੁ=ਬ੍ਰਹਮ ਦੀ ਵੀਚਾਰ ਕਰੀਏ। ਜਾ=ਜਦੋਂ ਤੂੰ ਸਾਨੂੰ ਪ੍ਰਾਪਤ ਹੋ ਜਾਵੇਂ ਤਾਂ ਹੋਰ ਕਿਸੇ ਨੂੰ ਮਿਲਣ ਦੀ ਕੀ ਲੋੜ ਹੈ?

**ਜਾਇ ਪੁਛਹੁ ਸੋਹਾਗਣੀ;**
**ਤੁਸੀਂ ਰਾਵਿਆ ਕਿਨੀ ਗੁਣੀ॥**

ਜਾਇ=ਜਾ ਕੇ ਪਰਮੇਸ਼ਰ ਦੀ ਪ੍ਰਾਪਤੀ ਵਾਲੀਆਂ ਸੰਤ ਰੂਪੀ ਸੋਹਾਗਣੀ=ਸੁਹਾਗਵੰਤੀਆ ਨੂੰ ਪੁੱਛੀਏ ਕਿ ਤੁਸੀਂ ਕਿੰਨੀ ਗੁਣੀ=ਕਿਹੜੇ ਗੁਣਾਂ ਦੁਆਰਾ ਪਰਮੇਸ਼ਰ ਪਤੀ ਦੇ ਅਨੰਦ ਨੂੰ ਰਾਵਿਆ=ਮਾਣਿਆ ਹੈ। ਤਾਂ ਉਹ ਉੱਤਰ ਵਿਚ ਕਹਿਣਗੀਆਂ ਕਿ -

**ਸਹਜਿ ਸੰਤੋਖਿ ਸੀਗਾਰੀਆ;**
**ਮਿਠਾ ਬੋਲਣੀ॥**

ਹੇ ਸਖੀਓ! ਅਸੀਂ ਸਹਜਿ=ਸ਼ਾਂਤੀ, ਧਰਮ, ਧੀਰਜ, ਗਿਆਨ ਤੇ ਸੰਤੋਖ ਆਦਿ ਸ਼ੁਭ ਗੁਣਾਂ ਰੂਪੀ ਸੀਗਾਰੀਆ=ਸ਼ਿੰਗਾਰਾ ਦੇ ਸਹਿਤ ਹੋ ਕੇ ਮਿਠਾ=ਪਿਆਰੇ ਬਚਨ ਬੋਲਣੀ=ਬੋਲ ਕੇ ਪ੍ਰਭੂ ਪਤੀ ਦੀ ਪ੍ਰਾਪਤੀ ਦੇ ਅਨੰਦ ਨੂੰ ਮਾਣਿਆ ਹੈ। ਅਰਥਾਤ ਗੁਰੂ ਜੀ ਪ੍ਰਭੂ-ਪ੍ਰਾਪਤੀ ਦੇ ਸਾਧਨਾਂ ਵਿਚ ਮਿੱਠਾ ਬੋਲਣ ਦੀ ਮਹੱਤਤਾ ਦੱਸਦੇ ਹਨ।

**ਪਿਰੁ ਰੀਸਾਲੂ ਤਾ ਮਿਲੈ;**
**ਜਾ ਗੁਰ ਕਾ ਸਬਦੁ ਸੁਣੀ॥**

ਹੇ ਸਖੀਓ! ਜੋ ਪਿਰੁ=ਪਤੀ ਪਰਮੇਸ਼ਰ ਰੀਸਾਲੁ=ਸੁੰਦਰ ਵਾ: ਰਸਾਂ ਦਾ ਘਰ ਹੈ, ਉਹ ਤਦ ਹੀ ਮਿਲਦਾ ਹੈ ਜਾ=ਜੇਕਰ ਗੁਰ=ਸਤਿਗੁਰਾਂ ਕਾ=ਦਾ ਸਬਦੁ=ਉਪਦੇਸ਼ ਸੁਣੀ=ਸ੍ਰਵਣ ਕਰੀਏ ਵਾ ਮਨ ਦੇ ਸੰਕਲਪਾਂ ਨਾਲ ਸ੍ਰਵਣ ਕਰੀਏ, ਜਿਸ ਨਾਲ ਮਨ ਅੰਦਰ ਅਜਪਾ ਜਾਪ ਪ੍ਰਗਟ ਹੋ ਜਾਵੇ। ਭਾਵ ਫਿਰ ਪਾਰਸ ਦੀ ਨਿਆਈਂ ਮਨ, ਬੁੱਧ, ਚਿੱਤ, ਅਹੰਕਾਰ (ਅੰਤਹਕਰਣ) ਵਿਚ ਬ੍ਰਹਮ ਜੋਤ ਦਾ ਪ੍ਰਕਾਸ਼ ਹੋ ਜਾਂਦਾ ਹੈ।

**ਕੇਤੀਆ ਤੇਰੀਆ ਕੁਦਰਤੀ;**
**ਕੇਵਡ ਤੇਰੀ ਦਾਤਿ॥**

ਹੇ ਪਰਮੇਸ਼ਰ! ਤੇਰੀਆਂ ਕੁਦਰਤੀ=ਸ਼ਕਤੀਆਂ ਕੇਤੀਆ=ਕਿੰਨੀਆਂ ਹੀ ਹਨ ਭਾਵ ਬੇਅੰਤ ਹਨ, ਕੇਤੀਆਂ=ਕਿੰਨੀਆ ਹੀ ਤੇਰੀਆਂ ਕੁਦਰਤੀ=ਸ਼ਕਤੀਆਂ ਹਨ ਜਿਵੇਂ ਲੱਛਮੀ, ਸੁਰਸਤੀ, ਬ੍ਰਹਮਣੀ ਆਦਿ ਅਤੇ ਕੇਵਡ=ਕਿੱਡੀ ਵੱਡੀ ਤੇਰੀ ਦਾਤ ਹੈ ਭਾਵ ਬੇਅੰਤ ਹੈ। ਜਿਵੇਂ ਆਪਣੀਆਂ ਦਾਤਾਂ ਦੁਆਰਾ ਸਾਰਿਆਂ ਨੂੰ ਰੋਜ਼ੀ ਦਿੰਦਾ ਹੈ, ਪਾਲਣਾ ਕਰਦਾ ਹੈ ਤੇ ਗਿਆਨ ਜਾਂ ਪ੍ਰਮਾਰਥ, ਬ੍ਰਹਮ ਵਿਦਿਆ ਜਾਂ ਭਗਤੀ ਆਦਿ ਦੀਆਂ ਬਖਸ਼ਿਸ਼ਾਂ ਕਰਦਾ ਹੈਂ।

**ਕੇਤੇ ਤੇਰੇ ਜੀਅ ਜੰਤ;**
**ਸਿਫਤਿ ਕਰਹਿ ਦਿਨੁ ਰਾਤਿ॥**

ਕੇਤੇ=ਕਿਤਨੇ ਹੀ ਤੇਰੇ=ਤੁਹਾਡੇ ਪੈਦਾ ਕੀਤੇ ਹੋਏ ਜੀਵ=ਅਸਥੂਲ ਤੇ ਜੰਤ=ਸੂਖਮ ਜੀਵ ਹਨ ਭਾਵ ਕੀੜੀ ਤੋਂ ਲੈ ਕੇ ਹਾਥੀ ਵਰਗੇ ਜੀਵ ਪੈਦਾ ਕੀਤੇ ਹੋਏ ਹਨ।

ਇਹ ਕਰੋੜਾਂ ਜੀਵ ਦਿਨ ਰਾਤ ਤੇਰੀ ਆਪੋ-ਆਪਣੀ ਬੋਲੀ ਤੇ ਸਮਝ ਅਨੁਸਾਰ ਸਿਫਤਿ=ਵਰਿਆਈ ਕਰਹਿ=ਕਰਦੇ ਹਨ। ਹੇ ਪ੍ਰਭੂ! ਸਾਰੇ ਜੀਵ ਤੈਨੂੰ ਚੇਤੇ ਕਰ ਰਹੇ ਹਨ।

**ਕੇਤੇ ਰੂਪ ਰੰਗ; ਕੇਤੇ ਜਾਤਿ ਅਜਾਤਿ॥੩॥**

ਹੇ ਪ੍ਰਭੂ! ਤੂੰ ਆਪਣੇ ਕਿਤਨੇ ਹੀ ਰੂਪ ਵਾ: ਅਕਾਰ ਬਣਾਏ ਹੋਏ ਹਨ ਜੋ ਗੋਰੇ, ਕਾਲੇ, ਪੀਲੇ, ਚਿੱਟੇ ਆਦਿ ਅਨੇਕਾਂ ਰੰਗਾਂ ਦੇ ਹਨ। ਕਿਤੇ ਰਾਮਚੰਦ੍ਰ ਜੀ, ਕਿਤੇ ਕ੍ਰਿਸ਼ਨ ਜੀ, ਕਿਤੇ ਨਰਸਿੰਘ, ਕਿਤੇ ਮੱਛ ਤੇ ਬਰਾਹ ਆਦਿ ਰੂਪ ਬਣਾਏ। ਕੇਤੇ=ਕਿਤਨੇ ਚੰਗੀਆਂ ਜਾਤੀਆਂ ਹਨ ਅਤੇ ਕਿੰਨੇ ਅਜਾਤਿ=ਨੀਵੀਆਂ ਜਾਤੀਆ ਵਾਲੇ ਹਨ ਵਾ: ਕਿਤਨੇ ਜਾਤਿ=ਗਿਆਤ ਵਾਲੇ ਤੇ ਕਿੰਨੇ ਅਜਾਤਿ=ਅਗਿਆਤ ਹਨ। ਵਾ: ਕਿੰਨੇ ਜਾਤਿ=ਗਿਆਨ ਵਾਲੇ ਚੇਤਨ ਤੇ ਕਿੰਨੇ ਅਜਾਤਿ=ਜੜ੍ਹ ਹਨ।

**ਸਚੁ ਮਿਲੈ ਸਚੁ ਉਪਜੈ;**
**ਸਚ ਮਹਿ ਸਾਚਿ ਸਮਾਇ॥**

ਜੇਕਰ ਸਚੁ=ਸੱਚਾ ਨਾਮ ਗੁਰਾਂ ਦੁਆਰਾ ਮਿਲ ਜਾਵੇ ਤਾਂ ਹਿਰਦੇ 'ਚ ਸੱਚ ਉਪਜੈ=ਪੈਦਾ ਹੁੰਦਾ ਹੈ। ਫਿਰ ਸ੍ਰਵਣ ਮੰਨਣ ਨਿਧਿਆਸਣ ਦੁਆਰਾ ਸੱਚੇ ਨਾਲ 'ਚ ਨਿਸਚਾ ਹੋ ਕੇ ਸਾਚਿ=ਬ੍ਰਹਮ 'ਚ ਸਮਾਅ ਜਾਈਦਾ ਹੈ ਵਾ: ਸੱਚ ਸਰੂਪ ਦੀ ਸਾਖਿਆਤਤਾ 'ਚ ਮਨ ਸਮਾਅ ਜਾਂਦਾ ਹੈ।

**ਸੁਰਤਿ ਹੋਵੈ ਪਤਿ ਊਗਵੈ;**
**ਗੁਰਬਚਨੀ ਭਉ ਖਾਇ॥**

ਜੇ ਚੰਗੀ ਸੁਰਤਿ=ਗਿਆਤ ਹੋਵੇ ਤਾਂ ਪਰਮਾਰਥ ਦੀ ਪ੍ਰਾਪਤੀ ਨਿਰਵਿਕਾਰ ਜੀਵਨ 'ਚ ਊਗਵੈ=ਉਤਪੰਨ ਹੁੰਦੀ ਹੈ ਅਤੇ ਪਰਲੋਕ ਵਿਚ ਪਤਿ=ਇੱਜ਼ਤ ਦੀ ਪ੍ਰਾਪਤੀ ਰੂਪ ਦਾਤ ਮਿਲਦੀ ਹੈ ਅਤੇ ਗੁਰਬਚਨੀ=ਗੁਰੂ ਬਚਨਾਂ ਦੁਆਰਾ ਭੈ ਧਾਰ ਕੇ ਪ੍ਰਭੂ ਦਾ ਸਿਮਰਨ ਕਰੇ, ਤਾਂ ਸ੍ਰਵਣ ਮੰਨਣ ਤੇ ਨਿਧਿਆਸਣ ਕਰਨੇ ਕਰਕੇ ਜਮਾਂ ਦਾ ਭਉ=ਡਰ ਖਾਇ=ਨਾਸ਼ ਹੋ ਜਾਂਦਾ ਹੈ। ਫਿਰ ਤੱਤ ਪਦ ਦਾ ਸੰਸੋਧਨ ਕਰਕੇ ਸੱਚ ਵਿਚ ਬਿਰਤੀ ਸਮਾਅ ਜਾਂਦੀ ਹੈ।

**ਨਾਨਕ ਸਚਾ ਪਾਤਿਸਾਹੁ;**
**ਆਪੇ ਲਏ ਮਿਲਾਇ॥੪॥੧੦**

ਸਤਿਗੁਰੂ ਜੀ ਫੁਰਮਾਉਂਦੇ ਹਨ ਕਿ ਸਚਾ=ਸੱਤ ਸਰੂਪ ਪਰਮੇਸ਼ਰ ਜੋ ਪਾਤਸ਼ਾਹਾਂ ਦਾ ਪਾਤਸ਼ਾਹ ਹੈ। ਬਾਕੀ ਸਭ ਦੁਨੀਆ ਦੇ ਬਾਦਸ਼ਾਹ ਕੂੜੇ ਹਨ। ਉਹ ਆਪੇ ਹੀ ਆਪਣੇ ਨਾਲ ਮੇਲ ਲੈਂਦਾ ਹੈ। ਹੋਰ ਵਿਚੋਲਿਆਂ (ਪਾਖੰਡੀ ਸਾਧਾਂ) ਦੀ ਲੋੜ ਨਹੀਂ ਰਹਿੰਦੀ। ਭਾਵ ਉਹ ਵਾਹਿਗੁਰੂ ਐਸੀਆਂ ਗੁਣਵੰਤੀ, ਗਿਆਨਵਾਨ ਸੁਹਾਗਣਾਂ ਰੂਪੀ ਸਖੀਆਂ ਨੂੰ ਆਪ ਹੀ ਆਪਣੇ ਨਾਲ ਮੇਲ ਲੈਂਦਾ ਹੈ।

*'ਚਲਦਾ..........।'*

# ਨੌ ਰਤਨ - ਸੰਤ ਈਸ਼ਰ ਸਿੰਘ ਜੀ ਮਹਾਰਾਜ ਰਾੜਾ ਸਾਹਿਬ

*(ਲੜੀ ਜੋੜਨ ਲਈ ਦੇਖੋ, ਮਾਰਚ ਅੰਕ, ਪੰਨਾ-58)*

**ਅਗਸਤ 1947**

ਅੰਗਰੇਜ਼ ਨੇ 15 ਅਗਸਤ 1947 ਨੂੰ ਵਤਨ ਦੇ ਟੁਕੜੇ ਕਰਕੇ ਸੁਤੰਤਰ ਕਰ ਦੇਣ ਦਾ ਐਲਾਨ ਕੀਤਾ, ਕੁਰਸੀਆਂ ਦੇ ਭੁੱਖੇ ਤੇ ਰਾਜ ਸਤਾ ਦੇ ਪੁਜਾਰੀ ਆਗੂਆਂ ਨੇ ਗਾਂਧੀ ਜੀ ਦੀ ਇਹ ਰਾਏ ਮੰਨਣ ਤੋਂ ਇਨਕਾਰ ਕਰ ਦਿਤਾ ਕਿ ਉਹ ਦੇਸ਼ ਦੀ ਵੰਡ ਬਾਰੇ ਕੋਈ ਗੱਲ ਪ੍ਰਵਾਨ ਨਾ ਕਰਨ। ਗਾਂਧੀ ਜੀ ਦਾ ਕਹਿਣਾ ਸੀ ਕਿ ਉਹ ਇਕ ਵੱਡੀ ਲਹਿਰ ਚਲਾਣਗੇ ਜਿਸ ਅੰਦਰ ਹੋ ਸਕਦਾ ਹੈ, ਉਹ ਵੀ ਮਾਰੇ ਜਾਣ ਤੇ ਹੋਰ ਵੀ ਸ਼ਾਇਦ ਦਸ ਵੀਹ ਹਜ਼ਾਰ ਭਾਰਤੀ ਸ਼ਹੀਦ ਹੋ ਜਾਣ, ਪਰ ਦੇਸ਼ ਵੰਡਾਰੇ ਦੀ ਲਾਹਨਤ ਤੋਂ ਬਚ ਜਾਵੇਗਾ।

ਪਰ ਰਾਜਸੀ ਸਤਾ ਦੇ ਪੁਜਾਰੀ ਆਗੂ ਕੋਈ ਨੇਕ ਤੇ ਚੰਗੀ ਗੱਲ ਸੁਣਨ ਨੂੰ ਤਿਆਰ ਹੀ ਨਹੀਂ ਸਨ। ਸੋ ਉਹਨਾਂ ਵੰਡ ਮੰਨ ਲਈ ਤੇ ਵੰਡ ਦਾ ਫਲ ਫਿਰਕੂ ਫਸਾਦਾਂ ਨੇ ਇਕ ਭਿਆਨਕ ਨਤੀਜਾ ਸਾਮ੍ਹਣੇ ਲੈ ਆਂਦਾ, ਹਰ ਪਾਸੇ ਮਨੁੱਖ ਮਾਰੂ ਜੰਗ ਆਰੰਭ ਹੋ ਗਿਆ। ਕਿਸੇ ਸਮੇਂ ਮਨੁੱਖ ਨੂੰ ਪਾਲਣਾ ਧਰਮ ਸੀ ਪਰ ਇਸ ਸਮੇਂ ਮਨੁੱਖ ਨੂੰ ਮਾਰਨਾ ਤੇ ਉਸ ਦੇ ਖੂਨ ਦੀ ਹੋਲੀ ਖੇਲ੍ਹਣਾ ਹੀ ਇਕ ਧਰਮ ਬਣ ਗਿਆ।

ਹਰ ਸ਼ਰੀਫ ਆਦਮੀ ਨੂੰ ਜੀਵਨ ਦੇ ਲਾਲੇ ਪੈ ਗਏ। ਧਰਮ ਦੇ ਮੁਦੱਈ ਤੇ ਧਰਮ ਦੀ ਧਿਰ ਧਰਮ ਅਸਥਾਨ ਵੀ ਲੁੱਟ ਦੇ ਮਾਲ ਤੇ ਕਈ ਵਾਰ ਜਬਰੀ ਚੁੱਕੀਆਂ ਹੋਈਆਂ ਕੁੜੀਆਂ ਨਾਲ ਭਰ ਦਿਤੇ ਜਾਂਦੇ ਸਨ। ਫਿਰ ਇਸ ਸਮੇਂ ਜੋ ਬਹੁਤ ਧੱਕਾ ਕਰੇ, ਉਹੀ ਆਗੂ ਸੀ, ਜੋ ਕੋਈ ਸਰਬ ਸਾਂਝੀ ਜਾਂ ਫਿਰ ਨੇਕੀ ਤੇ ਉਚਤਾ ਦੀ ਗੱਲ ਕਰੇ, ਉਹ ਮੂਰਖ ਸਮਝਿਆ ਜਾਂਦਾ ਸੀ। ਕਈ ਜਗ੍ਹਾ ਤਾਂ ਕਈ ਨੇਕ ਦਿਲ ਰੱਬ ਦੇ ਬੰਦੇ ਵੀ ਬਦ ਲੋਕਾਂ ਦਾ ਸ਼ਿਕਾਰ ਹੋ ਗਏ ਤੇ ਇਸ ਕਰਕੇ ਕਤਲ ਕੀਤੇ ਗਏ ਕਿ ਉਹਨਾਂ ਨੂੰ ਕਿਸੇ ਮਾਸੂਮ ਦੀ ਜਾਨ ਜਾਂ ਫਿਰ ਕਿਸੇ ਮਾਸੂਮ ਅਬਲਾ ਨੂੰ ਬੇਪੱਤ ਹੋਣੋਂ ਜਾਂ ਮਾਰੇ ਜਾਣੋਂ ਬਚਾਣ ਦੀ ਕੋਸ਼ਿਸ਼ ਕੀਤੀ ਸੀ। ਸ੍ਰੀ ਕਲਗੀਧਰ ਪਾਤਸ਼ਾਹ ਨੇ ਇਹ ਠੀਕ ਫੁਰਮਾਇਆ ਹੈ-

*ਪਾਪ ਕਰਹਿ ਪ੍ਰਮਾਰਥ ਕੇ,*
*ਤਿਨ ਪਾਪਨ ਤੇ ਅਤੀ ਪਾਪ ਡਰਾਹੀਂ।*

ਜੋ ਪਾਪ ਧਰਮ ਤੇ ਪ੍ਰਮਾਰਥ ਦੇ ਨਾਮ ਪਰ ਹੁੰਦੇ ਹਨ ਉਹਨਾਂ ਤੋਂ ਪਾਪ ਵੀ ਡਰਦਾ ਹੈ ਤੇ ਕੰਨ ਭਰਦਾ ਹੈ। ਭਾਵ ਜਿਸ ਨੂੰ ਸਮਾਜ ਪਾਪ ਕਰਾਰ ਕਰ ਦਿੰਦਾ ਹੈ, ਉਸ ਬਜਰ ਪਾਪ ਨੂੰ ਵੀ ਧਰਮ ਦੇ ਨਾਮ ਪਰ ਨੇਕੀ ਤੇ ਪਵਿੱਤਰ ਜਾਣ ਕੇ ਕਰ ਕੇ ਉਸ ਪਰ ਕਦੇ-ਕਦੇ ਮਾਣ ਕੀਤਾ ਜਾਂਦਾ ਹੈ। ਅਸਲ ਗੱਲ ਤਾਂ ਇਹ ਹੈ ਕਿ ਧਰਮ ਮਨੁੱਖ ਲਈ ਉਚਤਾ ਦੀਆਂ ਪਾਵਨ ਲੀਹਾਂ ਤੋਰਦਾ ਹੈ, ਧਰਮ ਮਨੁੱਖਤਾ ਲਈ ਹੈ, ਜੇਕਰ ਮਨੁੱਖ ਮਨੁੱਖਤਾ ਹੀ ਛੱਡ ਬਹੇ, ਫਿਰ ਧਰਮ ਉਥੋਂ ਫਰਾਰ ਹੋ ਕੇ ਭੱਜ ਜਾਂਦੇ ਹਨ।

1947 ਦਾ ਸਾਲ ਵੀ ਮਨੁੱਖ ਪਾਸੋਂ ਧਰਮ ਨੂੰ ਤਿਲਾਂਜਲੀ ਦਵਾਣ ਦਾ ਸਾਲ ਸੀ, ਐਸੇ ਸਮੇਂ ਤਵਾਰੀਖ ਵਿਚ ਘਟ ਹੀ ਆਉਂਦੇ ਹਨ ਜਦੋਂ ਸਮੁੱਚੀ ਹੀ ਕੌਮ ਦੀਵਾਨੇ ਲੋਕਾਂ ਦੀ ਹੋ ਜਾਂਦੀ ਹੈ ਤੇ ਵੱਡਾ ਪਾਗਲ ਤੇ ਲੁਟੇਰਾ ਹੀ ਸਿਰ ਕੱਢ ਆਗੂ ਬਣ ਕੇ ਵਿਖਾ ਸਕਦਾ ਹੈ। ਅੱਗੋਂ ਪਿਛੋਂ ਸਦਾ ਹੀ ਮਨੁੱਖੀ ਸੇਵਾ ਤੇ ਲੋਕ ਸੇਵਾ ਦਾ ਮਾਣ ਸਮਾਜ ਅੰਦਰ ਕਾਇਮ ਰਹਿੰਦਾ ਹੈ। ਪਰ ਐਸੇ ਸਮੇਂ ਲੋਕ ਹਿਤਾਂ ਦੇ ਰਖਵਾਲੇ ਸਮਾਜ ਦੀਆਂ ਪਿਛਲੀਆਂ ਤੇ ਹਨ੍ਹੇਰੀਆਂ ਤੈਹਾਂ ਅੰਦਰ ਚਲੇ ਜਾਂਦੇ ਹਨ।

ਪੰਜਾਬ ਦੇ ਦੋਹੀਂ ਪਾਸੀਂ ਲਾਸ਼ਾਂ ਦੇ ਢੇਰ ਸਨ। ਹਰ ਪਾਸੇ ਲੋਕ ਇਕ ਦੂਸਰੇ ਦੇ ਖੂਨ ਨੂੰ ਧਰਤੀ ਪਰ ਬਹਾ ਰਹੇ ਸਨ। ਧਾਰਮਿਕ ਅਸਥਾਨ ਵੀ ਇਹਨਾਂ ਜੋਸ਼ੀਲੇ ਲੋਕਾਂ ਪਾਸੋਂ ਬਚ ਨਹੀਂ ਸਕਦੇ ਸਨ। ਪਰ ਸੰਤ ਈਸ਼ਰ ਸਿੰਘ ਜੀ ਮਹਾਰਾਜ ਤੇ ਸੰਤ ਕ੍ਰਿਸ਼ਨ ਸਿੰਘ ਮਹਾਰਾਜ ਨੇ ਉਸ ਸਮੇਂ ਵੀ ਪਵਿੱਤਰ ਧਰਮ ਦੀਆਂ ਲੀਹਾਂ ਪਰ ਹੀ ਤੁਰਨਾ ਪਸੰਦ ਕੀਤਾ ਤੇ ਆਏ ਹੋਏ ਕੁਝ ਆਗੂ ਸੱਜਣਾਂ ਨੂੰ ਕਿਹਾ ਸੀ -

'ਲੰਗਰ ਗੁਰੂ ਕਾ ਹਰ ਇਕ ਪ੍ਰਾਣੀ ਲਈ ਹਰ ਸਮੇਂ ਹਾਜ਼ਰ ਹੈ। ਤੁਸੀਂ ਜਦੋਂ ਤੇ ਜਿੰਨੇ ਵੀ ਸੱਜਣ ਪ੍ਰਸ਼ਾਦਿ ਛਕੋ। ਪਰ ਸਾਡੇ ਡੇਰੇ ਦਾ ਕੋਈ ਸੱਜਣ ਬਾਹਰ ਤੁਹਾਡੇ ਜਥਿਆਂ ਨਾਲ ਨਹੀਂ ਜਾਏਗਾ। ਨਾ ਹੀ ਕੋਈ ਲੁੱਟ ਖੁਸੱਟ ਦਾ ਮਾਲ ਹੀ ਤੁਸੀਂ ਇਥੇ ਸਾਡੇ ਸਥਾਨ ਪਰ ਲਿਆਉਗੇ। ਤੁਹਾਨੂੰ ਧਾਰਮਿਕ ਸਥਾਨ ਭਰਿਸ਼ਟ ਹੋਣੋਂ ਬਚਾਣੇ ਹੀ ਚਾਹੀਦੇ ਹਨ ਤਾਕਿ ਸਤਿਗੁਰਾਂ ਦੇ ਬਚਨਾਂ ਅਨੁਸਾਰ ਜਗਤ ਨੂੰ ਡੁੱਬਣ ਤੋਂ ਬਚਾਣ ਹਿਤ ਕੋਈ ਸਥਾਨ ਤਾਂ ਲੋਕਾਂ ਲਈ ਸਹਾਰਾ ਹੀ ਰਹਿ ਜਾਏ। ਇਹਨਾਂ ਹੀ ਦਿਨਾਂ ਵਿਚ ਅਜਬ ਹੀ ਸਮੱਸਿਆ ਖੜ੍ਹੀ ਹੋ ਗਈ, ਸੇਵਾਦਾਰ ਘਟ ਗਏ। ਬਾਹਰੋਂ ਆਉਂਦੇ ਨਹੀਂ ਸਨ ਤੇ ਇਥੋਂ ਇੰਤਜ਼ਾਮ ਨਹੀਂ ਹੋ ਸਕਦਾ ਸੀ। ਪਰ ਸੰਤ ਜੀ ਮਹਾਰਾਜ ਨੇ ਨਗਰਾਂ ਦੀਆਂ ਮਾਈਆਂ ਨੂੰ ਇਹ ਸੇਵਾ ਸੌਂਪੀ ਕਿ ਉਹ ਬਾਹਰੋਂ ਆਏ ਵੀਰਾਂ ਤੇ ਸ਼ਰਨਾਰਥੀਆਂ ਦੀ ਵੱਧ ਤੋਂ ਵੱਧ ਸੇਵਾ ਕਰਨ। ਇਹ ਦੇਸ਼ ਦੀ ਅਧੋਗਤੀ ਤੇ ਬਰਬਾਦੀ ਦਾ ਸਮਾਂ ਹੈ। ਐਸੇ ਹੀ ਸਮੇਂ ਸਤਿਗੁਰੂ ਰਾਮਦਾਸ ਸਾਹਿਬ ਨੇ ਲਾਹੌਰ ਜਾ ਕੇ ਮਰ ਰਹੇ ਲੋਕਾਂ ਲਈ ਦਵਾਈ ਤੇ ਲੰਗਰ ਲਗਾਣ ਦੀ ਆਗਿਆ ਸਾਹਿਬ ਗੁਰੂ ਅਰਜਨ ਸਾਹਿਬ ਨੂੰ ਦਿਤੀ ਸੀ। ਇਸ ਸਮੇਂ ਲੰਗਰ ਵਿਚੋਂ ਰੋਜ਼ ਹੀ ਪੰਜਾਹ ਬੋਰੀ ਤੋਂ ਉਪਰ ਕਣਕ ਲਗਦੀ ਸੀ। ਉਪਰੋਂ ਖੇਤੀ ਕਰਨ ਵਾਲੇ ਤੇ ਕਾਮੇ ਕਿਧਰੋਂ ਵੀ ਮਿਲ ਨਹੀਂ ਰਹੇ ਸਨ। ਪਰ ਧੰਨ ਸੰਤ ਤੇ ਧੰਨ ਸਾਧ ਸੰਗਤ ਜਿਨ੍ਹਾਂ ਨੇ ਘਰਾਂ ਤੋਂ ਅਨਾਜ ਜਮ੍ਹਾਂ ਕਰਕੇ ਇਹ ਸਾਰਾ ਹੀ ਖਰਚ ਬਰਦਾਸ਼ਤ ਕੀਤਾ ਸੀ। ਸੰਤ ਕਿਸ਼ਨ ਸਿੰਘ ਜੀ ਮਹਾਰਾਜ ਦੀ ਸੰਜਮ ਸਹਿਤ ਵਿਚਾਰ ਤੇ ਕਰਮ ਨੇ ਹਰ ਸਮੇਂ ਹੀ ਇਸ ਡੇਰੇ ਨੂੰ ਉਚਾ ਚੁੱਕਿਆ ਹੈ। ਉਹ ਸਾਰੀ ਦੀ ਸਾਰੀ ਜ਼ਿੰਮੇਵਾਰੀ ਨਿਭਾਹੁੰਦੇ ਹਨ। ਵੱਡੇ ਸੰਤ ਸਦਾ ਹੀ ਨਿਰਲੇਪ ਹੀ ਦਿਸਦੇ ਹਨ।

ਲੰਗਰ ਦੇ ਭਾਰੀ ਖਰਚ ਦੀ ਸੰਤ ਜੀ ਮਹਾਰਾਜ ਨੂੰ ਨਹੀਂ ਪਰ ਬਾਹਰੋਂ ਆਏ ਹੋਏ ਯਾਤਰੀਆਂ ਨੂੰ ਤੱਕ ਕੇ ਉਸ ਦੀ ਚਿੰਤਾ ਜ਼ਰੂਰ ਹੋ ਸਕਦੀ ਸੀ। ਸੋ ਇਕ ਦਿਨ ਅਚਾਨਕ ਹੀ ਸਰਦਾਰ ਈਸ਼ਰ ਸਿੰਘ ਜੀ ਮਝੈਲ ਜੋ ਕਈ ਦਿਨਾਂ ਤੋਂ

ਇਥੇ ਟਿਕੇ ਹੋਏ ਸਨ, ਦੀ ਰਾਏ ਅਨੁਸਾਰ ਕੁਝ ਪੰਥ ਸੇਵਕਾਂ ਹੱਲਾਂ ਮਾਰੂ, ਭੜਥੂ ਪਾਊ, ਲੋਕਾਂ ਨੂੰ ਰਾਏ ਦਿਤੀ ਕਿ ਕਿਸੇ ਵੱਡੇ ਨਗਰ ਵਿਚੋਂ ਜਿੰਨੀ ਵੀ ਕਣਕ ਹੋ ਸਕੇ, ਡੇਰੇ ਲਿਆ ਕੇ ਦੇ ਦਿਤੀ ਜਾਵੇ। ਇਸ ਨਾਲ ਲੰਗਰ ਚਲਦਾ ਰਹੇਗਾ।

ਇਸ ਗੱਲ ਨੂੰ ਸਾਰਿਆਂ ਨੇ ਪਸੰਦ ਕੀਤਾ ਤੇ ਇਹ ਭੂਰਲੀ ਜੱਥੇ ਰੋਜ਼ਾਨਾ ਵਾਂਗ ਹੀ 1947 ਦੇ ਸ਼ਿਕਾਰ ਲੱਭਣ ਚਲੇ ਗਏ ਜੋ ਗਿਣਤੀ ਵਿਚ ਸੈਂਕੜੇ ਹੀ ਹੋਣਗੇ। ਸ਼ਾਮ ਦੇ ਚਾਰ ਵਜੇ ਤੱਕ ਇਹਨਾਂ ਜੱਥਿਆਂ ਨੇ ਕੋਈ ਦਸ ਬਾਰ੍ਹਾਂ ਗੱਡੇ ਕਣਕ ਕਈ ਵੱਡੇ ਜਾਗੀਰਦਾਰ ਮੁਸਲਮਾਨਾਂ ਦੇ ਘਰਾਂ ਵਿਚੋਂ ਕੱਢੀ ਤੇ ਗੱਡਿਆਂ ਵਿਚ ਪਾ ਕੇ ਉਹਨਾਂ ਦੇ ਹੀ ਡੰਗਰ ਅੱਡਿਆਂ ਸਮੇਤ ਜੋ ਬਗੈਰ ਮਾਲਕਾਂ ਦੇ ਹੀ ਸਨ ਲਿਆ ਕਰਮਸਰ ਦੇ ਦਰਵਾਜੇ ਅੱਗੇ ਖੜ੍ਹੇ ਕਰ ਦਿਤੇ। ਛੋਟੇ ਮਹਾਰਾਜ ਜੀ ਨੂੰ ਇਹ ਕਣਕ ਲੰਗਰ ਵਿਚ ਰੱਖਣ ਹਿਤ ਬੇਨਤੀ ਕੀਤੀ। ਉਹਨਾਂ ਫੁਰਮਾਇਆ, ਅਸੀਂ ਐਸੀ ਕੋਈ ਚੀਜ਼ ਵੀ ਕਬੂਲਣ ਤੋਂ ਇਨਕਾਰੀ ਹਾਂ, ਜੋ ਕਿਸੇ ਸਿੱਖ ਸੇਵਕ ਜਾਂ ਫਿਰ ਸ਼ਰਧਾਲੂ ਨੇ ਪਿਆਰ ਨਾਲ ਤੇ ਆਪਣੀ ਮੁਸ਼ਕਤ ਕਰਕੇ, ਪੈਦਾ ਨਹੀਂ ਕੀਤੀ। ਪਰ ਫਿਰ ਵੀ ਸੰਤਾਂ ਨਾਲ ਸਲਾਹ ਕਰ ਲਵੋ। ਜੇਕਰ ਉਹ ਮੰਨ ਲੈਣ ਤਾਂ ਫਿਰ ਮੈਂ ਵੀ ਇਨਕਾਰ ਨਹੀਂ ਕਰਾਂਗਾ। ਪਰ ਇਸ ਦੀ ਕੋਈ ਆਸ ਨਹੀਂ ਹੋ ਸਕਦੀ।

ਸਾਰੇ ਸੱਜਣ ਮਿਲ ਕੇ ਸੰਤ ਈਸ਼ਰ ਸਿੰਘ ਮਹਾਰਾਜ ਪਾਸ ਗਏ ਤੇ ਇਹ ਹਜ਼ਾਰ ਮਣ ਕਣਕ ਤੇ ਗੱਡੇ ਡੰਗਰ ਆਦਿਕ ਮਨਜ਼ੂਰ ਕਰਨ ਹਿਤ ਬੇਨਤੀ ਕੀਤੀ। ਸੰਤ ਜੀ ਮਹਾਰਾਜ ਹੱਸ ਪਏ ਤੇ ਕਹਿਣ ਲੱਗੇ ਕਿ ਇਹ ਤੁਹਾਡਾ ਲਿਆਂਦਾ ਹੋਇਆ ਅਨਾਜ ਲੰਗਰ ਵਿਚ ਵੱਧ ਤੋਂ ਵੱਧ ਦੋ ਹਫਤੇ ਪੂਰਾ ਹੋ ਸਕਦਾ ਹੈ। ਪਰ ਇਹ ਲੁੱਟ ਦਾ ਮਾਲ ਮਾਨਸਿਕ ਤੌਰ ਪਰ ਸਾਡੀ ਸਾਰੀ ਕਮਾਈ ਸਿਮਰਨ ਤੇ ਸਾਧਨਾ ਨੂੰ ਮਿੱਟੀ ਵਿਚ ਮਿਲਾ ਕੇ ਰੱਖ ਦੇਵੇਗਾ। ਬੁੱਧੀ ਦਾ ਵਾਸਤਾ ਰੋਜ਼ਾਨਾ ਦੇ ਵਰਤਾਰੇ ਤੇ ਕਰਮ ਨਾਲ ਹੈ। ਫਿਰ ਜੇਕਰ ਤੁਸੀਂ ਬੁਰਾ ਧਾਨ ਖਾਵੋਗੇ ਫਿਰ ਨਿਰਮਲ ਬਿਬੇਕ ਤੇ ਉਤਮ ਵਿਚਾਰ ਕਿਸ ਤਰ੍ਹਾਂ ਪੈਦਾ ਹੋ ਸਕਦੇ ਹਨ? ਇਹ ਲੰਗਰ ਗੁਰੂ ਨਾਨਕ ਸੱਚੇ ਪਾਤਸ਼ਾਹ ਦੀ ਬਖਸ਼ਿਸ਼ ਕਰਕੇ ਹੀ ਚਲਦਾ ਹੈ। ਇਹ ਸਾਹਿਬ ਬਾਬਾ ਕਰਮ ਸਿੰਘ ਦੇ ਨਾਮ ਪਰ ਚਾਲੂ ਕੀਤਾ ਹੈ। ਜੋ ਕਦੇ ਕਿਧਰੋਂ ਮੰਗਣ ਜਾਂ ਫਿਰ ਉਗ੍ਰਾਹੀ ਕਰਨ ਨਹੀਂ ਗਏ। ਪਰ ਹਾਂ ਉਹਨਾਂ ਪਾਸ ਮਿਸਰੀ ਦੇ ਚਾਵਲ ਬਣਦੇ ਸਨ। ਸੰਗਤਾਂ ਸਮਾਨ ਲੈ ਕੇ ਆਉਂਦੀਆਂ ਹਨ, ਫਿਰ ਆਪਣੇ ਹੱਥੀਂ ਸੇਵਾ ਕਰਦੀਆਂ ਹਨ। ਕਿਤਨੇ ਹੀ ਮਾਈ ਦੇ ਲਾਲ ਹਰ ਸਮੇਂ ਸੇਵਾ ਅੰਦਰ ਜੁਟੇ ਰਹਿੰਦੇ ਹਨ। ਸਰੀਰਕ ਤੌਰ ਪਰ ਸੇਵਾ ਕਰਦੇ ਹਨ ਆਤਮਕ ਬੁੱਧੀ ਲਈ ਸਿਮਰਨ ਤੇ ਨਾਮ ਬਾਣੀ ਦਾ ਅਭਿਆਸ ਦਿਨ ਭਰ ਹੀ ਕਰਦੇ ਹਨ। ਫਿਰ ਜੇਕਰ ਅਸੀਂ ਇਹ ਧਾਨ ਉਹਨਾਂ ਨੂੰ ਕਿਸੇ ਤਰ੍ਹਾਂ ਛਕਣ ਦੀ ਆਗਿਆ ਦੇ ਦੇਵੀਏ ਤਦ, ਫਿਰ ਉਹਨਾਂ ਦੇ ਉਪਰ ਕੋਈ ਕੁੰਡਾ ਨਹੀਂ ਰਹਿ ਸਕਦਾ। ਉਹ ਹਰ ਨੀਵਾਂ ਕਰਮ ਕਰਕੇ ਫਿਰ ਸਿਮਰਨ ਦੀ ਪਵਿੱਤਰਤਾ ਨੂੰ ਭੰਗ ਕਰਨ ਦਾ ਕਾਰਨ ਬਣਨਗੇ। ਲੋੜ ਇਸ ਗੱਲ ਦੀ ਹੈ ਕਿ ਅਸੀਂ ਇਹਨਾਂ ਮਾਸੂਮਾਂ ਨੂੰ ਬਚਾਈਏ ਜੋ ਨਿਰਲੋਭ, ਨਿਰਦੋਸ਼, ਨਿਰਅਪਰਾਧ ਤੇ ਵਾਹਿਗੁਰੂ ਜੀ ਦੇ ਨਾਲ ਜੁੜਨ ਅਰਥ ਹੀ ਸੰਗਤ ਦੀ ਸੇਵਾ ਕਰਦੇ ਹਨ।

ਫਿਰ ਅਸਾਂ ਨੇ ਬਾਬਾ ਬੀਰ ਸਿੰਘ ਮਹਾਰਾਜ ਨੌਰੰਗਾਬਾਦ ਦੀ ਪਾਵਨ ਪਰੰਪਰਾ ਵੀ ਕਾਇਮ ਰਖਣੀ ਹੈ, ਜਿਨ੍ਹਾਂ ਨੇ ਸਿੰਘ ਸਾਹਿਬ ਮਹਾਰਾਜਾ ਰਣਜੀਤ ਸਿੰਘ ਪਾਸੋਂ ਲੰਗਰ ਹਿਤ ਕੋਈ ਜਾਇਦਾਦ ਲੈਣ ਤੋਂ ਇਨਕਾਰ ਕਰ ਦਿਤਾ ਸੀ ਤੇ ਫੁਰਮਾਇਆ ਸੀ। ਹੁਣ ਇਹ ਤਾਂ ਲੰਗਰ ਗੁਰੂ ਦਾ ਹੈ। ਹਰ ਕੋਈ ਦੇ ਵੀ ਜਾਂਦਾ ਹੈ, ਫਿਰ ਛਕ ਵੀ ਜਾਂਦਾ ਹੈ। ਅਸੀਂ ਤਾਂ ਦਰਮਿਆਨ ਵਿਚ ਕੇਵਲ ਮਾਤਰ ਸਾਖੀ ਰੂਪ ਸੇਵਾਦਾਰ ਹੀ ਹਾਂ। ਜੋ ਗੁਰੂ ਕੀ ਮਰਿਆਦਾ ਨੂੰ ਚਾਲੂ ਰਖਦੇ ਹਾਂ। ਬਾਕੀ ਪਕਾਣ ਖਾਣ ਤੇ ਹਰ ਸਾਮਾਨ ਭੇਜਣ ਤੇ ਕਾਇਮ ਰੱਖਣ ਦੀ ਜ਼ਿੰਮੇਵਾਰੀ ਤਾਂ ਕੇਵਲ ਮਾਤਰ ਪ੍ਰਭੂ ਦੀ ਹੀ ਹੈ ਜਿਸ ਦੀ ਸੰਗਤ ਨੇ ਪ੍ਰਸ਼ਾਦਿ ਛਕਣਾ ਹੈ।

ਸੋ ਭਾਈ ਇਹ ਲੁੱਟ ਦਾ ਧਾਨ ਅਸੀਂ ਜ਼ਹਿਰ ਜਾਣ ਕੇ ਕਿਸੇ ਵੀ ਸੰਗਤ ਦੇ ਮੂੰਹ ਪਾਣ ਨੂੰ ਤਿਆਰ ਨਹੀਂ ਹਾਂ। ਤੁਸੀਂ ਇਸ ਨੂੰ ਜਿਥੇ ਮਰਜ਼ੀ ਹੈ ਲੈ ਜਾਵੋ। ਇਸ ਲਈ ਸਾਡੇ ਅਸਥਾਨ ਅੰਦਰ ਕੋਈ ਜਗ੍ਹਾ ਨਹੀਂ।

ਇਹ ਅਨਾਜ ਬਾਹਰ ਨਹਿਰ ਦੇ ਕੰਢੇ ਢੇਰੀ ਕਰ ਦਿਤਾ ਗਿਆ ਜੋ ਇਥੇ ਪਿਆ ਹੀ ਕੁਝ ਸੜਿਆ, ਕੁਝ ਲੋੜਵੰਦ ਲੋਕ ਝੋਲੀਆਂ ਭਰ ਕੇ ਘਰਾਂ ਨੂੰ ਵੀ ਲੈ ਗਏ ਹੋਣਗੇ ਪਰ ਇਹ ਗੁਰੂ ਕੇ ਲੰਗਰ ਨੇ ਨਹੀਂ ਅਪਣਾਇਆ। ਇਸ ਸਮੇਂ ਹੀ ਪੰਥ ਦੇ ਪ੍ਰਸਿੱਧ ਆਗੂ, ਜਥੇਦਾਰ ਊਧਮ ਸਿੰਘ ਜੀ ਨੇ ਕਿਹਾ ਸੀ। ਜਿਥੇ ਅਸੀਂ ਇਹ ਮਾਣ ਕਰਦੇ ਹਾਂ ਕਿ ਅਸਾਂ ਆਪਣਾ ਘਰ ਬਦੇਸ਼ੀ ਏਜੰਟਾਂ ਤੋਂ ਸਾਫ ਕਰਵਾ ਕੇ ਇਥੇ ਨਿਰੋਲ ਹਿੰਦੂ ਸਿੰਘ ਸੰਗਠਨ ਤੇ ਫਿਰ ਬਾਹਰੋਂ ਆਏ ਹੋਏ ਪਾਕਿਸਤਾਨੋਂ ਕੱਢੇ ਹੋਏ ਸ਼ਰਨਾਰਥੀ ਭਰਾਵਾਂ ਹਿਤ ਜਗ੍ਹਾ ਬਣਾ ਲਈ ਹੈ। ਉਥੇ ਸਾਨੂੰ ਇਹ ਵੀ ਮਾਣ ਹੈ ਕਿ ਐਸੇ ਤੁਫਾਨ ਦੇ ਸਮੇਂ ਵੀ ਸੰਤ ਈਸ਼ਰ ਸਿੰਘ ਜੀ ਮਹਾਰਾਜ ਜੈਸੇ ਪ੍ਰੇਮ ਤਿਆਗੀ ਲੋਕ ਮੌਜੂਦ ਹਨ ਜਿਹਨਾਂ ਦੀ ਕਰਣੀ ਤੇ ਕਹਿਣੀ ਇਕ ਹੈ, ਜੋ ਧਰਮ ਦੇ ਉਤਮ ਤੇ ਮਹਾਨ ਧੁਰੇ ਨੂੰ ਕਾਇਮ ਰਖੀਂ ਬੈਠੇ ਹਨ। ਹਰ ਸਮੇਂ ਇਕੋ ਜਿਹੇ ਹਾਲਾਤ ਵਿਚ ਇਕੋ ਜੇਹੀ ਹੀ ਚਾਲ ਨਹੀਂ ਰਹਿੰਦੀ। ਲੁੱਟ ਮਾਰ ਤੇ ਧੱਕੇ ਲੜਈ ਦੇ ਦਿਨ ਬੜੇ ਹੀ ਥੋੜ੍ਹੇ ਸਮੇਂ ਹਿਤ ਹੁੰਦੇ ਹਨ, ਜਿਹਨਾਂ ਪਿਛੋਂ ਮਨੁੱਖ ਮੁੜ ਕੇ ਸੁਖ-ਸ਼ਾਂਤੀ ਤੇ ਉਚਤਾ ਦੀ ਤਲਾਸ਼ ਕਰਦਾ ਹੈ। ਜੇਕਰ ਲੁੱਟ ਮਾਰ ਤੇ ਧਾੜਾਂ ਦੇ ਸਮੇਂ ਵਿਚੋਂ ਸਾਰੀਆਂ ਧਾਰਮਿਕ ਸ਼ਕਤੀਆਂ ਹੀ ਹਥਿਆਰ ਸੁੱਟ ਬੈਠਣ, ਤਦ ਫਿਰ ਮੁੜ ਕੇ ਅਮਨ ਤੇ ਸ਼ਾਂਤੀ ਸਮੇਂ ਜਦੋਂ ਕਿ ਕੌਮ ਨੇ ਅਮਨ ਤੇ ਏਕਤਾ ਰਾਹੀਂ ਉਨਤੀ ਦੀਆਂ ਸਿਖਰਾਂ ਵਲ ਵਧਣਾ ਹੈ, ਜਦੋਂ ਕਿ ਕੌਮ ਨੇ ਆਪਣੇ ਅੰਦਰ ਕਲਗੀਧਰ ਪਾਤਸ਼ਾਹ ਦੀ ਬਖਸ਼ਿਸ਼ ਆਤਮ ਗਿਆਨ ਦੀ ਜੋਤੀ ਨੂੰ ਜਗਾਣਾ ਹੈ ਤਦ ਉਸ ਸਮੇਂ ਫਿਰ ਇਹ ਸ਼ਾਂਤ ਤੇ ਉਪਜਾਊ ਸੰਤ ਸਥਾਨ ਹੀ ਲੱਭਣੇ ਪੈਣੇ ਹਨ। ਜੋ ਇਹ ਵੀ ਵਾਹਿਗੁਰੂ ਜੀ ਦੀ ਮੇਹਰ ਹੀ ਜਾਣੋ ਜੋ ਇਹ ਸੰਤ ਈਸ਼ਰ ਸਿੰਘ ਜੀ ਮਹਾਰਾਜ ਜੈਸੇ ਧਰਮ ਧੁਰੰਧਰ ਬਾਹਰਲੇ ਅਸਰਾਂ ਤੋਂ ਪਰ੍ਹੇ ਹੋ ਕੇ ਸੱਤ ਨੂੰ ਪੱਲੇ ਬੰਨ੍ਹ ਕੇ ਜੀਵਨ ਦਾ ਪੰਧ ਸਫਲਤਾ ਸਹਿਤ ਮੁਕਾ ਰਹੇ ਹਨ। ਇਹਨਾਂ ਦੀ ਸੰਗਤ ਕਰਕੇ ਹੀ ਲੋਕਾਂ ਨੂੰ ਸਤਿ ਚਿਤ ਅਨੰਦ ਸਰੂਪ ਵਾਹਿਗੁਰੂ ਜੀ ਦੇ ਚਰਨਾਂ ਨਾਲ ਜੁੜਨ ਦਾ ਸੁਭਾਗ ਸਮਾਂ ਪ੍ਰਾਪਤ ਹੁੰਦਾ ਹੈ। ਇਹੀ ਉਹ ਲੋਕ ਹਨ ਜੋ ਅਸਲ ਵਿਚ ਧਰਮ ਦੀਆਂ ਜੋਤਾਂ ਨੂੰ ਹਰ ਸਮੇਂ ਹੀ ਜਗਾਈ ਰਖਦੇ ਹਨ।

## ਅੰਮ੍ਰਿਤ ਪ੍ਰਚਾਰ

ਸੰਤ ਈਸ਼ਰ ਸਿੰਘ ਜੀ ਮਹਾਰਾਜ ਦਾ ਮੁਖ ਉਪਦੇਸ਼

ਲੋਕਾਂ ਨੂੰ ਨਾਮ ਬਾਣੀ ਦਾ ਉਪਦੇਸ਼ ਤੇ ਫਿਰ ਅੰਮ੍ਰਿਤ ਪਾਨ ਕਰਾ ਕੇ ਗੁਰੂ ਨਾਲ ਜੋੜਨਾ ਹੈ। ਉਹਨਾਂ ਨੇ ਜਿਸ ਦਿਨ ਤੋਂ ਖੁਲ੍ਹੇ ਦੀਵਾਨ ਆਰੰਭ ਕੀਤੇ ਹਨ, ਹਰ ਸਮੇਂ ਕੇਵਲ ਇਕ ਅਪੀਲ ਲੋਕਾਂ ਅੱਗੇ ਕਰਦੇ ਹਨ ਕਿ ਉਹ ਨਾਮ ਬਾਣੀ ਦੇ ਅਭਿਆਸੀ ਬਣਨ। ਨਸ਼ਿਆਂ ਦਾ ਤੇ ਖਾਸ ਕਰ ਸ਼ਰਾਬ ਦਾ ਪ੍ਰੀਤਿਆਗ ਕਰਨ। ਪਹਿਲਾਂ-ਪਹਿਲਾਂ ਤਾਂ ਸੰਤ ਜੀ ਮਹਾਰਜ ਦੀ ਇਹ ਕਈ ਸਾਲ ਧਾਰਣਾ ਰਹੀ ਸੀ ਕਿ ਉਹ ਪ੍ਰਸ਼ਾਦਿ ਹੀ ਉਸ ਆਦਮੀ ਦਾ ਗ੍ਰਹਿਣ ਕਰਦੇ ਸਨ ਜੋ ਪ੍ਰਣ ਲਵੇ ਕਿ ਉਹ ਅੱਗੇ ਨੂੰ ਸ਼ਰਾਬ ਨਹੀਂ ਪੀਵੇਗਾ। ਸੰਤ ਜੀ ਮਹਾਰਾਜ ਇਹ ਵਿਸ਼ਵਾਸ਼ ਰਖਦੇ ਸਨ ਕਿ ਜੋ ਆਦਮੀ ਸ਼ਰਾਬ ਨਹੀਂ ਪੀਂਦਾ, ਉਹ ਅੱਧੇ ਤੋਂ ਵੱਧ ਐਬਾਂ ਤੋਂ ਆਪ ਹੀ ਬਚ ਜਾਂਦਾ ਹੈ। ਸ਼ਰਾਬ ਸੌ ਖਰਾਬੀਆਂ ਦਾ ਮੂਲ ਹੈ। ਇਸ ਨਾਲ ਮਨੁੱਖ ਦਾ ਮਨ ਵਿਕਾਰੀ ਤੇ ਹੰਕਾਰੀ ਹੋ ਕੇ ਖਾਹਮ-ਖਾਹ ਹੀ ਲੋਕਾਂ ਨਾਲ ਧੱਕੇ ਕਰਦਾ ਫਿਰਦਾ ਹੈ। ਜੋ ਕਦੇ ਵੀ ਉਪਾਧੀ ਨਾ ਕਰੇ, ਉਹ ਸ਼ਰਾਬ ਪੀਣ ਉਪਰੰਤ ਕਰ ਬਹੇਗਾ।

ਸੋ ਜੇਕਰ ਮਨ ਨੂੰ ਕਰਮਬੱਧ ਤੇ ਨਿਯਮਬੱਧ ਕਰ ਲਵੀਏ ਤਦ ਸਤਿਗੁਰਾਂ ਦੇ ਡਰ ਕਰਕੇ ਫਿਰ ਮਨ ਦੀ ਭਾਵਨਾ ਕਰਕੇ ਉਤਮ ਗੁਣਾਂ ਦੇ ਧਾਰਣੀ ਹੋ ਸਕਣ ਦੀ ਆਸ਼ਾ ਕੀਤੀ ਜਾ ਸਕਦੀ ਹੈ। ਉਹ ਇਹ ਪ੍ਰਪੱਕ ਨਿਸਚਾ ਕਰਦੇ ਹਨ ਕਿ ਹਰ ਕਿਸੇ ਨੂੰ ਗੁਰੂ ਵਾਲਾ ਹੋਣਾ ਲੋੜੀਦਾ ਹੈ ਤੇ ਸਿੱਖੀ ਅੰਦਰ ਸਵਾਏ ਅੰਮ੍ਰਿਤਪਾਨ ਕਰਨ ਦੇ ਕੋਈ ਪ੍ਰਾਣੀ ਵੀ ਹੋਰ ਕਿਸੇ ਢੰਗ ਨਾਲ ਗੁਰੂ ਵਾਲਾ ਨਹੀਂ ਹੋ ਸਕਦਾ। ਸਿੱਖੀ ਅੰਦਰ ਹੀ ਕਈ ਸੰਪਰਦਾਵਾਂ ਤਾਂ ਮੰਤਰ ਕੰਨ ਅੰਦਰ ਦੇ ਕੇ ਜਾਂ ਫਿਰ ਚਰਨਾਂ ਦਾ ਪਾਣੀ ਪਿਲਾ ਕੇ ਸਿੱਖ ਬਣਾ ਲੈਂਦੀਆ ਹਨ, ਪਰ ਇਹ ਗੁਰੂ ਖਾਲਸਾ ਪੰਥ ਦੀ ਪਰੰਪਰਾ ਤੇ ਸ੍ਰੀ ਕਲਗੀਧਰ ਪਾਤਸ਼ਾਹ ਦੇ ਤੋਰੇ ਹੋਏ ਪੰਥਕ ਅਸੂਲਾਂ ਦੇ ਹੀ ਬਿਲਕੁਲ ਉਲਟ ਹੈ। ਕਲਗੀਧਰ ਪਾਤਸ਼ਾਹ ਦੇ ਬੇੜੇ ਪਰ ਸਵਾਰ ਹੋਣ ਦਾ ਇਕੋ ਹੀ ਢੰਗ ਹੈ ਤੇ ਉਹ ਹੈ ਪੰਜਾਂ ਪਿਆਰਿਆਂ ਪਾਸੋਂ ਅੰਮ੍ਰਿਤ ਪਾਨ ਕਰਨਾ। ਹਰ ਦੀਵਾਨ ਦੀ ਸਮਾਪਤੀ ਪਿਛੋਂ ਅੰਮ੍ਰਿਤ ਪ੍ਰਚਾਰ ਸੰਤ ਜੀ ਮਹਾਰਾਜ ਦੇ ਤਿਆਰ ਬਰ ਤਿਆਰ ਸਾਥੀ ਕਰਦੇ ਹਨ। ਫਿਰ ਇਹ ਹਰ ਦੀਵਾਨ ਦਾ ਨਚੋੜ ਹੀ ਸਮਝੋ ਕਿ ਹਜ਼ਾਰਾਂ ਪ੍ਰਾਣੀ ਹਰ ਸਾਲ ਹੀ ਸਤਿਗੁਰਾਂ ਦੀ ਸਿਖੀ ਅੰਦਰ ਨਵੇਂ ਸ਼ਾਮਲ ਹੁੰਦੇ ਹਨ। ਗਿਆਨੀ ਬਾਦਲ ਸਿੰਘ ਜੋ ਬਹੁਤ ਸਮਾਂ ਤਕ ਯੂ.ਪੀ ਸਿੱਖ ਮਿਸ਼ਨ ਦੇ ਇੰਚਾਰਜ ਰਹੇ, ਜਿਨ੍ਹਾਂ ਨੇ ਬਹੁਤ ਹੀ ਪਹਿਲਾਂ ਇਸ ਕਾਰਜ ਨੂੰ ਸਿਰੇ ਚੜ੍ਹਾਇਆ ਤੇ ਕਈ ਹਜ਼ਾਰ ਪ੍ਰਾਣੀ ਸਿੰਘ ਸਜਾਏ ਹੋਣਗੇ ਤੇ ਹਾਪੜ ਦੀਵਾਨ ਸਮੇਂ ਇਹ ਗੱਲ ਕਹੀ ਸੀ, ਮੈਂ ਦਾਹਵੇ ਨਾਲ ਇਹ ਗੱਲ ਕਹਿ ਸਕਦਾ ਹਾਂ ਕਿ ਇਕ ਹਜ਼ਾਰ ਸਾਡੇ ਵਰਗੇ ਪ੍ਰਚਾਰਕ ਇਕ ਸਾਲ ਪੂਰੀ ਮਿਹਨਤ ਕਰਕੇ ਜਿੰਨੇ ਲੋਕਾਂ ਨੂੰ ਅੰਮ੍ਰਿਤ ਪਾਨ ਕਰਾ ਕੇ ਸਤਿਗੁਰਾਂ ਦੇ ਨਾਮ ਲੇਵਾ ਬਣਨ ਲਈ ਤਿਆਰ ਨਹੀਂ ਕਰ ਸਕਦੇ ਜਿਤਨੇ ਕਿ ਸੰਤ ਈਸ਼ਰ ਸਿੰਘ ਜੀ ਮਹਾਰਾਜ ਦੇ ਇਕੋ ਹੀ ਪ੍ਰਚਾਰ ਦਾ ਸਦਕਾ ਲੋਕ ਅੰਮ੍ਰਿਤ ਪਾਨ ਕਰਕੇ ਸਿੱਖੀ ਧਾਰਨ ਕਰਦੇ ਹਨ। ਅਸੀਂ ਪ੍ਰਚਾਰ ਬਾਹਰੋਂ ਕਰਦੇ ਹਾਂ ਤੇ ਹਰ ਇਕ ਆਦਮੀ ਇਹ ਜਾਣਦਾ ਹੈ ਕਿ ਇਹ ਨੌਕਰ ਹੋ ਕੇ ਲੋਕਾਂ ਨੂੰ ਇਸ ਕਾਰਜ ਲਈ ਪ੍ਰੇਰਨਾ ਕਰਦਾ ਹੈ। ਪਰ ਇਹ ਪਰਮ ਸੰਤ ਜਦੋਂ ਹਰੀ ਕੀਰਤਨ ਕਰਕੇ ਫਿਰ ਹਰੀ ਸਿਮਰਨ ਦੀਆਂ ਲਹਿਰਾਂ ਪੈਦਾ ਕਰਦੇ ਹਨ। ਉਸ ਨੂੰ ਸੁਣ ਕੇ ਆਮ ਸੰਸਾਰ ਦੀ ਗਰਮੀ ਤਪਸ਼ ਤੇ ਵਿਕਾਰਾਂ ਦਾ ਮਾਰਿਆ ਹੋਇਆ ਮਨੁੱਖ ਉਸ ਕੀਰਤਨ ਤੋਂ ਸ਼ਾਂਤ ਹੋ ਕੇ ਸਦੀਵੀ ਸੁਖ ਦੀ ਤਲਾਸ਼ ਹਿਤ ਮਹਾਂਪੁਰਖਾਂ ਵਲ ਨੂੰ ਭਜਦਾ ਹੈ, ਮਹਾਂਪੁਰਖ ਉਸ ਸਦੀਵੀ ਸ਼ਾਂਤੀ ਦੀ ਭਾਲ ਕਰਨਹਾਰੇ ਮਨੁੱਖ ਨੂੰ ਕਲਗੀ ਵਾਲੇ ਗੁਰੂ ਦੇ ਲੜ ਲਗਣ ਦੀ ਪ੍ਰੇਰਨਾ ਕਰਦੇ ਹਨ ਤੇ ਸਵਾਏ ਅੰਮ੍ਰਿਤਪਾਨ ਕਰਨ ਦੇ ਹੋਰ ਕਿਧਰੋਂ ਅਸਲ ਸੁਖ ਨਹੀਂ ਦਸਦੇ, ਤਦ ਉਹ ਸਿਰ ਨਿਵਾ ਕੇ ਹੀ ਸਤਿਗੁਰਾਂ ਦੀ ਸ਼ਰਣ ਗ੍ਰਹਿਣ ਕਰਦਾ ਹੈ। ਇਸ ਢੰਗ ਨਾਲ ਸੰਤ ਜੀ ਮਹਾਰਾਜ ਨੇ ਸਿਖੀ ਦਾ ਪ੍ਰਚਾਰ ਕੀਤਾ ਹੈ, ਉਸ ਦੀ ਮਿਸਾਲ ਕਿਸੇ ਵੀ ਇਕ ਵਿਅਕਤੀ ਨਾਲ ਨਹੀਂ ਦਿਤੀ ਜਾ ਸਕਦੀ।

ਪਿਛਲੇ ਚਾਲ੍ਹੀ ਸਾਲ ਤੋਂ ਤਕਰੀਬਨ ਹਰ ਮਹੀਨੇ ਤੇ ਕਈ ਵਾਰੀ ਮਹੀਨੇ ਵਿਚ ਚਾਰ ਵਾਰੀ ਅੰਮ੍ਰਿਤ ਦੀ ਦਾਤ ਲੋਕਾਂ ਨੂੰ ਪ੍ਰਾਪਤ ਹੁੰਦੀ ਹੈ। ਉਸ ਅੰਦਰ ਕੋਈ ਸੌ-ਸੌ ਦੋ-ਦੋ ਸੌ ਤਕ ਪ੍ਰਾਣੀ ਅੰਮ੍ਰਿਤ ਪਾਨ ਕਰਦੇ ਹਨ। ਕਿਸੇ ਵੀ ਦੀਵਾਨ ਦੀ ਸਫਲਤਾ ਦਾ ਅੰਦਾਜ਼ਾ ਇਸੇ ਹੀ ਗਲ ਤੋਂ ਲਗਾਇਆ ਜਾਂਦਾ ਹੈ ਕਿ ਉਥੇ ਕਿਤਨੇ ਪ੍ਰਾਣੀਆਂ ਨੇ ਅੰਮ੍ਰਿਤ ਪਾਨ ਕੀਤਾ ਹੈ। ਸੰਤ ਜੀ ਮਹਾਰਾਜ ਦੇ ਉਹਨਾਂ ਸਾਥੀਆਂ ਤੋਂ ਜੋ ਅੱਜਕਲ੍ਹ ਜਥੇ ਨਾਲ ਹਨ ਤੇ ਅੰਮ੍ਰਿਤ ਪ੍ਰਚਾਰ ਵਿਚ ਹਿੱਸੇਦਾਰ ਬਣਦੇ ਹਨ। ਪਿਛਲੇ ਦਸਾਂ ਸਾਲਾਂ ਅੰਦਰ ਹੀ ਜੋ 8 ਮਾਘ ਭਾਵ ਜਨਵਰੀ 1970 ਨੂੰ ਹੀ ਖਤਮ ਹੋਏ, ਦੋ ਲੱਖ ਸੱਤਰ ਹਜ਼ਾਰ ਪ੍ਰਾਣੀਆਂ ਨੇ ਅੰਮ੍ਰਿਤ ਪਾਨ ਕੀਤਾ ਹੈ।

ਸੰਤ ਜੀ ਮਹਾਰਾਜ ਦੇ ਜਥੇ ਪਾਸੋਂ ਅੰਮ੍ਰਿਤ ਪਾਨ ਕਰਨ ਦਾ ਇਕ ਵਾਧਾ ਹੋਰ ਵੀ ਹੈ ਕਿ ਉਹ ਹਰ ਪ੍ਰਾਣੀ ਨੂੰ ਜੋ ਅੰਮ੍ਰਿਤ ਦਾ ਧਾਰਣੀਯ ਹੈ, ਨਸ਼ਿਆਂ ਤੋਂ ਬਚਣ ਤੇ ਫਿਰ ਮਾਸ ਸ਼ਰਾਬ ਤੋਂ ਬਚਣ ਦੀ ਖਾਸ ਹਦਾਇਤਾ ਕਰਦੇ ਹਨ। ਆਪ ਜੀ ਦਾ ਵਿਚਾਰ ਹੈ ਕਿ ਖੁਰਾਕ ਉਹ ਖਾਣੀ ਚਾਹੀਦੀ ਹੈ ਜੋ ਮਨੁੱਖ ਨੂੰ ਤਾਮਸੀ ਤੇ ਵਿਕਾਰੀ ਨਾ ਬਣਾਵੇ। ਇਹ ਗਲਤ ਹੈ ਕਿ ਕੇਵਲ ਮਾਸ ਅਹਾਰੀ ਦੀ ਹੀ ਸਿਹਤ ਠੀਕ ਰਹਿ ਸਕਦੀ ਹੈ। ਸਗੋਂ ਉਹ ਅਹਾਰ ਮਿਹਦਾ ਤੇ ਸਰੀਰਕ ਰੋਗ ਪੈਦਾ ਕਰਨ ਹਿਤ ਬਹੁਤਾ ਸਹਾਈ ਹੁੰਦਾ ਹੈ। ਇਸ ਦੇ ਨਾਲ ਦੂਸਰੀ ਖੁਰਾਕ ਜੋ ਸਬਜ਼ੀ ਫਲਾਂ ਤੇ ਦੁੱਧ ਘਿਉ ਦੀ ਹੈ ਨਾਲ ਸਰੀਰਕ ਬਲ ਵੀ ਵਧਦਾ ਹੈ ਤੇ ਬੁੱਧੀ ਅੰਦਰ ਨਿਰਮਲ ਵਿਚਾਰ ਵੀ ਪ੍ਰਬਲ ਹੁੰਦੇ ਹਨ।

ਸੋ ਸੱਚ ਕਰਣੀ ਤੇ ਸੱਚੀ ਰਹਿਤ ਹੀ ਕਿਸੇ ਉਤਮ ਮਨੁੱਖ ਦੀ ਪਹਿਚਾਣ ਹੈ। ਮਹਾਪੁਰਖ ਇਸ ਦੀ ਕੇਵਲ ਇਕੋ ਹੀ ਪਹਿਚਾਣ ਰਖਦੇ ਹਨ ਕਿ ਉਹ ਅੰਮ੍ਰਿਤਧਾਰੀ ਹੋ ਕੇ ਫਿਰ ਨਾਮ ਬਾਣੀ ਦਾ ਅਭਿਆਸੀ ਹੈ ਕਿ ਨਹੀਂ।

ਸੰਤ ਜੀ ਮਹਾਰਾਜ ਉਸ ਜਮਾਤ ਨਾਲ ਦੂਰ ਦਾ ਵੀ ਵਾਸਤਾ ਨਹੀਂ ਰਖਦੇ ਜੋ ਸਿੱਖੀ ਤੋਂ ਪਰ੍ਹੇ ਹੈ। ਇਕ ਵਾਰੀ ਇਕ ਸੰਪਰਦਾਏ ਦਾ ਅਖਾੜਾ ਡੇਰੇ ਆ ਗਿਆ। ਇਹਨਾਂ ਨੇ ਬਾਹਰ ਹੀ ਡੇਰੇ ਲਗਾ ਦਿਤੇ ਤੇ ਸੰਤ ਜੀ ਮਹਾਰਾਜ ਨੂੰ ਇਹ ਖਬਰ ਪੁਚਾਈ ਕਿ ਅਸੀਂ ਆਏ ਹਾਂ। ਸੋ ਤੁਸੀਂ ਸਵਾਗਤ ਹਿਤ ਪੁਜੋ। ਸੰਤ ਕਿਸ਼ਨ ਸਿੰਘ ਮਹਾਰਾਜ ਨੇ ਜੋ ਡੇਰੇ ਦੀ ਆਤਮਾ ਹਨ ਤੇ ਸਾਰਾ ਇੰਤਜ਼ਾਮ ਕਰਦੇ ਹਨ, ਨੇ ਉਹਨਾਂ ਨੂੰ ਬਿਸਰਾਮ ਕਰਨ ਤੇ ਪ੍ਰਸ਼ਾਦ ਲੰਗਰ ਵਿਚੋਂ ਲੈਣ ਲਈ ਕਿਹਾ। ਅੱਗੋਂ ਉਹ ਵੀ ਤਕੜੇ ਸਨ, ਉਨ੍ਹਾਂ ਨੇ ਸਾਫ ਕਿਹਾ, ਤਕੋ ਸੰਤ ਜੀ ਇਹ ਬਾਬਾ ਕਰਮ ਸਿੰਘ ਜੀ ਦੇ ਸੇਵਕਾਂ ਦਾ ਡੇਰਾ ਹੈ। ਇਥੇ ਆ ਕੇ ਸਾਡਾ ਹੱਕ ਹੈ ਕਿ ਅਸੀਂ ਪੂਰੀ ਤਰ੍ਹਾਂ ਨਾਲ ਤੁਹਾਥੋਂ ਪੂਜਾ ਵਿਧਾਨ ਅਨੁਸਾਰ

ਲਵੀਏ ਤੇ ਫਿਰ ਨਾਲ ਹੀ ਪੱਕੇ ਭੰਡਾਰੇ ਲਈ ਵੀ ਕਹੀਏ।

ਸੰਤ ਕਿਸ਼ਨ ਸਿੰਘ ਜੀ ਨੇ ਹੱਸ ਕੇ ਕਿਹਾ, ਦੇਖੋ, ਸੰਤ ਜੀ ਇਹ ਤਿਆਰ ਬਰ ਤਿਆਰ ਸਿੰਘਾਂ ਦਾ ਡੇਰਾ ਹੈ। ਇਥੇ ਪ੍ਰਧਾਨਤਾ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਦੀ ਹੀ ਹੈ। ਅਸੀਂ ਤਾਂ ਅੰਮ੍ਰਿਤਧਾਰੀ ਰਹਿਤ ਮਰਿਯਾਦਾ ਅਨੁਸਾਰ ਜੀਵਨ ਬਸਰ ਕਰਦੇ ਹਾਂ। ਕਿਸੇ ਢਿੱਲੇ ਮੱਠੇ ਨਾਲ ਸਾਡਾ ਕੋਈ ਵੀ ਵਾਸਤਾ ਨਹੀਂ ਹੈ। ਤੁਸੀਂ ਮਿਹਰਬਾਨੀ ਕਰਕੇ ਪ੍ਰਸ਼ਾਦਿ ਲੰਗਰ ਵਿਚ ਛਕ ਸਕਦੇ ਹੋ। ਬਾਕੀ ਕੱਚਾ ਭੰਡਾਰਾ ਅਸੀਂ ਕਦੇ ਕਰਦੇ ਹੀ ਨਹੀਂ। ਉਹ ਸਦਾ ਹੀ ਪੱਕ ਕੇ ਸੰਗਤਾਂ ਨੂੰ ਵਰਤਦਾ ਹੈ, ਤੁਸੀਂ ਵੀ ਛਕ ਸਕਦੇ ਹੋ। ਉਹਨਾਂ ਸਾਧੂਆਂ ਦੇ ਇਕ ਆਗੂ ਨੇ ਕਿਹਾ, ਪੱਕੇ ਭੰਡਾਰੇ ਦਾ ਅਰਥ ਤਲਿਆ ਹੋਇਆ ਪਕਵਾਨ ਹੈ ਜੋ ਕਿ ਹਰ ਡੇਰੇ ਦੇ ਮਹੰਤ ਸਾਨੂੰ ਦਿੰਦੇ ਹਨ। ਤੁਹਾਡਾ ਵੀ ਫਰਜ਼ ਹੈ ਕਿ ਡੇਰੇ ਵਲੋਂ ਅਖਾੜੇ ਦੀ ਕਾਰ ਭੇਟ ਵੀ ਹਾਜ਼ਰ ਕਰੋ ਤੇ ਮਾਹਲ ਪੂੜੇ ਵੀ ਤਿਆਰ ਕਰਵਾ ਕੇ ਛਕਾਉ।

ਛੋਟੇ ਮਹਾਰਾਜ ਜੀ ਫਿਰ ਖਿੜ ਖਿੜਾ ਕੇ ਹੱਸ ਪਏ ਤੇ ਫੁਰਮਾਇਆ। ਅਸੀਂ ਪ੍ਰਸ਼ਾਦਿ ਹਰ ਪ੍ਰਾਣੀ ਨੂੰ ਇਕੋ ਹੀ ਜਿਹਾ ਦਿੰਦੇ ਹਾਂ। ਕੋਈ ਤਫਰਕਾ ਨਹੀਂ ਰਖਦੇ ਤੇ ਪੂਜਾ ਕੇਵਲ ਅਕਾਲ ਪੁਰਖ ਦੀ ਹੀ ਕਰਦੇ ਹਾਂ, ਅਸੀਂ ਤਾਂ ਹਰ ਸੇਵਕ ਨੂੰ ਅੰਮ੍ਰਿਤਧਾਰੀ ਤਿਆਰ ਬਰ ਤਿਆਰ ਬਣਾ ਕੇ ਰੱਖਣਾ ਹੈ। ਫਿਰ ਜੇਕਰ ਤੁਹਾਡੀ ਪੂਜਾ ਕਰੀਏ ਤਦ ਉਹ ਸਾਡੀ ਸਾਰੀ ਕਾਰਵਾਈ ਨੂੰ ਜੋ ਰੋਜ਼ ਹੀ ਇਥੇ ਵਰਤਦੀ ਹੈ, ਉਸ ਕਰਮ ਨੂੰ ਜੋ ਅਸੀਂ ਜੀਵਨ ਸੁਧਾਰ ਤੇ ਆਤਮ ਕਲਿਆਣ ਹਿਤ ਸਾਰੀ ਦੁਨੀਆਂ ਨੂੰ ਦਿੰਦੇ ਹਾਂ, ਉਹ ਸਾਰੀ ਹੀ ਝੂਠੀ ਤੇ ਗਲਤ ਹੋ ਕੇ ਰਹਿ ਜਾਏਗੀ। ਸੋ ਤੁਸੀਂ ਪ੍ਰਸ਼ਾਦਿ ਪਾਣੀ ਛਕੋ, ਆਰਾਮ ਕਰੋ ਤੇ ਫਿਰ ਜਿਸ ਵਕਤ ਵੀ ਤੁਸੀਂ ਠੀਕ ਸਮਝੋ, ਅੱਗੇ ਨੂੰ ਚਲੇ ਜਾਣਾ। ਇਸ ਕਰਮਸਰ ਦੀ ਕਰਮ ਮਹਿਰਾਮਤ ਤਾਂ ਹਰ ਸਮੇਂ ਹਰ ਪ੍ਰਾਣੀ ਲਈ ਇਕੋ ਜਿਹੀ ਹੈ। ਫਿਰ ਜੇਕਰ ਲੰਗੋਟੀ ਵਾਲੇ ਲੋਕਾਂ ਦੀ ਹੀ ਅਸਾਂ ਗੁਰੂ ਜਾਣ ਕੇ ਪੂਜਾ ਕਰ ਦਿਤੀ, ਤਦ ਸਾਡੇ ਭੋਲੇ ਭਾਲੇ ਤੇ ਸਿੱਧੇ ਸਾਦੇ ਸਾਧੂ ਜੋ ਕਿ ਸਿੱਖੀ ਅਨੁਸਾਰ ਆਪਣੀ ਜੀਵਨ ਬਸਰ ਕਰਦੇ ਹਨ, ਹਿਰਦੇ ਅੰਦਰ ਨਾਮ ਹੈ ਤੇ ਫਿਰ ਮਿੱਟੀ ਨਾਲ ਮਿੱਟੀ ਹੋ ਕੇ ਸੇਵਾ ਕਰਕੇ ਹੀ ਆਪਣਾ ਜੀਵਨ ਉਤਮ ਬਨਾਣਾ ਚਾਹੁੰਦੇ ਹਨ, ਤੁਹਾਡੀ ਪੂਜਾ ਹੁੰਦੀ ਤਕ ਕੇ ਉਹ ਵੀ ਫਿਰ ਤੁਹਾਡੇ ਵਰਗੇ ਹੋ ਜਾਣਗੇ। ਫਿਰ ਕੌਣ ਪੰਜ ਪਿਆਰਿਆਂ ਤੋਂ ਅੰਮ੍ਰਿਤ ਪਾਨ ਕਰਕੇ ਇਹ ਰਹਿਤ ਮਰਿਯਾਦਾ ਤੇ ਕਰਮ ਬੰਧ ਜੀਵਨ ਬਸਰ ਕਰੇਗਾ।

ਗੱਲ ਸਪੱਸ਼ਟ ਹੈ ਕਿ ਸੰਤ ਈਸ਼ਰ ਸਿੰਘ ਤੇ ਸੰਤ ਕਿਸ਼ਨ ਸਿੰਘ ਜੀ ਮਹਾਰਾਜ ਦਾ ਆਦਰਸ਼ ਸਾਫ ਹੈ ਕਿ ਉਹ ਲੋਕਾਂ ਅੰਦਰ ਨਿਰੋਲ ਸਿੱਖੀ ਨੂੰ ਹੀ ਪ੍ਰਚਾਰਨਾ ਚਾਹੁੰਦੇ ਹਨ। ਸੰਤ ਈਸ਼ਰ ਸਿੰਘ ਜੀ ਮਹਾਰਾਜ ਜਦੋਂ 1952 ਵਿਚ ਅਫਰੀਕਾ ਗਏ, ਉਥੇ ਕੀਰਤਨ ਦੇ ਨਾਲ ਹੀ ਅੰਮ੍ਰਿਤ ਪ੍ਰਚਾਰ ਦਾ ਚੱਕਰ ਪੂਰੇ ਜ਼ੋਰ ਨਾਲ ਚਲਾਇਆ। ਅਫਰੀਕਾ ਤੋਂ ਆਏ ਹੋਏ ਇਕ ਸੱਜਣ ਨੇ ਮੈਨੂੰ ਦੱਸਿਆ ਜੋ ਕਿ ਅੰਮ੍ਰਿਤਸਰ ਸ਼ਹਿਰ ਦੇ ਰਹਿਣ ਵਾਲਾ ਤੇ ਮਿਸਤਰੀ ਸਿੰਘ ਸੀ ਤੇ ਬਹੁਤ ਦੇਰ ਤੋਂ ਉਥੇ ਹੀ ਹੈ। ਮੈਂ ਪਿਛਲੇ ਤੀਹ ਸਾਲ ਤੋਂ ਨਿਰੋਬੀ ਹੀ ਰਹਿੰਦਾ ਹਾਂ, ਪੰਜਾਬ ਅੰਦਰੋਂ ਅਨੇਕਾਂ ਮਹਾਤਮਾ ਤੇ ਸੰਤ ਸਾਧ ਅਫਰੀਕਾ ਗਏ ਹਨ। ਨਾਮਧਾਰੀ ਮਹਾਤਮਾ ਪ੍ਰਤਾਪ ਸਿੰਘ ਜੀ ਦੇ ਦਰਸ਼ਨ ਵੀ ਹੋਏ ਹਨ। ਪਰ ਜੋ ਨਾਮ ਬਾਣੀ ਦਾ ਪ੍ਰਵਾਹ ਤੇ ਅੰਮ੍ਰਿਤ ਦੀ ਦਾਤ ਦੇ ਛੱਟੇ ਸੰਤ ਈਸ਼ਰ ਸਿੰਘ ਜੀ ਮਹਾਰਾਜ ਨੇ ਮਾਰੇ ਹਨ, ਉਹ ਹਰ ਇਕ ਦੇ ਵਸ ਦਾ ਰੋਗ ਨਹੀਂ। ਉਹਨਾਂ ਕਈ ਘਰਾਣਿਆਂ ਨੂੰ ਜੋ ਸਿੱਖੀ ਤੋਂ ਦੂਰ ਚਲੇ ਗਏ ਸਨ ਫਿਰ ਤੋਂ ਅੰਮ੍ਰਿਤਪਾਨ ਕਰਾਇਆ। ਨਿਰੋਬੀ ਅੰਦਰ ਹੀ ਸਰਦਾਰ ਚੰਨਣ ਸਿੰਘ ਜੀ ਰਹਿੰਦੇ ਸਨ, ਉਹਨਾਂ ਦੇ ਗ੍ਰਹਿ ਵਿਖੇ ਹੀ ਸੰਤ ਜੀ ਮਹਾਰਾਜ ਦਾ ਨਿਵਾਸ ਸਥਾਨ ਸੀ। ਸੈਂਕੜੇ ਪ੍ਰਾਣੀ ਰੋਜ਼ ਹੀ ਸਿਮਰਨ ਵਿਚ ਲਗਣ ਤੇ ਹਰੀ ਨਾਮ ਦੀ ਦਾਤ ਹਾਸਲ ਕਰਨ ਨੂੰ ਹਾਜ਼ਰ ਹੁੰਦੇ ਸਨ। ਸਭ ਤੋਂ ਵੱਡੀ ਗੱਲ ਜੋ ਕਿ ਸੰਤ ਜੀ ਮਹਾਰਾਜ ਵਿਚ ਲੋਕਾਂ ਨਾਲੋਂ ਵਖਰੀ ਖਿੱਚ ਸੀ, ਜੋ ਹਰ ਕਿਸੇ ਨੂੰ ਆਪਣਾ ਗਰਵੀਦਾ ਬਣਾਂਦੀ ਸੀ, ਉਹਨਾਂ ਦੇ ਰਸੀਲੇ ਗਲੇ ਤੋਂ ਇਲਾਹੀ ਕੀਰਤਨ, ਤਿਆਗ, ਤਪ ਤੇ ਸਾਧਨ ਰੋਜ਼ਾਨਾ ਹੀ ਪ੍ਰਗਟਾਂਦਾ ਹੋਇਆ ਸੰਤ ਮਾਰਗ ਦਾ ਉਪਦੇਸ਼ ਸੀ। ਫਿਰ ਹਰ ਇਕ ਨੂੰ ਕਲਗੀਧਰ ਦੇ ਸੇਵਕ ਤੇ ਉਹਨਾਂ ਤੋਂ ਹੀ ਗਿਆਨ ਜੋਤ ਦੀ ਮੰਗ ਕਰਨ ਦੀ ਪ੍ਰੇਰਨਾ ਸੀ। ਇਹਨਾਂ ਗੁਣਾਂ ਤੋਂ ਬਿਨਾਂ ਇਕ ਵੱਡੀ ਗੱਲ ਹੋਰ ਸੀ ਜੋ ਕਿ ਹਰ ਇਕ ਨੂੰ ਹੀ ਆਪਣੇ ਵਲ ਖਿੱਚਣ ਦਾ ਕਾਰਣ ਸੀ। ਉਹ ਸੀ ਆਪ ਜੀ ਦਾ ਕੋਈ ਅਪੀਲ ਨਾ ਕਰਨਾ। ਉਸ ਸਮੇਂ ਕਰਮਸਰ ਹਾਈ ਸਕੂਲ ਦੀ ਬਿਲਡਿੰਗ ਬਣ ਰਹੀ ਸੀ। ਬਹੁਤ ਸਾਰੇ ਸੱਜਣ ਇਹੀ ਸਮਝਦੇ ਸਨ ਕਿ ਸੰਤ ਜੀ ਮਹਾਰਾਜ ਇਸੇ ਹੀ ਕਾਰਜ ਲਈ ਉਗਰਾਹੀ ਕਰਨ ਅਫਰੀਕਾ ਗਏ ਹਨ। ਪਰ ਜਦੋਂ ਉਥੋਂ ਦੀਆਂ ਸੰਗਤਾਂ ਨੇ ਇਸ ਕੰਮ ਲਈ ਅਪੀਲ ਕਰਨ ਦੀ ਰਾਏ ਦਿਤੀ ਤਦ ਆਪ ਨੇ ਸਾਫ ਹੀ ਕਹਿ ਦਿਤਾ – ਅਸਾਂ ਕਿਸੇ ਵੀ ਕੀਮਤ ਤੇ ਵੱਡਿਆਂ ਦਾ ਇਹ ਪ੍ਰਣ ਨਹੀਂ ਤੋੜਨਾ, ਮੰਗਣ ਨਹੀਂ ਜਾਣ ਦਾ ਨਿਯਮ ਨਹੀਂ ਤੋੜਨਾ ਤੇ ਸ਼ਰਨ ਆਇਆਂ ਦੀ ਪ੍ਰਤਿਪਾਲਨਾ ਕਰਨੀ ਹੈ।

ਇਸ ਤਰ੍ਹਾਂ ਸੰਤ ਜੀ ਮਹਾਰਾਜ ਨਾਮ ਬਾਣੀ ਦਾ ਚੱਕਰ ਚਲਾ ਕੇ ਅਫਰੀਕਾ ਤੋਂ ਵਾਪਸ ਆਏ। ਸਰਦਾਰ ਚੰਨਣ ਸਿੰਘ ਜੀ ਦੇ ਗ੍ਰਹਿ ਵਿਖੇ ਸੰਤ ਮਹਾਰਾਜ ਨੇ ਨਿਰੋਬੀ ਨਿਵਾਸ ਕੀਤਾ ਸੀ। ਉਥੇ ਹੀ ਮਹਾਰਾਜ ਪ੍ਰਤਾਪ ਸਿੰਘ ਜੀ ਟਿਕੇ ਸਨ। ਫਿਰ ਉਹ ਉਸ ਜਗ੍ਹਾ ਤੋਂ ਤੁਰਨ ਲੱਗੇ ਤਦ ਹੱਸ ਕੇ ਕਹਿਣ ਲੱਗੇ, ਇਥੇ ਹੋਰ ਵੀ ਕਈ ਸੰਤ ਤੇ ਗਿਆਨੀ ਪ੍ਰਚਾਰਕ ਆਉਣਗੇ ਪਰ ਜਿਥੇ ਸੰਤ ਈਸ਼ਰ ਸਿੰਘ ਜੀ ਰਾੜਾ ਸਾਹਿਬ ਦੀ ਤਾਰ ਖੜਕਦੀ ਹੈ, ਉਥੇ ਹਰ ਕਿਸੇ ਦੀ ਪਹੁੰਚ ਨਹੀਂ ਹੋ ਸਕਦੀ।

ਸੰਤ ਜੀ ਮਹਾਰਾਜ ਦੇ ਨਾਲ ਗਏ ਹੋਏ ਜਥੇਦਾਰ ਮਹਿੰਦਰ ਸਿੰਘ ਜੀ ਹਜ਼ੂਰੀ ਰਾਗੀ ਦਾ ਇਹ ਦਾਹਵਾ ਹੈ ਕਿ ਕੇਵਲ ਅਫਰੀਕਾ ਵਿਚ ਥੋੜ੍ਹੇ ਹੀ ਸਮੇਂ ਅੰਦਰ ਸੰਤ ਜੀ ਮਹਾਰਾਜ ਦੇ ਜੱਥੇ ਨੂੰ ਤਿੰਨ ਹਜ਼ਾਰ ਤੋਂ ਉਪਰ ਪ੍ਰਾਣੀਆਂ ਨੂੰ ਅੰਮ੍ਰਿਤ ਪਾਨ ਕਰਾਇਆ ਸੀ ਤੇ ਉਹਨਾਂ ਵਿਚੋਂ ਕਈ ਤਾਂ ਨਾਮ ਬਾਣੀ ਦੇ ਚੰਗੇ ਉਚ ਅਭਿਆਸੀ ਹੋ ਕੇ ਸਦਾ ਲਈ ਹੀ ਸਤਿ ਧਰਮ ਦੇ ਧਾਰਣੀਯ ਹੋ ਗਏ ਸਨ। ਸੋ ਉਹ ਸਦਾ ਲਈ ਇਸ ਲੜੀ ਦੇ ਮਣਕੇ ਬਣ ਗਏ।

*(ਗਿਆਨੀ ਮੇਹਰ ਸਿੰਘ ਕ੍ਰਿਤ 'ਨੌ ਰਤਨ' ਵਿਚੋਂ*

*ਧੰਨਵਾਦ ਸਹਿਤ*

# ਗੁਰੂ ਨਾਨਕ ਆਗਮਨ
## (ਸ੍ਰੀ ਗੁਰ ਨਾਨਕ ਚਮਤਕਾਰ)

*ਪਦਮ ਭੂਸ਼ਨ-ਡਾ. ਭਾਈ ਵੀਰ ਸਿੰਘ ਜੀ*

*(ਲੜੀ ਜੋੜਨ ਲਈ ਦੇਖੋ, ਮਾਰਚ ਅੰਕ, ਪੰਨਾ-60)*

### ਭਾਈ ਸੱਜਣ

ਦਿਨ ਹੋ ਆਇਆ, ਸੱਜਣ ਸਾਰਾ ਧਨ ਵੰਡ ਰਿਹਾ ਹੈ। ਚੇਤੇ ਕਰ-ਕਰ ਦੂਰ-ਦੂਰ ਭੇਜ ਰਿਹਾ ਹੈ ਮਾਲ ਮਤੇ ਲੋਕਾਂ ਦੇ ਘਰੀਂ। ਇਕ ਪਾਸੇ ਘਰ ਢਹਿ ਰਿਹਾ ਹੈ, ਦੂਜੇ ਪਾਸੇ ਮਾਲ ਵੰਡੀਜ ਰਿਹਾ ਹੈ, ਆਪ ਤੇ ਸਾਰੇ ਸਾਥੀ ਧੰਨ ਕਰਤਾਰ! ਧੰਨ ਕਰਤਾਰ ਦਾ ਉਚਾਰਨ ਕਰ ਰਹੇ ਹਨ।

ਸ਼ਹਿਰ ਵਿਚ ਧਾਂਕ ਪੈ ਗਈ ਕਿ ਸੱਜਣ ਠੱਗ ਸਿੱਧਾ ਹੋ ਸਾਧ ਹੋ ਗਿਆ ਹੈ, ਸਰਕਾਰੀ ਅਹਿਦੀਏ ਕੋਤਲਵਾਲ ਤੇ ਹੋਰ ਸਿਰਕਰਦੇ ਉਦਾਸ ਤੇ ਨਿਰਾਸ ਹੋ ਰਹੇ ਹਨ। ਇਹ ਸੱਜਣ ਦੇ ਸਾਰੇ ਯਾਰ ਸਨ, ਉਨ੍ਹਾਂ ਨੂੰ ਸਰਕਾਰੀ ਤਲਬਾਂ ਨਾਲੋਂ ਵਧੀਕ ਗੱਫੇ ਸੱਜਣ ਦੇ ਘਰੋਂ ਅੱਪੜਦੇ ਸਨ। ਉਹ ਜਾਣਦੇ ਸਨ ਸੱਜਣ ਦੀਆਂ ਕਰਤੂਤਾਂ, ਪਰ ਭਾਈਵਾਲ ਸਨ, ਸੱਜਣ ਦੀ ਖੋਟੀ ਕਮਾਈ ਦੇ, ਇਸ ਕਰਕੇ ਪਕੜਦੇ ਨਹੀਂ ਸਨ। ਵਾੜ ਖੇਤ ਨੂੰ ਖਾਂਦੀ ਸੀ। ਪਹਿਰੂਏ ਬਟਮਾਰਾਂ ਤੇ ਠੱਗਾਂ ਦੇ ਯਾਰ ਸਨ। ਚੋਰ ਦੇ ਤਲਬਦਾਰ ਸਨ ਕੁਤਵਾਲ ਤੇ ਸਿਪਾਹੀ।

ਗੁਰੂ ਬਾਬਾ ਇਕ ਟਿਕਾਣੇ ਜਾ ਕੇ ਬਹਿ ਗਿਆ, ਸ੍ਰਿਸ਼ਟੀ ਦਰਸ਼ਨਾਂ ਨੂੰ ਭੱਜੀ ਆ ਰਹੀ ਹੈ, ਮਰਦਾਨਾ ਕੀਰਤਨ ਕਰ ਰਿਹਾ ਹੈ, ਆਪ ਨੂਰ ਦੇ ਤਖਤ ਤੇ ਬੈਠੇ ਮਿਹਰਾਂ ਦਾਨ ਕਰ ਰਹੇ ਹਨ।

ਸੱਜਣ ਨੇ ਘਰ ਦੀ ਧਰਮਸ਼ਾਲਾ ਬਣਾਈ। ਹਾਫਜ਼ਾਬਾਦ ਵਾਲੀ ਜਨਮ ਸਾਖੀ ਵਿਚ ਲਿਖਿਆ ਹੈ ਕਿ ਸੱਜਣ ਗੁਰੂ-ਗੁਰੂ ਲੱਗਾ ਜਪਣ, ਨਾਉਂ ਧਰੀਕ ਸਿੱਖ ਹੋਇਆ, ਪਹਿਲੀ ਧਰਮਸਾਲ ਓਥੇ ਬੱਧੀ।

ਹਾਂ ਜੀ, ਧਰਮਸਾਲੀਆ ਸੱਜਣ ਹੋਇਆ। ਕੀਤੇ ਪਾਪਾਂ ਤੋਂ ਪੈ ਗਈ 'ਅੱਲ' (ਸੱਜਣ ਠੱਗ) ਨਾਮ ਨਾਲੋਂ ਦੂਰ ਨਾ ਹੋਈ। ਸਭ ਕੋਈ ਜਾਣਦਾ ਹੈ ਭਾਈ, ਪਰ ਬੇ-ਖਿਆਲੇ ਸਭ ਦੇ ਮੂੰਹੋਂ ਨਿਕਲਦਾ ਹੈ 'ਸੱਜਣ ਠੱਗ।' ਲੱਗ ਗਏ ਜ਼ਖਮ ਰਾਜ਼ੀ ਹੋ ਜਾਂਦੇ ਹਨ, ਮਿਲ ਜਾਂਦੇ ਹਨ ਘਾਉ, ਪਰ ਲੱਗੇ ਫੱਟਾਂ ਦੇ ਨਿਸ਼ਾਨ ਤੇ ਪਏ ਘਾਵਾਂ ਦੇ ਦਾਗ ਰਾਜ਼ੀ ਹੋ ਗਿਆਂ ਬੀ ਰਹਿ ਜਾਂਦੇ ਹਨ।

### ਬੁੱਝੋ ਕਿਸਦੇ ਨੈਨ

*ਕਮਲਾਂ ਦੀ ਜਦ ਅੱਖ ਖੁਲ੍ਹੀ ਨਜ਼ਰ ਪਏ ਏ ਨੈਨ।*
*ਨੈਨ ਦੇਖ ਰੀਝੇ ਕਮਲ ਨਿਉਂ-ਨਿਉਂ ਝੁਕ-ਝੁਕ ਪੈਨ।*
*ਕਮਲਾਂ ਨੂੰ ਜਦ ਦੇਖਿਆ ਨੈਣਾਂ ਨੇ ਭਰ ਨੈਨ।*
*ਚਰਨਾਂ ਨਾਲ ਲਗਾ ਲਓ ਕਮਲਾਂ ਉਚਰੇ ਬੈਨ।*
*ਨਰਗਸ ਕਹਿ, ਮਖਮੂਰ ਮੈਂ ਤਕ ਏ ਮਸਤੇ ਨੈਨ,*
*ਮਦ ਦੇ ਟੇਪੇ ਇਨ੍ਹਾਂ ਤੋਂ ਨੈਨ-ਕਟੋਰੀ ਪੈਨ।*
*ਫੁਲ ਕਮਲੀਆਂ ਅਜ ਆਖਿਆ ਚਟਕ ਚਟਕ ਚਟਕੈਨ-*
*ਅਸਾਂ ਖਿੜਾਵੇ ਕੌਣ ਹੈ? ਦਰਸ ਤਾਂਘ ਇਨ ਨੈਨ।*
*ਅੱਖ ਫੁਟੀ ਹਰ ਸ਼ਾਖ ਦੀ ਦੇਖਣ ਨੂੰ ਏ ਨੈਨ।*
*ਦਰਸ਼ਨ-ਸੱਧਰ ਨਿਕਲੀ ਦਰਸ਼ਨ ਝਾਕਾ ਲੈਨ।*
*ਅਗਨੀ ਆਖੇ, ਮੈਂ ਰਚੇ ਸਾਰੇ ਜਗ ਦੇ ਨੈਨ,*
*ਮੈਂ ਦੇਖਾਂ ਝੁਕ ਝੁਕ ਪਵਾਂ ਏ ਨੂਰਾਨੀ ਨੈਨ।*
*ਸੂਰਜ ਚੰਦ ਸਵੇਰੇ ਪੂਰੇ ਤਕੇ ਅਧਖੁਲੇ ਨੈਨ।*
*ਉਹ ਚੜ੍ਹਨੋ ਉਹ ਡੁੱਬਣੋ ਰੁਕੇ ਖੜੇ ਬੇਚੈਨ।*
*ਬਿਜਲੀ ਚਮਕੀ ਰਾਤ ਨੂੰ ਦੇਖ ਖੁਲ੍ਹੇ ਏ ਨੈਨ,*
*ਤੜਫ ਲੁਕੀ ਕਹਿ ਨੈਨ ਏ ਮੈਨੂੰ ਨਾ ਮੁਹਿ ਲੈਨ।*
*ਅਰਧ ਰਾਤਿ ਦੇਖੇ ਸਖੀ! ਤਾਰਿਆਂ ਨੇ ਏ ਨੈਨ।*
*ਆਖਣ, ਸਾਥੋਂ ਸੋਹਿਣੇ ਕਿਨ੍ਹੇ ਰਚੇ ਏ ਹੈਨ?*
*ਗਗਨ ਝੁਕਯਾ ਅਰਸ਼ੋਂ ਸਖੀ! ਦੇਖਣ ਕਾਲੇ ਨੈਨ,*
*ਨੀਲਾ ਪੈਕੇ ਰਹਿ ਗਿਆ ਜਿਉਂ ਉਲਟਾਇਆ ਨੈਨ।*
*ਲਖ-ਅੱਖੀ ਹੋ ਤ੍ਰੇਲ ਹੈ ਵਿਛੀ ਪਈ, ਕਹਿ ਬੈਨ -*
*ਪ੍ਰਤੀਬਿੰਬਤ ਹੋ ਚਮਕਦੇ ਮੈਂ ਅੱਖੀਂ ਏ ਨੈਨ।*
*ਹੀਰੇ ਮ੍ਰਿਗ ਦੀ ਡਾਰ ਤਕ ਹੋਇ ਰਹੀ ਬੇਚੈਨ*
*ਏ ਸਾਡੇ ਓਥੇ ਕਿਵੇਂ ਚਲੇ ਗਏ ਹਨ ਨੈਨ।*
*ਸਭ ਨੇ ਦੇਖ ਸਲਾਮਤੇ ਆਪ ਅਪਣੇ ਨੈਨ।*
*ਕੂਕ ਕਿਹਾ, ਹਾਂ ਇਨ੍ਹਾਂ ਤੋਂ, ਅਸਾਂ ਮਿਲੇ ਏ ਹੈਨ!*
*ਕਾਲੇ ਨੈਨੀਂ ਕੂੰਜ ਓ ਤੜਫ ਉਠ ਕੁਰਲੈਨ*
*ਹਾਇ! ਨ ਪਹਿਲੇ ਕਿਉਂ ਤਕੇ ਸ਼ਯਾਮ ਸਲੋਨੇ ਨੈਨ!*
*ਬਝੱਕ ਮਮੋਲੇ ਰਹਿ ਗਏ, ਦੇਖ ਨੈਨ ਏ ਕ੍ਹੈਨ -*
*ਨਜ਼ਰ ਆਪਦੀ ਅਸੀਂ ਹਾਂ ਕਰਦੇ ਅਪਨੇ ਨੈਨ।*
*ਮੱਛ ਸ਼ਰਮਦੇ ਨੈਨ ਤਕ ਬਰ ਨਾ ਸਕਣ, ਮਿਚੈਨ,*
*ਪਾਣੀ ਪਰਦਾ ਤਾਣ ਕੇ ਲੁਕ ਲੁਕ ਦੇਖਣ ਨੈਨ।*
*ਠੁਮਕ ਟੁਰਨ, ਗੁਰ ਗੁਰ ਕਰਨ, ਮਟਕ ਮਟਕ ਮਟਕੈਨ,*
*ਖੁਮਰੇ ਆਖਣ, ਅਸਾਂ ਏ ਦੇਖ ਲਏ ਅਜ ਨੈਨ।*
*ਚਕਵਾ ਆਖੇ, ਚਕਵਈ! ਸਦਾ ਲਈ ਗਈ ਰੈਨ,*
*ਕਦੇ ਨ ਡੁੱਬਣ ਵਾਲੜੇ ਚੜ੍ਹ ਪੈ ਸੂਰਜ ਨੈਨ।*
*ਮੱਛੀ ਆਖੇ, ਬਗਲਿਆ! ਤੱਕ ਨ ਮੇਰੇ ਨੈਨ।*
*ਤੱਕ ਨੈਨ ਏ ਸੋਹਿਣੇ ਹੰਸ-ਨੈਨ ਤੁਧ ਦੈਨ*
*ਪਰਭਾਤੇ ਬੁਲਬੁਲ ਕਹੇ, ਮੈਂ ਅੱਜ ਡਿੱਠਾ ਰੈਨ,*
*ਮਸਤਾਇਆ ਤਕ ਰਿਹਾ, ਹੋਰ ਉਚੇਰੇ ਨੈਨ।*
*ਅੰਮ੍ਰਿਤ ਵੇਲੇ ਬੋਲਿਆ ਪਪੀਆ 'ਮੇਰੀ ਭੈਣ!*
*ਮੈਂ ਹੁਣ ਪਾਇਆ ਭੇਤ ਹੈ - ਅੰਮ੍ਰਿਤ ਹਨ ਏ ਨੈਨ।*
*ਬੱਦਲ ਤਕ ਕੇ ਬੋਲਿਆ, ਚਾਤ੍ਰਿਕ ਉਡਦਾ ਗੈਨ-*
*ਸ਼ਾਂਤੀ ਬੂੰਦ ਸੁਹਾਵਣੀ, ਵਸ ਰਹੀ ਏਨ੍ਹਾਂ ਨੈਨ।*
*ਨੈਨਾਂ ਦੀ ਵੇਖੀ ਚਮਕ ਨੱਚਣ ਤੇ ਕੂਹਕੈਨ*
*ਕਹਿਣ ਚਕੋਰ - ਅਚਰਜ ਹਨ ਚੰਦ੍ਰ ਵਿਮਲ ਏ ਨੈਨ।*
*ਕਹੇ ਕਬੂਤਰ-ਬਿੱਲੀਏ! ਏ ਟਕ-ਬੱਝਵੇਂ ਨੈਨ।*

*ਏਨੀ ਨੈਣੀ ਲਾਇ ਜੇ ਜੋਗੀ ਹੋ ਜਾਇ ਭੈਣ!
ਤੇਰੇ ਪਾਪ ਕਮਾਂਵਦੇ ਦੂਰਬੀਨ ਜੋ ਨੈਨ।
ਉਪਕਾਰੀ ਹੋ ਜਾਣਗੇ ਦੇਖ ਉਕਾਬਾ! ਨੈਨ।
ਜਿਉਂ ਜਿਉਂ ਵੱਡਾ ਹੋ ਗਿਓਂ, ਨਿੱਕੇ ਪੈ ਗਏ ਨੈਨ।
ਦੇਖ ਹੰਕਾਰੀ ਹਾਥੀਆ! ਨੈਨ ਜੁ ਗਰਬ ਗੰਜੈਨ!
ਫਨੀਅਰ ਡੰਗਣ ਆ ਗਿਆ, ਵਿਸ ਚੜ੍ਹਾਵਾਂ ਨੈਨ
ਝੇਪ ਅੱਖ, ਫਨ ਸਿੱਟ ਕੇ ਸ਼ਿਵ ਸ਼ਿਵ ਉਚਰੇ ਬੈਨ।
ਮੋਰ ਖੰਭ ਤੇ ਅੱਖ ਜਿਉਂ ਸਭ ਦੇ ਚਿਹਰੇ ਨੈਨ,
ਪਰ ਮਰਦੇ ਓ ਨੈਨ ਹਨ, ਏ ਜੀਵੰਦੇ ਹੈਨ।
ਜਾਦੂਗਰ ਨੇ ਨੈਨ ਤੱਕ ਨੈਨ ਜਮਾਏ ਨੈਨ,
ਅਪਣੇ ਲੈ ਕੇ ਰਹਿ ਗਿਆ, ਨੈਨ ਮੂਰਛਾ ਸੈਨ।
ਰਲ ਮੁਟਿਆਰਾਂ ਆਈਆਂ ਨੈਣੀਂ ਮੇਲਣ ਨੈਨ,
ਦਮਕ ਨੈਣ ਦੀ ਦੇਖ ਕੇ ਸਜਦੇ ਵਿਚ ਝੁਕ ਪੈਨ।
ਰਤੀ ਕਹੇ ਮੈਂ ਨੈਨ ਅਗ ਜਿਨ੍ਹਾਂ ਲੁਭਾਇਆ ਮੈਨ।
ਠਰ ਗਯੇ ਮੇਰੇ ਨੈਨ ਤਕ ਏ ਤਜੱਸਵੀ ਨੈਨ।
ਲੈਲਾ, ਸੱਸੀ, ਸੋਹਿਣੀ, ਹੀਰ ਮੁੱਠੀਆਂ ਨੈਨ,
ਦੁੱਖ ਨ ਦੇਖਨ ਨੈਨ, ਜੇ ਦੇਖ ਨੈਨ ਏ ਲੈਨ।
ਗਿਆ ਸਿਕੰਦ੍ਰ ਸਮੁੰਦ ਨੂੰ ਆਬਿ ਹਯਾਤਾਂ ਲੈਨ।
ਖਾਲੀ ਮੁੜਿਆ, ਭੋਲਿਆ! ਅੰਮ੍ਰਿਤ ਹਨ ਏ ਨੈਨ!
ਅੱਖ ਕੋਟਰੀ ਨੈਣ ਦੀ ਭੁੱਲ੍ਹ ਪਈ ਤਕ ਨੈਨ।
ਚਰਨ ਸ਼ਿੰਗਾਰਨ ਵਾਸਤੇ ਨੌਕਰ ਰਖ ਮੈਂ ਲੈਨ!
ਕੱਢ ਕਲੇਜਾ ਸੱਟਦੀ ਕਹਿਣ ਨਜ਼ਰ ਕੁਈ ਡੈਣ।
ਡੈਣ ਨਜ਼ਰ ਏ ਨੈਨ ਤਕ ਪਾਵੇ ਅੰਮ੍ਰਿਤ ਨੈਨ।
ਖਾਲੀ ਕੋਏ ਨੈਨ ਦੇ ਅਖਹੀਣੇ ਕਰ ਲੈਣ।
ਜੇ ਇਨ੍ਹ ਨੈਣਾਂ ਸਾਮ੍ਹਣੇ ਪਾ ਲੇਵਣ ਓ ਨੈਨ।
ਨੈਂ ਕੱਢ ਮੂਰਖ ਚਹੇ ਦੇਖੇ ਆਪਣੇ ਨੈਨ,
ਦੇਖੇ ਪਰ ਏ ਨੈਨ ਜੇ, ਦੇਖ ਲਵੇ ਨਿਜ ਨੈਨ।
ਨੈਨਾਂ ਖੂਹ ਭਰ ਭਰ ਰਹੇ ਮਾਲਾਂ ਨਾਲ ਭਰੇਨ।
ਇਕ ਗਮਜ਼ੇ ਨੈਨਾਂ ਇਨ੍ਹਾਂ ਭਰ ਦਿਤੇ ਓ ਨੈਨ।
ਨੈਨ ਗਏ ਨੈਨਾ ਮਿਲਨ ਦਿਲ ਵੇਚ ਆਏ ਨੈਨ,
ਨੈਨ ਮਿਲੇ ਜੋ ਇਨ੍ਹਾਂ ਨੂੰ ਨਵੇਂ ਨਵੇਂ ਦਿਲ ਲੈਨ।
ਗਰਬੀ ਧਨੀਆਂ ਦਵਾਰ ਤੇ ਕਵੀਆਂ ਸੰਦੇ ਨੈਨ
ਤਾਇਹੀਂ ਦਿੱਸਣ ਡੋਲਦੇ ਨਹਿੰ ਦੇਖੇ ਏ ਨੈਨ।
ਤਕਿ ਤਕਿ ਰੂਪ ਨ ਰੱਜਦੇ ਰੂਪ ਕੁਠੇ ਸਭ ਨੈਨ।
ਰੂਪ ਅਰੂਪੀ ਨੈਨ ਏ ਤੱਕਣ ਤਾਂ ਤ੍ਰਿਪਤੈਨ।
ਤੋਤਾ-ਚਸ਼ਮੀ ਨਾ ਰਹੇ ਇਸ ਦੁਨੀਆ ਦੇ ਨੈਨ,
ਉਨ੍ਹ ਨੈਨਾਂ ਦੇ ਚਸ਼ਮਿਓਂ ਜੇ ਅੰਮ੍ਰਿਤ ਪੀ ਲੈਨ।
ਖਲ ਕੀਤੇ ਵਿਦਵਾਨ ਹਨ ਇਨ੍ਹ ਨੈਨਾਂ ਦੀ ਸੈਨ,
ਜਿਨ੍ਹਾਂ ਮਟੱਕੇ ਨਾਲ ਫਿਰ ਜਿੱਤੇ ਪੰਡਤ ਨੈਨ।
ਗੋਲੇ ਹੋ ਰਹੇ ਨੀਂਦ ਦੇ ਦੁਨੀਆਂ ਦੇ ਸਭ ਨੈਨ।
ਸਦਾ ਜਾਗਦੇ ਨੈਨ ਏ, ਸੁੱਤਯਾ ਜਾਗ੍ਰਤ ਦੈਨ।
ਅਦਬ ਨਾਲ ਜੋ ਮੁੰਦ ਗਏ ਤਕ ਏ ਸੁਹਣੇ ਨੈਨ
ਦਿੱਬ ਹੋ ਗਏ ਨੈਨ ਓ ਦੋ ਪਾਸੀਂ ਖੁਲ ਗਯੈਨ।
ਨੈਨ ਆਏ ਸਭ ਜਗਤ ਦੇ ਨੈਨ-ਦਿਦਾਰਾ ਲੈਨ,
ਮਗਨ ਸਮਾਧੀ ਲਗ ਗਈ ਦੇਖਦਿਆਂ ਏ ਨੈਨ।
ਇਕ ਵਾਰੀ ਜਿਨ ਦੇਖ ਲੈ ਏ ਸਦ-ਹਸਦੇ-ਨੈਨ,
ਨਜ਼ਰ ਚੜ੍ਹੇ ਨਾਂ ਫਿਰ ਕੁਈ ਨੈਨ ਉਨ੍ਹਾਂ ਦੀ ਹੈਨ।
ਨੈਨ ਝਰੋਖੇ ਸੰਤ ਬਹਿ ਜਗ ਦਾ ਮੁਜਰਾ ਲੈਨ,
ਨੈਨਾਂ ਦਾ ਮੁਜਰਾ ਸਖੀ! ਏ ਲੈਂਦੇ ਸ਼ਾਹ-ਨੈਨ।
ਰੂਪ ਸੁੰਦਰਤਾ ਤਾਂ ਸਫਲ ਨੈਨ ਜਿ ਚਿਹਰੇ ਹੈਨ,
ਨੈਨ ਘਨੇ ਪਰ ਸਫਲ ਏ ਨੈਨਾਂ ਵਾਲੇ ਨੈਨ।
ਨੈਨਾਂ ਦਾ ਇਹ ਧਰਮ ਹੈ ਖਿਚ ਖਾਵਣ, ਖਿਚ ਦੈਨ,
ਏ ਨੈਨਾਂ ਖਿਚ-ਮੂਲ ਹਨ, ਖਿਚ ਰਹੇ ਜਗ ਦੇ ਨੈਨ।
ਨੈਨਾਂ ਨੂੰ ਗੁੰਗਾ ਕਹਿਣ ਪਰ ਏ ਝੂਠੇ ਬੈਨ,
ਰਸਨਾ ਕਾਵਯ ਸੰਗੀਤ ਦੀ ਬੋਲ ਰਹੇ ਏ ਨੈਨ।
ਖਾਲੀ ਸ਼ੀਸ਼ਾ ਜਗਤ ਦੇ ਜਿਤਨੇ ਜਨਗੇ ਨੈਨ,
ਸਾਰੇ ਚਮਕਣ ਵਾਸਤੇ ਜੋਤਿ ਇਨ੍ਹਾਂ ਤੋਂ ਲੈਨ।
ਪੁਤਲੀ ਜਿਉਂ ਹਰ ਅੱਖ ਵਿਚ ਨੈਨਾਂ ਦੀ ਹੈ ਨੈਨ,
ਪੁਤਲੀ ਸਾਰੇ ਜਗਤ ਦੀ ਨੈਨਾਂ ਦੀ ਏ ਹੈਨ।
'ਅੰਦਰ ਸ਼ੀਸਾ' ਨੈਂ ਏ ਬਾਹਰ-ਸ਼ੀਸਾ ਨੈਨ।
ਦੇਖਨ ਰੱਬ, ਦਿਖਾਣ ਰੱਬ, ਰਬ-ਸ਼ੀਸ਼ਾ ਏ ਨੈਨ।
ਅਰਸ਼ਾਂ ਤੇ ਵਸਦੇ ਸਖੀ! ਫਰਸ਼ ਵੇਖ ਗਯੇ ਨੈਨ।
ਪੰਜ ਪਾਣੀਆਂ ਦੀ ਭੂਮ ਨੂੰ ਆਬ! ਦੇ ਰਹੇ ਹੈਨ।
ਪ੍ਰੇਮ ਕਟੋਰਾ ਨੈਨ ਹਨ ਭਰੇ ਪ੍ਰੇਮ ਦੇ ਰ੍ਹੈਨ,
ਪਵੇ ਨ ਜੇ ਵਿਚ ਹੋਰ ਕੁਝ ਤਾਂ ਤਰੁੱਠਣ ਏ ਨੈਨ।
ਸਿਰ ਤੋਂ ਪੈਰਾਂ ਤੀਕ ਏ ਬਣ ਜਾ ਸਾਰਾ ਨੈਨ,
ਜੇ ਚਾਹੇਂ ਤੂੰ ਨੈਨ ਏ ਨਦਰਾਂ ਵਿਚ ਲੈ ਲੈਨ।
ਲਉਬਾਲੀ ਦਰਗਾਹ ਹੈ, ਸ਼ਾਹ ਨੈਨ ਏ ਨੈਨ।
ਬਖਸ਼ਿਸ਼ ਦਾ ਦਰਿਯਾਉ ਹਨ, ਨਦਰਾਂ ਦੀ ਨੈਂ ਹੈਨ।
ਏਨ੍ਹਾਂ ਨੈਨਾਂ ਤੇ ਦਿਲਾ, ਲਾ ਦੇ ਨੈਨ ਸੁਖੈਨ।
ਬਿਰਥੇ ਲਗ ਲਗ ਜਾ ਰਹੇ ਹੋਰ ਥਾਉਂ ਤੇ ਨੈਨ।
ਨੈਨਾਂ ਵਾਲੇ ਸਾਂਈਆਂ!
ਸੇਜ ਵਾਲੇ ਸਾਂਈਆਂ! ਸੇਜ ਵਿਛਾਵਾਂ ਨੈਨ,
ਇਕ ਛਿਨ ਸੇਜੇ ਆਇਕੇ ਜੇ ਕਰ ਜਾਵੇਂ ਸੈਨ!
ਨੈਨਾਂ ਵਾਲੇ ਸੁਹਣਿਆਂ! ਕਦਮ ਧਰੀਂ ਆ ਨੈਨ।
ਨਜ਼ਰ ਵਿਛਾਈ ਵਿਛ ਰਹੀ ਛੁਹ ਕਦਮਾਂ ਵਿਛ ਰਹੀ।
ਛੁਹ ਕਦਮਾਂ ਦੀ ਲੈਨ ਬੈਰਾਗੀ ਨੈਨਾਂ ਭਏ ਰੋ ਰੋ ਅਰਜ਼ ਕਰੈਨ -
ਇਕ ਮਟੱਕਾ ਖੈਰ ਪਾ ਹੇ ਵਡ-ਉਚੜੇ ਨੈਨ!
ਅਪਣੇ ਵੇਚਣ ਮੈਂ ਗਈ ਮੁਫਤ ਨ ਲੋਕੀਂ ਲੈਨ,
ਨੈਨਾਂ ਵਾਲੇ ਨੇ, ਸਖੀ! ਲੱਖੀਂ ਲੈ ਲਯੇ ਨੈਨ।
ਸਮਝ ਨ ਪੈਂਦੀ ਹੇ ਸਖੀ, ਬੇ ਬੇਕੀਮਤ ਨੈਨ।
ਨਜ਼ਰਾਂ ਵਾਲੇ ਸ਼ਾਹ ਦੀ ਨਜ਼ਰੇ ਕਿਉਂ ਚੜ੍ਹ ਗੈਨ।
ਪੁੱਛ - ਨੈਨ ਸੰਗੀਤ ਸੁਣਾ ਗਈ, ਕਾਵਯ ਸੁੰਦਰਤਾ ਰੈਨ-
ਸੈਨਤ ਗੁੱਝੀ ਦੇ ਗਈ, ਬੁੱਝੋ ਕਿਸਦੇ ਨੈਨ?
ਉੱਤਰ - ਤੂੰ ਪਾਈ ਮੈਂ ਬੁਝ ਲਈ ਸਖੀਏ ਤੇਰੀ ਸੈਨ,
ਗੁਰ ਨਾਨਕ ਦੇ ਨੈਨ ਏ ਤੂੰ ਜੋ ਗਾਏ ਨੈਨ।*

**ਗੁਰੂ ਬਾਬੇ ਦਾ ਟਿੱਬਾ -**

ਸੱਜਣ ਨੂੰ ਤਾਰ ਕੇ ਗੁਰੂ ਜੀ ਤੁਰਨ ਨੂੰ ਤਿਆਰ ਹੋ ਪਏ ਤਾਂ ਸੱਜਣ ਨੇ ਬੇਨਤੀ ਕੀਤੀ -

ਪਾਤਸ਼ਾਹ! ਆਪ ਚੱਲੇ ਹੋ, ਮੈਂ ਅਜੇ ਆਪ ਦੇ ਗ੍ਰਿਹ ਜਨਮਿਆ ਨਿੱਕਾ ਜਿਹਾ ਬੱਚਾ ਹਾਂ, ਮੇਰੇ ਸਿਰ ਤੇ ਆਪ ਦਾ ਹੱਥ ਚਾਹੀਦਾ ਹੈ, ਵਿਛੜ ਕੇ ਕਿੰਵ ਜੀਸਾਂ।

ਸ੍ਰੀ ਗੁਰੂ ਜੀ - ਸੱਜਣਾ ਤੇਰੇ ਸਿਰ ਤੇ ਕਰਤਾਰ ਦਾ ਹੱਥ ਹੋਵੇਗਾ। ਤੂੰ ਘੋਰ ਪਾਪ ਕੀਤੇ, ਤੂੰ ਛੁਹਣੇ ਯੋਗ ਨਹੀਂ

ਸੈਂ, ਪਰ ਉਹ ਜੋ ਖੂਹ ਵਿਚ ਡਿੱਗ ਪੈਣ ਤੇ ਫਿਰ ਨਿਕਲ ਆਉਣ, ਸੁਭਾਗ ਹਨ। ਪਾਪਾਂ ਦੇ ਅੰਧਕਾਰ ਵਿਚ ਨੈਨਹੀਨ ਸੁਖੱਲੇ ਚਲੇ ਜਾਂਦੇ ਹਨ ਪਰ ਜੇ ਨੈਣੋਂ ਮੁਨਾਖੇ ਲਖ ਲੈਣ ਕਿ ਅੰਧਕਾਰ ਵਿਚ ਆ ਪਏ ਹਾਂ ਤੇ ਨਿਕਲ ਆਉਣ, ਉਹ ਧੰਨ ਹਨ। ਤੇਰੇ ਤੇ ਕਰਤਾਰ ਦੀ ਮਿਹਰ ਹੋਈ ਹੈ ਜੋ ਤੂੰ ਅਗਿਆਨ ਦੇ ਅੰਧਕਾਰ ਵਿਚੋਂ ਨਾ ਨਿਰਾ ਨਿਕਲ ਆਇਆ ਹੈਂ ਸਗੋਂ ਸੁਜਾਖਾ ਹੋਇਆ ਹੈ। ਤੈਨੂੰ ਦਿੱਸ ਪਿਆ ਹੈ ਕਿ ਪਾਪ ਬੁਰਾ ਹੈ, ਪਾਪ ਪਾਪੀ ਨੂੰ ਪਿਆਰਾ ਹੈ, ਪਰ ਤੂੰ ਹੁਣ ਵੈਰੀ ਜਾਣ ਕੇ ਦੁਪਰਿਆਰਾ ਕੀਤਾ ਹੈ। ਹੁਣ ਤੇਰੇ ਅੰਦਰ ਜੋ ਕੰਮ ਕਰਨ ਦੀ ਤਾਕਤ ਹੈ, ਜੋ ਬੁਰੇ ਪਾਸੇ ਲਾਈ ਹੋਈ ਸੀ, ਸਾਂਈਂ ਭਲੇ ਪਾਸੇ ਲਾ ਦੇਵੇ। 'ਨਾਮ ਜਪ' ਵਿਚ ਰਹੀਂ, ਬਾਣੀ ਦੀ ਟੇਕ ਰੱਖੀਂ ਤੇ ਧਰਮਸਾਲ ਵਿਚ ਬੈਠ ਕੇ ਨੇਕੀ ਕਰੀਂ। ਨਾਮ ਜਪੀਂ ਨਾਮ ਜਪਾਈਂ ਤੇ ਆਏ ਜੀਅ ਦੀ ਸੇਵਾ ਕਰੀਂ, ਨੰਗੇ ਭੁੱਖੇ, ਦੁਖੀ ਦਰਦ ਰਵਾਨੇ ਦੀ ਸੇਵਾ ਕਰੀਂ; ਜਿਵੇਂ ਅੱਗੇ ਫੱਟ ਲਾਉਂਦਾ ਸੈਂ, ਹੁਣ ਮੱਲ੍ਹਮ ਲਾਈਂ, ਕਰਤਾਰ ਤੇਰਾ ਭਲਾ ਕਰੇਗਾ।

ਸੱਜਣ - ਆਪ ਦੀਆਂ ਅਸੀਸਾਂ ਮੈਨੂੰ ਪਾਲਣਗੀਆਂ, ਪਰ ਦਾਤਾ! ਮੈਂ ਨਿਤਣਾ ਹਾਂ, ਡਰਦਾ ਹਾਂ, ਫੇਰ ਨਾ ਤਿਲਕ ਪਵਾਂ। ਕੂੰਜ ਦੇ ਬੱਚਿਆਂ ਵਾਂਙੂੰ ਮੈਨੂੰ ਯਾਦ ਰੱਖੋਗੇ ਤਾਂ ਆਪ ਦੇ ਦੱਸੇ ਨਵੇਂ ਜੀਵਨ ਵਿਚ ਪਲ ਖਲੋਵਾਂਗਾ......(ਨੈਨ ਭਰ ਕੇ ਤੇ ਹੱਥ ਜੋੜ ਕੇ) ਜਿਵੇਂ ਰਜ਼ਾ ਦਾਤਾ! ਪਰ ਹੇ ਦਾਤਾ ਫੇਰ ਕਦੇ (ਅੱਥਰੂ ਢਹਿ ਪਏ)....ਫੇਰ ਕਦੇ ਦਾਤਾ...ਫੇਰ ਕਦੇ ਦਰਸ਼ਨ......।

ਸ੍ਰੀ ਗੁਰੂ ਜੀ-ਕਰਤਾਰ ਭਲੀ ਕਰੇਗਾ।

ਸ਼ੁਕਰ ਸ਼ੁਕਰ ਸ਼ੁਕਰ....ਆਖਦਿਆਂ ਸੱਜਣ ਨੇ ਮੱਥਾ ਟੇਕਿਆ। ਉਸ ਦੇ ਅੱਥਰੂ ਦਾਤਾ ਜੀ ਦੇ ਚਰਨਾਂ 'ਤੇ ਪਏ। ਹਾਂ ਜੋ ਮੁਸਾਫਰਾਂ, ਬੇਗਾਨਿਆਂ, ਬੇਵਤਨਿਆਂ, ਗਰੀਬਾਂ ਅਮੀਰਾਂ ਨੂੰ ਲੁੱਟਦਾ ਤੇ ਵਿਧਵਾ ਤੇ ਯਤੀਮ ਬਣਾ ਕੇ ਅੱਥਰੂਆਂ ਦੀਆਂ ਨੈਆਂ ਵਹਾਇਆ ਕਰਦਾ ਸੀ, ਅੱਜ ਆਪਣੇ ਪਛਤਾਵੇ ਦੇ ਅੱਥਰੂ, ਪਿਆਰ ਅੱਥਰੂ, ਵੈਰਾਗ ਅੱਥਰੂ, ਦ੍ਰਵੇ ਹਿਰਦੇ ਦੇ ਸੁਹਾਵੇ ਅੱਥਰੂ ਤਾਰਨਹਾਰ ਦੇ ਚਰਨਾਂ ਤੇ ਕੇਰ ਰਿਹਾ ਹੈ। ਇਹੋ ਹੈ ਭੇਟਾ, ਜੋ ਸਿੱਝੇ ਹੋਏ ਜਗਿਆਸੂ ਦੇ ਸਕਦੇ ਹਨ ਹੇ ਗੁਰੂ ਨਾਨਕ! ਤੈਨੂੰ ਜੋ ਸੋਝੀਆਂ ਦਾਨ ਕਰ-ਕਰ ਕੇ ਮੋਏ, ਜੀਵਾਲਦਾ ਤੇ ਜੀਵੇ ਪ੍ਰਤਿਪਾਲਦਾ ਹੈਂ, ਧੰਨ ਹੈਂ ਤੂੰ!

ਹੁਣ ਤੁਰ ਪਏ ਠੰਢੀ-ਠੰਢੀ ਸਮੀਰ ਵਾਂਗੂੰ ਗੁਰੂ ਬਾਬਾ ਜੀ ਨਾਮ ਦੀ ਖੁਸ਼ਬੋ ਨਾਲ ਭਰੇ ਹੋਏ, ਮਗਰ-ਮਗਰ ਟੁਰ ਪਿਆ ਮਰਦਾਨਾ ਸੰਗੀਤ ਦੀ ਸੁਰ ਵਾਂਗੂੰ ਥਰਰ-ਥਰਰ ਵਿਚ ਤੇ ਨਾਲ-ਨਾਲ ਸੱਜਣ। ਹੋਰ ਲੋਕ ਜੋ ਸ਼ਰਧਾਲੂ ਹੋਏ ਸਨ, ਕੋਹ ਦੋ ਕੋਹ ਤਕ ਛੋੜਨ ਆਏ। ਏਥੋਂ ਮਸੇ-ਮਸੇ ਗੁਰੂ ਬਾਬੇ ਨੇ ਵਿਦਾ ਕੀਤੇ ਸਾਰੇ।

ਮਰਦਾਨਾ (ਇਕੱਲੇ ਟੁਰੇ ਜਾਂਦਿਆਂ)-ਰੱਬ ਨੂੰ ਸਮਝਣਾ ਕੇਡਾ ਔਖਾ ਹੈ, ਮੈਂ ਤਾਂ ਹੇ ਗੁਰੂ ਨਾਨਕ ਤੈਨੂੰ ਨਹੀਂ ਸਮਝ ਸਕਦਾ, ਜਿਸਦਾ ਮੈਂ ਡੂਮ ਹਾਂ ਤੇ ਅੰਗ ਸੰਗ ਰਹਿੰਦਾ ਹਾਂ। ਕਿੰਨੇ ਕੁ ਲੋਕੀ ਸਨ ਜਿਨ੍ਹਾਂ ਨੂੰ ਰਸਤੇ ਪਾ ਸਕਦੇ ਸਾਓ, ਇਸ ਠੱਗ ਨੂੰ ਕਿਉਂ ਤਾਰਿਆਂ ਨੇ, ਕਿਸ ਪਾਪੀ ਤੇ ਤੁੱਠੇ ਹੋ? ਜਿਸ ਨੂੰ ਮਾਰ-ਮਾਰ ਕੇ ਖਲਿਹਾਨ ਕਰ ਛੋੜਨਾ ਸੀ ਉਸ ਨੂੰ ਕਿਵੇਂ ਸਾਧਿਆ ਨੇ? ਕੇਡੇ ਬਲੀ ਹੋ? ਹੈਂ ਜੀਓ, ਕਿਸ ਤੇ ਲਾਇਆ ਨੇ ਬਲ? ਠੱਗ ਉਤੇ। ਕਿਉਂ? ਤੇਰੀਆਂ ਤੂੰਹੇਂ ਜਾਣੇ। ਨਾ ਸਾਰ ਨਿਰੰਕਾਰ ਦੀ ਪਾਉਂਦੀ ਹੈ ਨਾ ਤੁੱਧੇ ਦੀ, ਸੁਹਾਣ ਤੈਨੂੰ।

ਗੁਰੂ ਜੀ - ਮਰਦਾਨਿਆਂ! ਇਕ ਗੰਦੇ ਚਲ੍ਹੇ ਨੂੰ ਨਿਰਮਲ ਜਲ ਦੀ ਸੋਤ ਬਣਾ ਦੇਣਾ ਚੰਗਾ ਕੰਮ ਹੈ; ਇਸ ਵਿਚ ਸਮਝਣ ਦੀ ਕੀਹ ਲੋੜ ਹੈ। ਅੱਗੇ ਜਗਤ ਇਸ ਦੇ ਹੱਥੋਂ ਦੁਖੀ ਸੀ, ਹੁਣ ਸੁਖੀ ਹੋਵੇਗਾ। ਇਕ ਇਸ ਦੇ ਸੰਵਰਨ ਨਾਲ ਹਜ਼ਾਰਾਂ ਦੇ ਕਸ਼ਟ ਬਚ ਗਏ, ਜਿਨ੍ਹਾਂ ਨੇ ਕਿ ਇਸ ਦੇ ਢਹੇ ਚੜ੍ਹਨਾ ਸੀ। ਅੱਗੋਂ ਇਹ ਹਜ਼ਾਰਾਂ ਦੇ ਸਗੋਂ ਕਸ਼ਟ ਹਰੇਗਾ। ਜਗਤ ਦਾ ਭਲਾ ਹੋਇਆ। ਨਾਲੇ ਸੋਚ ਕਰ, ਇਹ ਜੋ ਮਾੜੇ ਕੰਮਾਂ ਵਿਚ ਡਾਢੇ ਵੇਗ ਨਾਲ ਲੋਕੀਂ ਲਗਦੇ ਹਨ, ਇਹਨਾਂ ਵਿਚ ਬਦੀ ਤਾਂ ਬਦੀ ਹੈ, ਪਰ ਬਦੀ ਕਰਨ ਦੀ ਤਾਕਤ ਮਾੜੀ ਸ਼ੈ ਨਹੀਂ ਹੈ। ਇਨ੍ਹਾਂ ਵਿਚ ਤਾਕਤ ਬਹੁਤੀ ਹੁੰਦੀ ਹੈ, ਇਸ ਤਾਕਤ ਨੂੰ ਭਲਾ ਕਰਨ ਦੀ ਜੇ ਰਹਿਨੁਮਾਈ ਮਿਲ ਜਾਏ ਤਾਂ ਫੇਰ ਇਹ ਓਸੇ ਤਰ੍ਹਾਂ ਟੁੱਟ ਕੇ ਨੇਕੀਆਂ ਕਰਦੀ ਹੈ। ਨਿਤਾਣੇ, ਆਲਸੀ ਤੇ ਦਲਿੱਦਰੀ ਲੋਕ, ਜੋ ਨੇਕੀ ਬਦੀ ਕੁਛ ਨਹੀਂ ਕਰਦੇ, ਉਹਨਾਂ ਵਿਚ ਬਲ ਨਹੀਂ ਹੁੰਦਾ। ਕੀਹ ਜਾਣੀਏ ਜੇ ਦਲਿੱਦ੍ਰੀ ਭਲੇ ਪੁਰਸ਼ ਨੂੰ ਤਾਕਤ ਮਿਲੇ ਤਾਂ ਉਹ ਬੰਦ ਹੋ ਜਾਵੇ। ਸੋ ਜਿੱਥੇ ਤਾਕਤ ਹੈ, ਚਾਹੇ ਕਿਸੇ ਤਰ੍ਹਾਂ ਦੀ ਹੈ ਉਥੇ ਰਹਿਨੁਮਾਈ ਦੀ ਲੋੜ ਹੈ, ਚਾਨਣ ਦੇਣ ਦੀ ਲੋੜ ਹੈ, ਤਾਂ ਜੋ ਉਹ ਤਾਕਤ ਚੰਗੇ ਪਾਸੇ ਲਗ ਜਾਵੇ।

ਮਰਦਾਨਾ - ਠੀਕ ਹੈ। ਇਨ੍ਹਾਂ ਚੋਰਾਂ, ਧਾੜਵੀਆਂ, ਜੁਆਰੀਆਂ, ਜ਼ਾਲਮਾਂ ਵਿਚ ਤਾਕਤ ਤਾਂ ਬੜੀ ਹੁੰਦੀ ਹੈ, ਸਹੁਰੇ ਐਵੇਂ ਪਏ ਬਦੀ ਵਲ ਜਾਂਦੇ ਹਨ। ਠੀਕ ਕਿਹਾ ਨੇ, ਜੇ ਉਹਨਾਂ ਦੇ ਨੈਣ ਖੁੱਲ੍ਹ ਜਾਣ ਤਾਂ ਫੇਰ ਨੇਕੀ ਵਲ ਹੀ ਉਹੋ ਤਾਕਤ ਲੱਗੇਗੀ, ਪਰ ਤੇਰੇ ਵਿਚ ਦਾਤਾ ਕਿੰਨੀ ਤਾਕਤ ਹੈ ਜੋ ਤਾਕਤਵਰਾਂ ਨੂੰ ਬਦੀ ਵਲੋਂ ਹੋੜ ਕੇ ਨੇਕੀ ਵਲ ਲਾ ਦਿੰਦਾ ਹੈਂ। ਧੰਨ ਤੂੰ, ਧੰਨ ਤੇਰਾ ਨਿਰੰਕਾਰ! ਭਲਾ ਹੁਣ ਕਿੱਧਰ ਚੱਲੇ ਹੋਂ? ਮੈਂ ਜਾਤਾ ਸੀ ਮੁਲਤਾਨ ਜਾਸੋ, ਪਰ ਉਹ ਰਾਹ ਛੋੜ ਕੇ ਪੁਰੇ ਨੂੰ ਟੁਰ ਪਏ ਹੋ?

ਸ੍ਰੀ ਗੁਰੂ ਜੀ - ਮਰਦਾਨਿਆਂ! ਨੀਲੀ ਵਲ ਨੂੰ ਚੱਲਣਾ ਹੈ। ਇਕ ਪੀਰ ਹੈ ਏਧਰ, ਜੋ ਪਰਜਾ ਨੂੰ ਦੁਖਾ ਰਿਹਾ ਹੈ ਬਹੁਤ।

ਮਰਦਾਨਾ - ਪੀਰ ਬੀ ਦੁਖਾਉਂਦੇ ਹਨ?

ਸ੍ਰੀ ਗੁਰੂ ਜੀ-ਪੀਰ ਹੋਵੇ ਕਿ ਰਾਜਾ, ਵਿਦਿਆ ਵਾਲਾ ਹੋਵੇ ਕਿ ਧਨ ਵਾਲਾ, ਰਿੱਧੀਆਂ-ਸਿੱਧੀਆਂ ਵਾਲਾ ਹੋਵੇ ਕਿ ਤਪੀਆਂ, ਜਿਸ ਪਾਸ ਤਾਕਤ ਹੈ ਤੇ ਗਿਆਨ ਨਹੀਂ, ਉਸ ਤੋਂ ਮਾੜੇ ਕੰਮ ਹੋ ਹੀ ਜਾਂਦੇ ਹਨ। ਨੇਕੀ ਕਰਨੀ ਤਾਂ ਗਿਆਨ ਵਾਲੇ ਦਾ ਕੰਮ ਹੈ ਜੋ ਚਾਹੇ ਗਰੀਬ ਹੈ, ਚਾਹੇ ਅਮੀਰ, ਚਾਹੇ ਵਿਦਿਆ ਵਾਲਾ ਹੈ, ਚਾਹੇ ਨਹੀਂ।

ਮਰਦਾਨਾ-ਪੀਰ ਤਾਂ ਰਿਆਜ਼ਤਾਂ (ਘਾਲਾਂ) ਨਾਲ ਬਣਦੇ ਹਨ, ਫੇਰ ਮਾੜੇਪਨ ਵਿਚ ਕਿਉਂ ਪੈਂਦੇ ਹਨ?

ਸ੍ਰੀ ਗੁਰੂ ਜੀ -ਰਿਆਜ਼ਤਾਂ ਤੇ ਘਾਲਾਂ ਕਰਨ ਲਈ ਬੀ ਅੱਖਾਂ ਦੀ ਲੋੜ ਹੈ। ਬਿਨਾਂ ਅੱਖਾਂ ਦੇ ਖੁੜੱਲ ਵਿਚ

ਡਿੱਗ ਪੈਂਦੇ ਹਨ।

ਮਰਦਾਨਾ-ਉਨ੍ਹਾਂ ਨੂੰ ਗਿਆਨ ਦੀਦੇ ਨਹੀਂ ਹੁੰਦੇ?

ਸ੍ਰੀ ਗੁਰੂ ਜੀ - ਮਨ ਹੈ ਭੁੱਖਾ। ਇਸ ਨੂੰ ਹੈਨ ਲੋੜਾਂ ਤੇ ਲੋੜਾਂ ਤੋਂ ਵੱਧ ਦੀ ਮੰਗ-ਤ੍ਰਿਸ਼ਨਾ। ਸੋ ਰਿਆਜ਼ਤ ਕਰਦਿਆਂ ਜਦ ਨੇਕ ਨਾਮੀ ਹੋ ਜਾਵੇ ਯਾ ਕੋਈ ਰਿਧੀ-ਸਿਧੀ ਫੁਰ ਪਵੇ ਤਾਂ ਮਨ ਉਹਨਾਂ ਵਿਚ ਹੀ ਫਸ ਜਾਂਦਾ ਹੈ, ਮਨ ਹੋਇਆ ਲਓ ਲਈ ਦੀ ਅਤ੍ਰਿਪਤ ਭੁੱਖ ਵਾਲਾ। ਇਹ ਹੈ ਖੁੜੱਲ ਸਾਧਕਾਂ ਦੀ।

ਮਰਦਾਨਾ-ਬਚੇ ਕੀਕੂੰ? ਢਹਿ ਪਵੇ ਤਾਂ ਨਿਕਲੇ ਕੀਕੂੰ?

ਗੁਰੂ ਜੀ-ਪਹਿਲਾਂ ਸਿਞਾਣ ਕੇ ਟੁਰੇ ਨਾ। ਸੇਧ ਬੰਨ੍ਹੇ ਕਰਤਾਰ ਦੀ, ਵਾਸ਼ਨਾਂ ਨੂੰ ਕਰੇ ਵਸ, ਆਪਾ ਜਿੱਤੇ, ਫੇਰ ਸਾਧਨਾ ਕਰੇ, ਟੇਕ ਧਰੇ ਕਰਤਾਰ ਤੇ, ਉਸੇ ਦੇ ਪਿਆਰ ਨੂੰ ਸਭ ਕੁਛ ਸਮਝੇ, ਜਗਤ ਦੇ ਪਦਾਰਥਾਂ ਤੇ ਤਾਕਤਾਂ ਤੋਂ ਵੈਰਾਗ ਧਾਰੇ। ਪੈਰ ਨਹੀਂ ਫਸਦਾ ਏਸ ਖੁੜੱਲ ਵਿਚ।

ਮਰਦਨਾ-ਫੇਰ ਹੁਣ ਜਿਸ ਪੀਰ ਵਲ ਚੱਲੇ ਹੋ, ਉਹ ਕੋਈ ਸੱਜਣ ਵਾਂਗੂੰ ਸਾਡੀ ਜਾਨ ਦਾ ਲੁਟੇਰਾ ਹੀ ਹੋਊ ਕਿ ਸੁੱਖ ਗੁਜ਼ਰੇਗੀ?

ਗੁਰੂ ਜੀ -ਘਬਰਾ ਨਹੀਂ, ਕਰਤਾਰ ਭਲੀ ਕਰੇਗਾ।

ਇਉਂ ਗੱਲਾਂ ਕਰਦੇ ਟੁਰੀ ਗਏ। ਦੋ ਤ੍ਰੈ ਦਿਨ ਰਾਤਾਂ ਰਸਤੇ ਵਿਚ ਮੁਕਾਮ ਬੀ ਕੀਤੇ। ਫੇਰ ਇਕ ਗਿਰਾਉਂ ਦੇ ਬਾਹਰ ਉੱਚਾ ਤੇ ਸੁਥਰਾ ਥਾਂ ਦੇਖ ਕੇ ਟਿਕ ਗਏ। ਏਥੇ ਹੀ ਕੀਰਤਨ ਦਾ ਰੰਗ ਲਗ ਗਿਆ ਤੇ ਇੱਥੇ ਹੀ ਲੋਕੀਂ ਆ ਗਏ। ਪਿੰਡ ਦੇ ਲੋਕੀਂ ਦਰਸ਼ਨ ਕਰਕੇ ਨਿਹਾਲ ਹੋਏ ਤੇ ਘਰਾਂ ਵਿਚ ਚੱਲਣ ਲਈ ਬਿਨੈ ਕਰਨ ਲੱਗੇ, ਪਰ ਆਪ ਉਥੇ ਹੀ ਟਿਕੇ ਰਹੇ। ਕੁਛ ਦਿਨਾਂ ਵਿਚ ਸੰਗਤ ਦਾ ਆਉਣ ਜਾਣ ਹੋ ਪਿਆ ਤਾਂ ਪੀਰ ਦੇ ਕੰਨ ਆਵਾਜ਼ ਪਈ ਕਿ ਕੋਈ ਦਰਵੇਸ਼ ਆਇਆ ਹੈ, ਜੋ ਚਲਦੇ ਦਰਿਆ ਰੋਕਦਾ ਹੈ ਆਪਣੀ ਖੁਸ਼-ਇਲਹਾਨੀ ਨਾਲ। ਫਿਰ ਸੁਣਿਓਸੁ ਕਿ ਤਾਕਤ ਵਾਲਾ ਹੈ। ਫੇਰ ਕਿਸੇ ਕਿਹਾ ਡੇਰਾ ਪਾਉਣ ਲੱਗਾ ਹੈ ਉਜਾੜ ਵਿਚ ਤੇ ਚੁਬਾਰਾ ਬੀ ਬਣਾਸੀ। ਤਾਂ ਫਕੀਰ ਗੁੱਸੇ ਦੇ ਘਰ ਆ ਗਿਆ ਤੇ ਗੁਰੂ ਜੀ ਨੂੰ ਨੀਚਾ ਦਿਖਾਉਣ ਲਈ ਤੁਰ ਪਿਆ ਤੇ ਤੇ ਆ ਗਿਆ ਗੁਰੂ ਕੇ ਟਿਕਾਣੇ। ਇਸ ਨੇ ਤ੍ਰਾਟਕ ਆਦਿ ਸਾਧਨਾਂ ਤੇ ਮਾਨਸਕ ਬਲ ਲਈ ਚਿਲ੍ਹੇ ਕੱਟੇ ਹੋਏ ਸਨ, ਸੋ ਉਹ ਮਨ ਦੇ ਜ਼ੋਰ ਦੇ ਕੇ ਲੱਗਾ ਦਬਾਉ ਪਾਉਣ ਗੁਰੂ ਜੀ ਦੀ ਸੁਰਤ ਉਤੇ, ਪਰ ਗੁਰੂ ਬਾਬਾ ਨਾ ਭੈ ਦੇ ਘਰ ਵਸਦਾ ਸੀ, ਨਾ ਤ੍ਰਿਸ਼ਨਾ ਦੇ, ਨਾ ਵੈਰ ਕਰਨ ਜਾਣਦਾ ਸੀ, ਨਾ ਹਨ੍ਹੇਰੇ ਵਾਲਾ ਮੋਹ; ਸੋ ਚੜ੍ਹੇ ਸੂਰਜ ਵਾਂਗ ਰੋਸ਼ਨ ਚਮਕਦਾ ਬੈਠਾ ਰਿਹਾ, ਕੀਰਤਨ ਹੋ ਚੁੱਕਾ ਤਾਂ ਪੁੱਛਣ ਲੱਗਾ, ਦਰਵੇਸ਼! ਕਿਧਰੋਂ ਆਏ ਤੇ ਕਿਧਰ ਜਾਓਗੇ?

ਗੁਰੂ ਜੀ - ਪੌਣ ਇਕ ਪਾਸਿਓਂ ਆਉਂਦੀ ਹੈ, ਦੂਜੇ ਪਾਸੇ ਟੁਰ ਜਾਂਦੀ ਹੈ, ਉਹ ਟੁਰੀ ਹੀ ਰਹਿੰਦੀ ਹੈ, ਆਉਂਦੀ ਜਾਂਦੀ ਅਸੀਂ ਆਖ ਦਿੰਦੇ ਹਾ।

ਪੀਰ-ਸੁਣਿਆਂ ਸੀ ਇਥੇ ਟਿਕੋਗੇ। ਟਿਕੋ ਤਾਂ ਕੋਠਾ ਪੁਆ ਦੇਈਏ, ਬੈਠ ਕੇ ਤਪ ਕਰੋ।

ਗੁਰੂ ਜੀ - ਤੁਸੀਂ ਬੈਠੇ ਰਹੋ, ਸਾਨੂੰ ਟੁਰਨੇ ਦਾ ਹੁਕਮ ਹੈ, ਅਜੇ।

ਪੀਰ (ਸੁਖੱਲਾ ਸਾਹ ਲੈ ਕੇ)-ਅਸਾਂ ਸੁਣਿਆ ਸੀ ਚੁਬਾਰਾ ਪਾਓਗੇ।

ਗੁਰੂ ਜੀ -ਪਾਵਾਂਗੇ ਕਿ ਢਾਵਾਂਗੇ? ਫਕੀਰ ਦਾ ਘਰ ਸਾਂਈਂ ਦੇ ਚੁਬਾਰੇ।

ਪੀਰ-ਸਮਝ ਨਹੀਂ ਪਿਆ, ਨਾਲੇ ਢਾਹੁਣਾ ਨਾਲੇ ਚੁਬਾਰੇ ਵੱਸਣਾ!

ਗੁਰੂ ਜੀ - ਕਹਿੰਦੇ ਹਨ ਮਨੁੱਖ ਮਿੱਟੀ ਤੋਂ ਬਣਿਆ ਹੈ, ਸੋ ਮਿੱਟੀ ਨਾਲ ਏਸਦਾ ਪਿਆਰ ਹੈ। ਇਕ ਮਿੱਟੀ ਦਾ ਤਾਂ ਸਰੀਰ ਹੈਸੁ, ਇਕ ਇਹ ਮਿੱਟੀ ਦਾ ਹੋਰ ਮੰਡਪ ਉਸਾਰ ਕੇ ਵਿਚ ਵੜ ਬੈਠਦਾ ਹੈ, ਫੇਰ ਬਫਾਉਂਦਾ ਹੈ ਕਿ ਮੈਂ ਹਾਂ ਮਾਲਕ,ਪਰ ਤਲਬ ਸਾਂਈ ਦੀ ਆਈ ਨਹੀਂ ਕਿ ਦੁਇ ਮੜੋਲੀਆਂ ਮਿੱਟੀ ਦੀਆਂ ਛੱਡ ਤੁਰਦਾ ਹੈ। ਮਿੱਟੀ ਵਿਚ ਫਸ ਬੈਠਣਾ ਮਿੱਟੀ ਵਰਗੀ ਅਕਲ ਦਾ ਕੰਮ ਹੈ। ਫਕੀਰ ਉੱਜਲ ਮਤਿ ਹੁੰਦਾ ਹੈ, ਉਹ ਮਿੱਟੀ ਤੋਂ ਵੱਖ ਹੋ ਕੇ ਮਿੱਟੀ ਨੂੰ ਵੇਖਦਾ ਹੈ ਕਿ ਇਹ ਮੈਂ ਨਹੀਂ, ਮਿੱਟੀ ਤੋਂ ਉਪਰ ਸਾਂਈ ਦੀ ਜੋਤਿ ਦਾ ਚੁਬਾਰਾ ਹੈ, ਫਕੀਰ ਉਸ ਵਿਚ ਜਾ ਟਿਕਾਣਾ ਕਰਦਾ ਹੈ। ਉਠਦਾ, ਬਹਿੰਦਾ, ਟੁਰਦਾ, ਉਨਮਨ ਵਿਚ ਰਹਿੰਦਾ ਹੈ, ਫਕੀਰ ਇਸ ਚੁਬਾਰੇ ਖੇਡਦਾ ਹੈ। ਮਿੱਟੀ ਦਾ ਪਿਆਰ ਮਿੱਟੀ ਵਿਚ ਲੈ ਜਾਂਦਾ ਹੈ। ਚੁਬਾਰੇ ਉਲਟ ਕੇ ਮੜ੍ਹੀਆਂ, ਗੋਰਾਂ ਕਬਰਾਂ ਬਣ ਜਾਂਦੇ ਹਨ। ਮਿੱਟੀ ਦਾ ਪਿਆਰ ਮਿੱਟੀ ਵਿਚ ਰੱਖਸੀ।

ਪੀਰ ਸੁਣ ਕੇ ਘਬਰਾਇਆ, ਸਾਰੀਆਂ ਗੱਲਾਂ ਯਥਾਰਥ ਸਨ। ਉਸ ਨੂੰ ਚੁਬਾਰੇ ਨਾਲ ਪਿਆਰ ਸੀ, ਆਪਣੀ ਹੈਂਕੜ ਨਾਲ ਪਿਆਰ ਸੀ, ਇਸ ਕਰਕੇ ਉਸ ਦਾ ਹੁਕਮ ਸੀ ਕਿ ਮੇਰੇ ਪਿੰਡ ਦੇ ਨੇੜੇ-ਤੇੜੇ ਕੋਈ ਚੁਬਾਰਾ ਨਾ ਪਵੇ। ਜੇ ਕੋਈ ਪੁਆਉਂਦਾ ਤਾਂ ਢੁਆ ਦਿੰਦਾ। ਮੁਸਲਮਾਨ ਹੋਣ ਕਰਕੇ ਇਸ ਦੀ ਚਲਦੀ ਸੀ, ਦੂਸਰੇ ਕਰਾਮਤੀ ਹੋਣ ਦਾ ਭੈ ਦੁਨੀਆਂ ਨੂੰ ਖਾ ਰਿਹਾ ਸੀ। ਸਭ ਲੋਕ ਇਸ ਦੇ ਆਮਨੇ ਨੂੰ ਮੰਨਦੇ ਸਨ। ਇਹ ਕੋਈ ਨੇਕੀ ਦਾ ਸਿਖਿਆ ਦਾਤਾ ਨਹੀਂ ਸੀ, ਪਰ ਆਪਣੀ ਰਿਆਜ਼ਤ ਦੀ ਹਉਂ ਵਿਚ ਆਪਣੀ ਉੱਚਤਾ ਮਨਾ ਕੇ ਖੁਸ਼ ਹੁੰਦਾ ਸੀ, ਇਸ ਤਰ੍ਹਾਂ ਇਸ ਤੋਂ ਕਈ ਵਧੀਕੀਆਂ ਹੋ ਪੈਂਦੀਆਂ ਸਨ। ਅੱਜ ਗੁਰੂ ਬਾਬੇ ਦੇ ਬਚਨ ਸੁਣ ਕੇ ਹੋਸ਼ ਦੇ ਘਰ ਵਿਚ ਆਇਆ। ਗੁਰੂ ਬਾਬੇ ਨੂੰ ਅਰਦਾਸ ਕਰਕੇ ਕੁਛ ਦਿਨ ਉਥੇ ਰੱਖਿਆ ਤੇ ਸਤਿਸੰਗ ਕਰਕੇ ਜਿਹੜੀ ਅਟਕ ਸੀ, ਨਿਕਲ ਗਈ। ਕਰਾਮਾਤ ਦਾ ਸ਼ੌਕ ਟੁੱਟ ਗਿਆ, ਰਜ਼ਾ ਤੇ ਨਾਮ ਦਾ ਰੰਗ ਲਗ ਗਿਆ। ਉਹ ਪਰਜਾ, ਜੋ ਇਸ ਦੇ ਹੰਕਾਰ ਕਰਕੇ ਔਖ ਵਿਚ ਸੀ, ਸੁਖੀ ਹੋ ਗਈ।

*'ਚਲਦਾ........./'*

# ਜਪੁਜੀ ਦੇ ਪੰਜ ਖੰਡ

*ਡਾ. ਜਗਜੀਤ ਸਿੰਘ*

ਬਾਣੀ ਜਪੁਜੀ ਵਿਚ 34 ਤੋਂ 37 ਤਕ ਚਾਰ ਪਉੜੀਆਂ ਵਿਚ ਪੰਜ ਖੰਡਾਂ ਦਾ ਜ਼ਿਕਰ ਹੈ। ਇਨ੍ਹਾਂ ਖੰਡਾਂ ਵਿਚ ਮਨੁੱਖ ਦੀਆਂ ਵੱਖ-ਵੱਖ ਮਾਨਸਿਕ ਅਤੇ ਅਧਿਆਤਮਕ ਸਥਿਤੀਆਂ ਪ੍ਰਗਟ ਕੀਤੀਆਂ ਗਈਆਂ ਹਨ। ਸੰਸਾਰ ਯਾਤਰਾ ਦੌਰਾਨ ਮਨੁੱਖ ਕਈ ਹੋਣੀਆਂ ਵਿਚੋਂ ਲੰਘਦਾ ਹੈ, ਕਈ ਅਨੁਭਵ ਹਾਸਲ ਕਰਦਾ ਹੈ, ਕੁਦਰਤ ਦੇ ਅਸਚਰਜ ਕੌਤਕ ਵੇਖ ਕੇ ਬਲਿਹਾਰ ਜਾਂਦਾ ਹੈ, ਅਤੇ ਇਸ ਦੇ ਰਚੇਤਾ ਬਾਰੇ ਜਾਣਨ ਦੀ ਕੋਸ਼ਿਸ਼ ਵੀ ਕਰਦਾ ਹੈ। ਇਸ ਬਾਹਰੀ ਬ੍ਰਹਿਮੰਡ ਦੀ ਯਾਤਰਾ ਤੇ ਉਤਸੁਕਤਾ ਨੇ ਅਨੇਕਾਂ ਸਾਇੰਸਦਾਨਾਂ ਨੂੰ ਜਨਮ ਦਿਤਾ ਜਿਨ੍ਹਾਂ ਨੇ ਇਸ ਵਿਸ਼ਾਲ ਬ੍ਰਹਿਮੰਡ ਬਾਰੇ ਜਿੰਨਾਂ ਵੀ ਉਹ ਜਾਣ ਸਕੇ, ਮਨੁੱਖਤਾ ਨਾਲ ਸਾਂਝਾ ਕੀਤਾ। ਮਨੁੱਖ ਦੀ ਯਾਤਰਾ ਕੇਵਲ ਬਾਹਰ ਦਿਸਦੇ ਬ੍ਰਹਿਮੰਡ ਦੀ ਯਾਤਰਾ ਤਕ ਸੀਮਿਤ ਨਹੀਂ, ਉਸ ਦੇ ਅੰਦਰ ਵੀ ਬਹੁਤ ਕੁਝ ਵਾਪਰਦਾ ਹੈ। ਉਸ ਦੇ ਦਿਸਦੇ ਸਰੀਰ ਵਿਚ ਮਨ ਹੈ, ਬੁੱਧੀ ਹੈ, ਅਤੇ ਅਨੁਭਵੀ ਮਹਾਂਪੁਰਸ਼ਾਂ ਅਨੁਸਾਰ ਅਸਲ ਵਸਤੂ ਧੁਰ ਅੰਦਰ ਸਥਿਤ ਆਤਮਾ ਹੈ ਜੋ ਪਰਮ-ਆਤਮਾ ਪਾਰਬ੍ਰਹਮ ਪ੍ਰਮੇਸ਼੍ਵਰ ਦੀ ਅੰਸ ਹੈ। ਜੋ ਸਦੀਵ ਹੈ, ਸਤਿ ਹੈ, ਨਿਰਮਲ ਹੈ, ਪ੍ਰਭੂ-ਸੱਤਾ ਸਪੰਨ ਹੈ, ਪ੍ਰਭੂ-ਜੋਤਿ ਹੈ, ਜਿਸ ਦੀ ਹੋਂਦ ਹੀ ਬਾਹਰੀ ਸਾਰੇ ਰੂਪਾਂ ਦੀ ਹੋਂਦ ਦਾ ਕਾਰਨ ਹੈ, ਸਭ ਨੂੰ ਕਿਰਿਆਸ਼ੀਲ ਕਰਨ ਦਾ ਕਾਰਨ ਹੈ। ਇਸ ਦਾ ਅਨੁਭਵ ਹੀ ਮਨੁੱਖੀ ਜੀਵਨ ਦਾ ਲਕਸ਼ ਹੈ ਅਤੇ ਇਹ ਅਨੁਭਵ ਕੇਵਲ ਗੁਰੂ ਰਾਹੀਂ ਹੀ ਸੰਭਵ ਹੁੰਦਾ ਹੈ। ਗੁਰੂ ਮਹਾਰਾਜ ਦਾ ਕਥਨ ਹੈ -

*ਸਭ ਮਹਿ ਜੋਤਿ ਜੋਤਿ ਹੈ ਸੋਇ ॥*
*ਤਿਸ ਦੈ ਚਾਨਣਿ ਸਭ ਮਹਿ ਚਾਨਣੁ ਹੋਇ ॥*
*ਗੁਰ ਸਾਖੀ ਜੋਤਿ ਪਰਗਟੁ ਹੋਇ ॥* *ਅੰਗ - ੧੩*

ਅੰਦਰਲੀ ਯਾਤਰਾ ਅਤੇ ਜੋਤਿ ਦੇ ਅਨੁਭਵ ਤੋਂ ਬਿਨਾਂ ਬਾਹਰੀ ਸਰੀਰਕ ਜੀਵਨ ਅਤੇ ਬਾਹਰੀ ਸੰਸਾਰ ਯਾਤਰਾ ਅਤੇ ਬ੍ਰਹਿਮੰਡ ਦਾ ਗਿਆਨ ਅਧੂਰੀ ਯਾਤਰਾ ਹੈ, ਅਧੂਰਾ ਗਿਆਨ ਹੈ। ਸਮੁੱਚੀ ਗੁਰਬਾਣੀ ਵਿਚ ਮਨੁੱਖ ਦੀ ਹੋਣੀ ਅਤੇ ਸਫਲ, ਪੂਰਨ ਯਾਤਰਾ ਦਾ ਬਖਾਨ ਹੈ। ਜਪੁਜੀ ਨੂੰ ਸਮੁੱਚੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਦਾ ਸਾਰ ਮੰਨਿਆ ਜਾਂਦਾ ਹੈ। ਪੰਜਾਂ ਖੰਡਾਂ ਵਿਚ ਇਸ ਯਾਤਰਾ ਦੇ ਆਰੰਭਕ ਅਤੇ ਅੰਤਮ ਪੜਾਵਾਂ ਦਾ ਜ਼ਿਕਰ ਹੈ।

ਪੰਜ ਖੰਡ ਲੜੀਵਾਰ ਇਹ ਦਸੇ ਹਨ - **ਧਰਮ ਖੰਡ, ਗਿਆਨ ਖੰਡ, ਸਰਮ ਖੰਡ, ਕਰਮ ਖੰਡ** ਅਤੇ **ਸੱਚ ਖੰਡ।**

ਧਰਮ ਖੰਡ ਇਸ ਯਾਤਰਾ ਦਾ ਪਹਿਲਾ ਖੇਤਰ ਹੈ। ਮਨੁੱਖ ਦੀ ਅੱਖ ਬਾਹਰ ਨੂੰ ਖੁਲ੍ਹਦੀ ਹੈ। ਖੁਲ੍ਹੀ ਅੱਖ ਨੂੰ ਧਰਤੀ, ਆਕਾਸ਼, ਸੂਰਜ, ਚੰਨ ਤਾਰੇ, ਪਉਣ, ਪਾਣੀ, ਅਗਨੀ ਆਦਿ ਪ੍ਰਕਿਰਤੀ ਦਿਸਦੀ ਹੈ, ਇਨ੍ਹਾਂ ਦਾ ਲੋੜ ਅਨੁਸਾਰ ਅਨੁਭਵ ਵੀ ਪ੍ਰਾਪਤ ਹੁੰਦਾ ਹੈ। ਧਰਤੀ ਉਪਰ ਹਰਿਆਵਲ ਅਤੇ ਬਨਸਪਤੀ, ਵਿਚਰਦੇ ਜੀਅ ਜੰਤ, ਪਸ਼ੂ, ਪੰਛੀ ਅਨੇਕ ਪ੍ਰਕਾਰ ਦੀ ਹੋ ਰਹੀ ਕਿਰਿਆ ਦ੍ਰਿਸ਼ਟਮਾਨ ਹੁੰਦੀ ਹੈ। ਸਮੁੰਦਰ, ਦਰਿਆ, ਪਹਾੜ ਵੀ ਦਿਸਦੇ ਹਨ। ਇਸ ਸਾਰੇ ਵਾਯੂ ਮੰਡਲ ਵਿਚਕਾਰ ਮਨੁੱਖ ਆਪਣੀ ਹੋਣੀ ਸਿਰਜਦਾ ਹੈ, ਬੁੱਧੀ ਦਾ ਪ੍ਰਯੋਗ ਕਰਕੇ ਉਸ ਨੇ ਕੁਦਰਤ ਦੀਆਂ ਸ਼ਕਤੀਆਂ ਨੂੰ ਸਮਝਿਆ, ਉਨ੍ਹਾਂ ਦੀ ਵਰਤੋਂ ਕੀਤੀ, ਨਤੀਜੇ ਵਜੋਂ ਅੱਜ ਦਾ ਸਮਾਜ ਅਤੇ ਸਭਿਅਤਾ, ਹੋਂਦ ਵਿਚ ਆਏ। ਸਰੀਰਕ ਜੀਵਨ ਦੇ ਸਾਰੇ ਸੁਖ ਆਰਾਮ ਮਨੁੱਖ ਦੇ ਐਸੇ ਯਤਨਾਂ ਦਾ ਨਤੀਜਾ ਹਨ। ਪਰ ਇਨ੍ਹਾਂ ਪ੍ਰਾਪਤੀਆਂ ਦੇ ਬਾਵਜੂਦ ਵੀ ਮਨੁੱਖ ਤ੍ਰਿਪਤ ਨਹੀਂ, ਅੰਦਰੋਂ ਖੁਸ਼ ਅਤੇ ਚਿੰਤਾ-ਰਹਿਤ ਨਹੀਂ। ਅਮੀਰ ਦੇਸ਼ਾਂ ਦੇ ਵਾਸੀ ਵੀ ਸਰੀਰਕ ਅਤੇ ਮਾਨਸਿਕ ਤੌਰ ਤੇ ਦੁਖੀ ਹਨ। ਬਾਹਰੀ ਤਰੱਕੀ ਦੇ ਬਾਵਜੂਦ ਸੰਸਾਰ ਵਿਚ, ਦੇਸ਼ਾਂ ਵਿਚ, ਮਨੁੱਖਾਂ ਵਿਚ, ਵੈਰ-ਵਿਰੋਧ, ਲੜਾਈਆਂ ਝਗੜੇ ਕਾਇਮ ਹਨ। ਅੱਜ ਆਤੰਕਵਾਦ ਦਾ ਬੋਲਬਾਲਾ ਹੈ। ਲੱਖਾਂ ਜਾਨਾਂ ਭੰਗ ਦੇ ਭਾੜੇ ਬਰਬਾਦ ਹੋ ਰਹੀਆਂ ਹਨ। ਅਧਿਆਤਮਵਾਦੀ ਮਨੁੱਖ ਇਸ ਦਾ ਇਕੋ ਕਾਰਨ ਇਹ ਸਮਝਦਾ ਹੈ ਕਿ ਮਨੁੱਖ ਨੇ ਆਪਣੀ ਹੋਣੀ ਨੂੰ ਸਮਝਿਆ ਤੇ ਬੁਝਿਆ ਨਹੀਂ। ਰਿਸ਼ੀਆਂ-ਮੁਨੀਆਂ, ਭਗਤਾਂ, ਸੰਤਾਂ, ਗੁਰੂਆਂ ਨੇ ਮਨੁੱਖ ਦੇ ਸਹੀ ਸਰੂਪ ਅਤੇ ਲਕਸ਼ ਨੂੰ ਕਰੜੀ ਘਾਲਣਾ ਰਾਹੀਂ ਸਮਝਿਆ, ਬੁਝਿਆ ਤੇ ਅਨੁਭਵ ਕੀਤਾ ਹੈ ਅਤੇ ਇਸ ਦਾ ਜ਼ਿਕਰ ਆਪਣੀਆਂ ਲਿਖਤਾਂ ਵਿਚ ਕੀਤਾ ਹੈ, ਗੁਰੂ ਗ੍ਰੰਥ ਸਾਹਿਬ ਐਸੀ ਬਾਣੀ ਦਾ ਹੀ ਸੰਕਲਨ ਹੈ। ਬਾਣੀ ਅਨੁਸਾਰ ਸਾਰੀ ਮਨੁੱਖਤਾ ਦਾ ਕਰਤਾ ਪ੍ਰਮਾਤਮਾ ਹੈ, ਇਕ ਵਾਹਿਗੁਰੂ ਹੀ ਸਭ ਮਨੁੱਖਾਂ ਦਾ ਮਾਤਾ ਪਿਤਾ ਬੰਧਪ ਭਰਾਤਾ ਹੈ, ਦੇਸ਼ਾਂ ਦੀਆਂ ਵੰਡਾਂ ਮਸਨੂਈ ਹਨ, ਵਿਵਹਾਰਕ ਪ੍ਰਬੰਧ ਲਈ ਹਨ। ਜਾਤਾਂ, ਪਾਤਾਂ, ਧਰਮਾਂ, ਅਮੀਰੀ, ਗਰੀਬੀ ਦੇ ਆਧਾਰ ਤੇ ਵੈਰ ਵਿਰੋਧ ਨਫਰਤ, ਮਨੁੱਖੀ ਹੋਣੀ ਅਤੇ ਉਸ ਦੀ ਤਰੱਕੀ ਅਤੇ ਸੁਖ ਸ਼ਾਂਤੀ ਦੇ ਵਿਪਰੀਤ ਹਨ। ਵਾਹਿਗੁਰੂ ਦੀ ਹੋਂਦ ਦਾ ਅਨੁਭਵ ਹੀ ਮਨੁੱਖ ਦੀ ਸਫਲ ਯਾਤਰਾ ਦੀ ਕੁੰਜੀ ਹੈ। ਐਸਾ ਅਨੁਭਵ ਹੀ ਗੁਰੂ ਜੀ ਬਾਣੀ ਜਪੁਜੀ ਅਤੇ ਪੰਜਾਂ ਖੰਡਾਂ ਵਿਚ ਦਸ ਰਹੇ ਹਨ।

'ਧਰਮ ਖੰਡ ਵਿਚ ਮਨੁੱਖ ਦੇ ਸਹੀ ਲਕਸ਼ ਸੱਚੇ ਧਰਮ ਦਾ ਜ਼ਿਕਰ ਹੈ। ਇਸ ਵਿਚ ਉਸ ਦੀ ਸੰਸਾਰ ਯਾਤਰਾ ਨੂੰ ਸਹੀ ਦਿਸ਼ਾ ਪ੍ਰਦਾਨ ਕੀਤੀ ਗਈ ਹੈ। ਇਸ ਪਉੜੀ ਵਿਚ ਸੰਸਾਰ ਅਤੇ ਬ੍ਰਹਿਮੰਡ ਵਿਚ ਵਿਆਪਕ ਰੱਬੀ ਕਾਨੂੰਨ ਦਾ ਜ਼ਿਕਰ ਹੈ ਜਿਸ ਦੀ ਸੋਝੀ ਅਤੇ ਸਮਝ ਮਨੁੱਖੀ ਯਾਤਰਾ ਨੂੰ

ਸਹੀ ਮਾਰਗ ਤੇ ਤੋਰਦੀ ਹੈ। ਅਗਿਆਨ ਵਿਚ ਵਿਚਰਦਾ ਦਿਸ਼ਾ-ਹੀਣ ਮਨੁੱਖ ਔਝੜੇ ਪੈ ਕੇ ਆਪ ਦੁਖੀ ਹੁੰਦਾ ਹੈ ਅਤੇ ਦੂਜਿਆਂ ਦੇ ਦੁਖ ਦਾ ਕਾਰਨ ਬਣਦਾ ਹੈ। ਗੁਰੂ ਜੀ ਮਨੁੱਖ ਦਾ ਮਾਰਗ ਦਰਸ਼ਨ ਕਰਦੇ ਇਸ ਬ੍ਰਹਿਮੰਡ ਵਿਚ ਵਿਆਪਕ ਦੈਵੀ-ਹੁਕਮ ਦੀ ਵਿਆਪਕਤਾ ਸਮਝਾਉਂਦੇ ਦਸਦੇ ਹਨ ਕਿ ਰੱਬੀ ਕਾਨੂੰਨ, ਪ੍ਰਭੂ ਹੁਕਮ ਅਨੁਸਾਰ ਇਸ ਬ੍ਰਹਿਮੰਡ ਦੀ ਰਚਨਾ ਹੋਈ। ਰਾਤਾਂ, ਰੁੱਤਾਂ, ਥਿੱਤਾਂ, ਵਾਰਾਂ ਆਦਿ ਦੇ ਮੰਡਲ ਵਿਚ, ਹਵਾ, ਪਾਣੀ, ਅੱਗ, ਪੰਜ ਤੱਤ ਦੈਵੀ ਹੁਕਮ ਅਨੁਸਾਰ ਮਨੁੱਖ ਦੀ ਜੀਵਨ ਕਿਰਿਆ ਨੂੰ ਚਲਾ ਰਹੇ ਹਨ। ਖੰਡਾਂ, ਬ੍ਰਹਿਮੰਡਾਂ ਦੇ ਇਸ ਬੇਅੰਤ ਪਸਾਰੇ ਵਿਚ ਇਹ ਧਰਤੀ ਸਥਿਤ ਹੈ। ਇਹ ਜਾਣੋ ਲਕਸ਼ ਦੀ ਪ੍ਰਾਪਤੀ ਲਈ, ਮਨੁੱਖ ਲਈ ਧਰਮ ਕਮਾਉਣ ਲਈ, ਧਰਮ-ਸ਼ਾਲਾ ਹੈ। ਸਾਰੇ ਖੰਡ, ਬ੍ਰਹਿਮੰਡ, ਪਉਣ, ਪਾਣੀ, ਅਗਨੀ ਜੀਵ ਜੰਤ ਉਸ ਪ੍ਰਮਾਤਮਾ ਦੀ ਕਿਰਤ ਹਨ ਅਤੇ ਉਸ ਦੇ ਹੁਕਮ ਵਿਚ ਕਿਰਿਆਸ਼ੀਲ ਹਨ -

*ਰਾਤੀ ਰੁਤੀ ਥਿਤੀ ਵਾਰ ॥*
*ਪਵਣ ਪਾਣੀ ਅਗਨੀ ਪਾਤਾਲ ॥*
*ਤਿਸੁ ਵਿਚਿ ਧਰਤੀ ਥਾਪਿ ਰਖੀ ਧਰਮ ਸਾਲ ॥*
*ਅੰਗ- ੭*

ਧਰਤੀ ਦੀ ਸਥਾਪਨਾ ਅਤੇ ਜੀਆਂ ਦੀ ਹੋਂਦ ਰੱਬੀ ਹੁਕਮ ਵਿਚ ਹੋਈ ਅਤੇ ਉਹ ਸਭ ਰੱਬੀ ਹੁਕਮ ਵਿਚ ਕਿਰਿਆਸ਼ੀਲ ਹਨ। ਇਹ ਵਿਚਾਰ ਜਪੁਜੀ ਦੇ ਆਰੰਭ ਵਿਚ ਆ ਚੁੱਕਾ ਹੈ -

*ਹੁਕਮੀ ਹੋਵਨਿ ਆਕਾਰ ਹੁਕਮੁ ਨ ਕਹਿਆ ਜਾਈ ॥*
*ਹੁਕਮੀ ਹੋਵਨਿ ਜੀਅ ਹੁਕਮਿ ਮਿਲੈ ਵਡਿਆਈ ॥*
*ਅੰਗ- ੧*

ਨਿਰਣਾ ਇਹ ਹੈ -

*ਹੁਕਮੈ ਅੰਦਰਿ ਸਭੁ ਕੋ ਬਾਹਰਿ ਹੁਕਮ ਨ ਕੋਇ ॥*
*ਅੰਗ - ੧*

ਧਰਮ ਖੰਡ ਵਿਚ ਗੁਰੂ ਮਹਾਰਾਜ ਦਸ ਰਹੇ ਹਨ -

*ਤਿਸੁ ਵਿਚਿ ਜੀਅ ਜੁਗਤਿ ਕੇ ਰੰਗ ॥*
*ਤਿਨ ਕੇ ਨਾਮ ਅਨੇਕ ਅਨੰਤ ॥* *ਅੰਗ - ੭*

ਅਰਥਾਤ ਕੁਦਰਤ ਦੇ ਇਸ ਪਸਾਰੇ ਵਿਚ ਕਈ ਪ੍ਰਕਾਰ ਦੇ ਅਤੇ ਕਈ ਰੰਗਾਂ ਰੂਪਾਂ ਅਤੇ ਨਾਵਾਂ ਵਾਲੇ ਜੀਵ ਹਨ। ਇਸ ਦਾ ਵਿਸਥਾਰ ਪਉੜੀ 16, 17, 18, 19 ਵਿਚ ਹੋ ਚੁੱਕਾ ਹੈ।

*੧. ਜੀਅ ਜਾਤਿ ਰੰਗਾ ਕੇ ਨਾਵ ॥*
*ਸਭਨਾ ਲਿਖਿਆ ਵੁੜੀ ਕਲਾਮ ॥* *ਅੰਗ - ੧੬*
*੨. ਅਸੰਖ ਜਪ ਅਸੰਖ ਭਾਉ ॥*
*ਅਸੰਖ ਪੂਜਾ ਅਸੰਖ ਤਪ ਤਾਉ ॥* *ਅੰਗ- ੩*
*੩. ਅਸੰਖ ਮੂਰਖ ਅੰਧ ਘੋਰ ॥*
*ਅਸੰਖ ਚੋਰ ਹਰਾਮਖੋਰ ॥* *ਅੰਗ - ੪*
*੪. ਅਸੰਖ ਨਾਵ ਅਸੰਖ ਥਾਵ..........॥ ਅੰਗ - ੪*

ਮਨੁੱਖ ਜਾਤੀ ਦੀਆਂ ਅਨੇਕ ਵੰਨਗੀਆਂ ਦਸ ਕੇ ਨਿਰਣਾ ਇਹ ਦਿਤਾ ਹੈ -

*ਕੁਦਰਤਿ ਕਵਣ ਕਹਾ ਵਿਚਾਰੁ ॥*
*ਵਾਰਿਆ ਨ ਜਾਵਾ ਏਕ ਵਾਰ ॥*
*ਜੋ ਤੁਧੁ ਭਾਵੈ ਸਾਈ ਭਲੀ ਕਾਰ ॥*
*ਤੂ ਸਦਾ ਸਲਾਮਤਿ ਨਿਰੰਕਾਰ ॥* *ਅੰਗ - ੪*

ਅਰਥਾਤ ਬੇਅੰਤ ਕੁਦਰਤ ਦਾ ਕਥਨ ਕਰ ਸਕਣਾ ਬਹੁਤ ਕਠਨ ਹੈ। ਇਹ ਰੱਬੀ ਖੇਡ ਹੈ, ਸਾਰਾ ਬ੍ਰਹਿਮੰਡ ਸਣੇ ਮਨੁੱਖ ਦੇ ਰੱਬੀ ਹੁਕਮ ਵਿਚ ਕਿਰਿਆਸ਼ੀਲ ਹੈ, ਜੋ ਹੁਕਮ ਵਿਚਿ ਕਿਰਿਆਸ਼ੀਲ ਹੈ ਸੁਖੀ ਹੈ, ਜੋ ਹੁਕਮ ਤੋਂ ਆਕੀ ਹੈ, ਦੁਖੀ ਹੈ, ਦੂਜਿਆਂ ਲਈ ਦੁਖ ਦਾ ਕਾਰਨ ਹੈ।

ਧਰਮ ਖੰਡ ਦਾ ਅਗਲਾ ਸਿਧਾਂਤ ਇਹ ਹੈ -

*ਕਰਮੀ ਕਰਮੀ ਹੋਇ ਵੀਚਾਰੁ ॥*
*ਸਚਾ ਆਪਿ ਸਚਾ ਦਰਬਾਰੁ ॥* *ਅੰਗ - ੭*

ਅਰਥਾਤ ਇਸ ਧਰਤੀ ਉਤੇ ਵਿਚਰਦੇ ਮਨੁੱਖ ਦੀ ਹੋਣੀ ਉਸ ਦੇ ਕੀਤੇ ਕਰਮਾਂ ਅਨੁਸਾਰ ਲਿਖੀ ਅਤੇ ਨਜਿੱਠੀ ਜਾਂਦੀ ਹੈ, ਜੋ ਮਨੁੱਖ ਕਰਦਾ ਹੈ, ਉਸ ਦਾ ਹੀ ਫਲ ਭੋਗਦਾ ਹੈ, ਹਰ ਕਰਮ ਦਾ ਪ੍ਰਤੀਕਰਮ ਸੁਤੇ ਸਿਧ ਹੋ ਰਿਹਾ ਹੈ। ਮਨ ਕਰਕੇ, ਬਚਨਾਂ ਕਰਕੇ ਜਾਂ ਸਰੀਰਕ ਕਿਰਿਆ ਰਾਹੀਂ ਹਰੇਕ ਮਨੁੱਖ ਹਰ ਸਮੇਂ ਕਿਰਿਆਸ਼ੀਲ ਹੈ। ਕਰਮਾਂ ਦੇ ਸੰਸਕਾਰ ਬਣਦੇ ਹਨ, ਸੰਸਕਾਰਾਂ ਤੋਂ ਸੁਭਾ ਬਣਦਾ ਹੈ, ਜਿਸ ਦੇ ਪ੍ਰਭਾਵ ਹੇਠ ਮਨੁੱਖ ਚੰਗੇ ਮਾੜੇ ਕਰਮਾਂ ਵਿਚ ਰੁਝਿਆ ਹੋਇਆ ਹੈ। ਇਹ ਵੀ ਰੱਬੀ ਖੇਡ ਦਾ ਹੀ ਅੰਗ ਹੈ, ਰੱਬੀ ਕਾਨੂੰਨ ਦਾ ਹਿੱਸਾ ਹੈ। ਹਰੇਕ ਮਨੁੱਖ ਦੇ ਅੰਦਰ ਹਉਮੈ ਦਾ ਅੰਸ ਵੀ ਰੱਬੀ ਹੁਕਮ ਅਨੁਸਾਰ ਹੈ। ਹਉਮੈ ਦਾ ਅੰਸ ਮਨੁੱਖ ਅੰਦਰ ਦ੍ਵੈਤ ਭਾਵ ਪੈਦਾ ਕਰਦਾ ਹੈ, ਸੁਤੰਤਰ ਹੋਂਦ ਦਾ ਵਿਚਾਰ ਪੈਦਾ ਹੁੰਦਾ ਹੈ, ਮੈਂ, ਮੇਰੀ, ਹੰਗਤਾ, ਮਮਤਾ ਪੈਦਾ ਹੁੰਦੇ ਹਨ ਤੇ ਮਨੁੱਖ, ਹਉਮੈ ਦੇ ਸਿਰਜੇ ਸੰਸਾਰ ਵਿਚ ਵਿਲੀਨ ਹੋ ਜਾਂਦਾ ਹੈ। ਜਿਵੇਂ-ਜਿਵੇਂ 'ਹਉਮੈ' ਵਧਦੀ ਹੈ ਮਨੁੱਖ ਰੱਬੀ ਹੁਕਮ ਤੋਂ ਦੂਰ ਹੁੰਦਾ ਜਾਂਦਾ ਹੈ। ਧਰਮ ਖੰਡ ਦੇ ਇਸ ਕਾਨੂੰਨ ਦਾ ਜ਼ਿਕਰ ਪਹਿਲਾਂ ਪਉੜੀ 20 ਵਿਚ ਇਸ ਪ੍ਰਕਾਰ ਹੋਇਆ ਹੈ -

*ਪੁੰਨੀ ਪਾਪੀ ਆਖਣੁ ਨਾਹਿ ॥*
*ਕਰਿ ਕਰਿ ਕਰਣਾ ਲਿਖਿ ਲੈ ਜਾਹੁ ॥*
*ਆਪੇ ਬੀਜਿ ਆਪੇ ਹੀ ਖਾਹੁ ॥*
*ਨਾਨਕ ਹੁਕਮੀ ਆਵਹੁ ਜਾਹੁ ॥* *ਅੰਗ- ੪*

ਸੰਸਾਰ ਦੀ ਬਹੁਤ ਗਿਣਤੀ ਧਰਮ ਖੰਡ ਦੇ ਇਸ ਦੈਵੀ ਕਾਨੂੰਨ ਵਿਚ ਹੀ ਕਿਰਿਆਸ਼ੀਲ ਹੈ ਅਤੇ ਦੁਖ ਸੁਖ ਭੋਗਦੀ ਜੰਮਦੀ ਮਰਦੀ ਰਹਿੰਦੀ ਹੈ।

*'ਚਲਦਾ.........।'*

# ਪੂਰਨ ਤੰਦਰੁਸਤੀ ਲਈ ਅਨੁਭਵੀ ਮਾਰਗ
## (A Practical Guide To Holistic Health)

*ਡਾ. ਸਵਾਮੀ ਰਾਮ ਜੀ*
*ਅਨੁਵਾਦਕ ਡਾ. ਤੇਜਿੰਦਰ ਮਲਹੋਤਰਾ*

*(ਲੜੀ ਜੋੜਨ ਲਈ ਦੇਖੋ, ਮਾਰਚ ਅੰਕ, ਪੰਨਾ-62)*

ਸੱਤਵਾਂ ਸੰਵੇਗ, ਅੰਤ ਵਾਲਾ ਜੋ ਸਭ ਤੋਂ ਸ਼ਕਤੀਸ਼ਾਲ ਹੈ, ਉਹ ਹੈ ਹਉਮੈ ਭਾਵ। ਇਹ ਤੁਹਾਨੂੰ ਸਭ ਤੋਂ ਵੱਖ ਕਰਕੇ ਆਪਣੇ ਆਪ ਨੂੰ ਦੂਸਰਿਆਂ ਨਾਲ ਤੁਲਨਾ ਕਰਾਉਂਦਾ ਹੈ, ਮੁਕਾਬਲਾ ਕਰਾਉਂਦਾ ਹੈ, ਬਹੁਤ ਵਾਰੀ ਇਹ ਗਲਤ, ਝੂਠੇ ਘੁਮੰਡ ਕਾਰਣ ਹੁੰਦਾ ਹੈ। ਤੁਸੀਂ ਇਸ ਗੱਲ ਤੋਂ ਡਰਦੇ ਹੋ ਕਿ ਤੁਹਾਡੇ ਤੋਂ ਚੰਗਾ ਹੋਰ ਕੋਈ ਨਾ ਹੋਵੇ। ਜਿਨ੍ਹਾਂ ਕੋਲ ਕੁਝ ਨਹੀਂ ਹੁੰਦਾ, ਉਹ ਬਹੁਤ ਵਾਰੀ ਹਉਮੈ ਭਾਵ ਦੇ ਸ਼ਿਕਾਰ ਬਣ ਜਾਂਦੇ ਹਨ, ਇਸ ਤਰ੍ਹਾਂ ਨਾਲ ਉਹ ਆਪਣੀ ਹੀਣ ਭਾਵਨਾ ਨੂੰ ਪੂਰਾ ਕਰਦੇ ਹਨ।

ਉਪਰ ਦਿਤੇ ਸੱਤ ਸੰਵੇਗਾਂ ਨੂੰ ਦੇਖ ਕੇ ਆਪਣੇ ਅੰਦਰ ਇਨ੍ਹਾਂ ਦਾ ਪਰਵਾਹ, ਦੇਖ ਕੇ, ਇੱਛਾ, ਗੁੱਸਾ, ਅਹੰਕਾਰ, ਮੋਹ, ਲੋਭ, ਈਰਖਾ, ਹਉਮੈ, ਤੁਸੀਂ ਆਪਣਾ ਵਿਸ਼ਲੇਸ਼ਨ ਕਰ ਸਕਦੇ ਹੋ। ਆਪਣੇ ਵਿਚਾਰਾਂ ਨੂੰ ਦੇਖ ਕੇ, ਬੋਲਣ ਨੂੰ ਦੇਖ ਕੇ, ਆਪਣੇ ਕਾਰਜ ਨੂੰ ਜੋ ਵੀ ਤੁਸੀਂ ਕਰਦੇ ਹੋ ਤੁਸੀਂ ਦੇਖ ਸਕਦੇ ਹੋ, ਤੁਸੀਂ ਕਿੰਨੇ ਭਾਵਾਤਮਕ ਹੋ, ਜਜ਼ਬਾਤੀ ਹੋ, ਭਾਵਾਤਮਕ ਪੱਖੋਂ ਕਿੰਨੇ ਪਰਪੱਕ ਹੋ। ਜੇਕਰ ਭਾਵਨਾਵਾਂ ਨੂੰ ਕੰਟਰੋਲ ਨਹੀਂ ਕੀਤਾ ਤਾਂ ਕੋਈ ਕੰਟਰੋਲ ਹੈ ਹੀ ਨਹੀਂ। ਕੰਟਰੋਲ ਤੋਂ ਭਾਵ ਦਬਾਉਣਾ ਨਹੀਂ, ਕੰਟਰੋਲ ਤੋਂ ਭਾਵ ਹੈ ਨਿਯਮਤ ਕਰਨਾ, ਆਪਣੀ ਸਮਰੱਥਾ ਅਨੁਸਾਰ ਕੰਟਰੋਲ ਕਰਨਾ, ਤਰਕ ਦਲੀਲ ਨਾਲ, ਭਾਵਨਾਵਾਂ ਦੇ ਪਰਵਾਹ ਤੋਂ ਅੱਗੇ ਰਹਿਣਾ, ਪਰ੍ਹੇ ਰਹਿਣਾ।

ਤੁਹਾਨੂ ਸੰਵੇਗਕ ਪਰਪੱਕਤਾ ਸਿੱਖਣੀ ਚਾਹੀਦੀ ਹੈ, ਜਿਸ ਨਾਲ ਤੁਹਾਨੂੰ ਸੰਵੇਗਾਂ ਦੀ ਸਕਾਰਾਤਮਕ ਵਰਤੋਂ ਪਤਾ ਲਗ ਜਾਏ। ਸਕਾਰਾਤਮਕ ਸੰਵੇਗ ਤੁਹਾਨੂੰ ਸ੍ਵੈਨਿਰਭਰਤਾ ਦਿੰਦੇ ਹਨ। ਆਤਮ ਵਿਸ਼ਵਾਸ਼ ਦਿੰਦੇ ਹਨ। ਤੁਹਾਡੇ ਮਨ, ਕਰਮ ਬੋਲਾਂ ਨੂੰ ਪ੍ਰੇਰਣਾ ਦਿੰਦੇ ਹਨ, ਅਨੰਦਮਈ ਬਣਾਉਂਦੇ ਹਨ, ਨਿਰਸੁਆਰਥ ਪਿਆਰ ਸਭ ਤੋਂ ਉਤਮ ਸੰਵੇਗ ਹੈ। ਇਹ ਪਿਆਰ ਸ਼ਰਧਾ, ਲਗਨ ਬਣ ਜਾਂਦਾ ਹੈ। ਜਦੋਂ ਤੁਸੀਂ ਦੂਸਰੇ ਨੂੰ ਪਿਆਰ ਕਰਦੇ ਹੋ, ਤੁਸੀਂ ਉਸ ਨੂੰ ਦੇਣਾ ਚਾਹੁੰਦੇ ਹੋ,ਜੋ ਵੀ ਤੁਹਾਡੇ ਕੋਲ ਹੋਵੇ, ਤੁਸੀਂ ਦੇਣਾ ਚਾਹੁੰਦੇ ਹੋ। ਇਹ ਅਨੰਦ ਸਕਾਰਾਤਮਕ ਸੰਵੇਗ ਹੈ, ਇਹ ਸੰਵੇਗ ਤੁਹਾਨੂੰ ਰਚਨਾਤਮਕ ਬਣਾਉਂਦਾ ਹੈ, ਸਫਲ ਬਣਾਉਂਦਾ ਹੈ। ਤੂੰ ਸ਼ਾਂਤੀ, ਸਥਿਰਤਾ ਤੇ ਸਮਾਚਿਤ ਬਣਾਉਂਦੀ ਹੈ।

ਸਕਾਰਾਤਮਕ ਸੰਵੇਗ ਸ੍ਵੈਵਿਕਾਸ ਲਈ ਬਹੁਤ ਸਹਾਇਕ ਹਨ, ਇਸ ਦੀਆਂ ਜੜ੍ਹਾਂ ਨਿਰਸੁਆਰਥ ਸੇਵਾ ਤੇ ਪਿਆਰ ਵਿਚ ਹਨ ਇਸ ਨਾਲ ਮਾਨਵ ਚੇਤਨਾ ਦਾ ਵਿਕਾਸ ਹੁੰਦਾ ਹੈ। ਜਦੋਂ ਮਨ ਵਿਸ਼ਲੇਸ਼ਨ ਕਰਕੇ, ਖੋਜ ਕਰਕੇ ਥੱਕ ਜਾਂਦਾ ਹੈ, ਉਸ ਨੂੰ ਕੋਈ ਜੁਆਬ ਨਹੀਂ ਮਿਲਦੀ ਉਦੋਂ ਸਕਾਰਾਤਮਕ ਸੰਵੇਗ ਸਹਾਈ ਹੋ ਕੇ ਮਨ ਦੀ ਦਸ਼ਾ ਬਦਲ ਕੇ ਪ੍ਰਾਪਤੀ ਵਲ ਲੈ ਜਾਂਦਾ ਹੈ। ਜਿਹੜੇ ਅੰਤਰਮੁਖੀ ਹਨ ਉਹ ਜਾਣਦੇ ਹਨ, ਜੀਵਨ ਦਾ ਮੁੱਲ ਕੀ ਹੈ, ਉਹ ਜਾਣਦੇ ਹਨ ਕਿ ਅੰਦਰ ਦਾ ਸੰਸਾਰ ਬਹੁਤ ਕੁਝ ਦੇ ਸਕਦਾ ਹੈ, ਜਿਨ੍ਹਾਂ ਡੂੰਘਾ ਉਹ ਜਾਣਗੇ, ਉਨ੍ਹਾਂ ਹੀ ਉਨ੍ਹਾਂ ਨੂੰ ਅੰਦਰ ਦੇ ਸੋਮਿਆਂ ਦਾ ਪਤਾ ਲੱਗੇਗਾ। ਜਦੋਂ ਚਾਰ ਪ੍ਰਮੁੱਖ ਪ੍ਰਵਿਰਤੀਆਂ ਨਿਯਮਤ ਹੋ ਜਾਂਦੀਆਂ ਹਨ, ਸੱਤ ਸੰਵੇਗਕ ਪ੍ਰਵਾਹ ਕੰਟਰੋਲ ਹੋ ਜਾਂਦੇ ਹਨ, ਫੇਰ ਸਕਾਰਾਤਮ ਸੰਵੇਗ ਪੈਦਾ ਹੁੰਦੇ ਹਨ। ਫੇਰ ਤੁਸੀਂ ਆਪਣੇ ਸੰਵੇਗਾਂ ਦੀ ਸ਼ਕਤੀ ਦੀ ਸਭ ਤੋਂ ਚੰਗੀ ਵਰਤੋਂ ਕਰ ਸਕਦੇ ਹੋ। ਇਹ ਮਨੁੱਖ ਦੀ ਸਭ ਤੋਂ ਉਤਮ ਸ਼ਕਤੀ ਹੈ, ਇਹ ਸਭ ਤੋਂ ਉਤਮ ਗਿਆਨ ਅਤੇ ਸਿਆਣਪ ਦੇ ਸਕਦੀ ਹੈ। ਸੋ ਤੁਹਾਨੂੰ ਸੰਵੇਗਕ ਪਰਪੱਕਤਾ ਸਿਖਣੀ ਚਾਹੀਦੀ ਹੈ ਜਿਸ ਨਾਲ ਤੁਹਾਨੂੰ ਸੰਵੇਗਾਂ ਦੀ ਠੀਕ ਵਰਤੋਂ ਦਾ ਪਤਾ ਲਗ ਜਾਵੇ, ਤੁਸੀਂ ਉਨ੍ਹਾਂ ਦੀ ਸਕਾਰਾਤਮਕ ਵਰਤੋਂ ਕਰ ਸਕੋ।

ਇੱਛਾ ਦੇ ਪੱਧਰ ਤੇ ਆਪਣੇ ਆਪ ਨੂੰ ਸਮਝ ਕੇ, ਸਿੱਖ ਕੇ ਤੁਸੀਂ ਆਪਣਾ ਅੰਦਰ ਦਾ ਸੁਭਾਅ ਜਾਣ ਸਕਦੇ ਹੋ। ਜਦੋਂ ਤੁਸੀਂ ਇਹ ਕਰੋਗੇ ਤੁਸੀਂ ਆਪਣੀ ਅੰਤਰ ਆਤਮਾ ਤੋਂ ਸੁਚੇਤ ਹੋ ਜਾਓਗੇ। ਜਦੋਂ ਤੁਸੀਂ ਆਪਣੀ ਅੰਤਰ ਆਤਮਾ ਤੋਂ ਸੁਚੇਤ ਹੋ ਜਾਓਗੇ ਤਾਂ ਤੁਸੀਂ ਜਾਣ ਜਾਓਗੇ ਕਿ ਇਹ ਇਕ ਸ਼ੀਸ਼ਾ ਹੈ, ਉਹ ਸ਼ੀਸ਼ਾ, ਜਿਹੜਾ ਕਦੇ ਝੂਠ ਨਹੀਂ ਬੋਲਦਾ। ਜੇ ਤੁਸੀਂ ਆਪਣੇ ਆਪ ਨੂੰ ਕਹੋ, ਮੈਂ ਝੂਠਾ ਹਾਂ, ਪਰ ਜੇ ਤੁਸੀਂ ਝੂਠੇ ਨਹੀਂ, ਅੰਤਸ਼ਕਰਣ ਨਹੀਂ ਕਹੇਗਾ। ਜੇ ਤੁਸੀਂ ਆਪਣਾ ਮੂੰਹ ਰੰਗਦੇ ਹੋ, ਸ਼ੀਸ਼ਾ ਤੁਹਾਨੂੰ ਦੱਸੇਗਾ ਕਿਹੜਾ ਰੰਗ ਹੈ। ਜੇਕਰ ਸਾਰੀ ਦੁਨੀਆਂ ਕਹੇ, ਤੁਸੀਂ ਕਿੰਨੇ ਚੰਗੇ ਇਨਸਾਨ ਹੋ, ਤੁਹਾਡੀ ਅੰਤਰ ਆਤਮਾ ਨੂੰ ਪਤਾ ਹੈ, ਤੁਸੀਂ ਕੀ ਹੋ। ਜੇ ਤੁਸੀਂ ਝੂਠੇ ਹੋ, ਧੋਖੇਬਾਜ਼ ਹੋ, ਤੁਸੀਂ ਭਾਵੇਂ ਕਿੰਨਾਂ ਝੂਠ ਬੋਲੋ, ਤੁਹਾਡਾ ਅੰਤਹਕਰਣ ਫੇਰ ਵੀ ਤੁਹਾਨੂੰ ਸੱਚ ਹੀ ਦੱਸੇਗਾ।

ਅੱਜ ਦਾ ਮਨੁੱਖ ਆਪਣਾ ਅੰਤਹਕਰਣ ਮਾਰ ਰਿਹਾ ਹੈ। ਅਸੀਂ ਇਹ ਦੇਖਦੇ ਹਾਂ ਲੋਕ ਕੀ ਕਹਿੰਦੇ ਹਨ, ਅਸੀਂ ਕੀ ਹਾਂ। ਇਸ ਲਈ ਚੇਤਨ ਹੋਣ ਤੋਂ ਡਰਦੇ ਹਾਂ। ਇਹ ਇਸ ਕਰਕੇ ਹੈ, ਜਦੋਂ ਅਸੀਂ ਆਪਣੇ ਆਪ ਨੂੰ ਅੰਦਰੋਂ

ਜਾਨਣ ਲਗਦੇ ਹਾਂ, ਸਮਝਣ ਲਗਦੇ ਹਾਂ, ਅਸੀਂ ਆਪਣੇ ਵਿਅਕਤੀਤਵ ਦੇ ਉਸ ਭਾਗ ਤੇ ਪਹੁੰਚਦੇ ਹਾਂ ਜਿਸ ਨੂੰ ਅਸੀਂ ਨਿਖੇਦਧੇ ਰਹੇ ਹਾਂ, ਫੇਰ ਅਸੀਂ ਉਨ੍ਹਾਂ ਨਖੇਧੀ ਵਾਲੇ ਵਿਚਾਰਾਂ ਨਾਲ ਜੁੜ ਜਾਂਦੇ ਹਾਂ। ਇਹ ਨਖੇਧੀ ਵਾਲੇ ਵਿਚਾਰ ਬਿਮਾਰੀ ਦਾ ਘਰ ਹਨ। ਆਪਣੇ ਆਪ ਨੂੰ ਨਖੇਧਣਾ ਤੇ ਹਰ ਵੇਲੇ ਮੁਆਫੀ ਮੰਗਣਾ, sorry ਕਹਿਣਾ ਉਹ ਤੁਹਾਡਾ ਵਿਅਕਤੀਤਵ ਹੀ sorry ਬਣ ਜਾਂਦਾ ਹੈ ਤੇ sorry ਸਿਹਤ ਬਣ ਜਾਂਦੀ ਹੈ। ਹਰ ਵਾਰੀ ਜਦੋਂ ਤੁਸੀਂ sorry ਕਹਿੰਦੇ ਹੋ, ਤੁਹਾਨੂੰ ਬੁਰਾ ਲਗਦਾ ਹੈ। ਤੁਹਾਨੂੰ ਆਪਣੇ ਅੰਦਰ ਦੀ ਯੋਗਤਾ ਨੂੰ ਜਾਨਣਾ ਚਾਹੀਦਾ ਹੈ ਉਸ ਨੂੰ ਸਲਾਹੁਣਾ ਚਾਹੀਦਾ ਹੈ। ਤੁਹਾਡੇ ਅੰਦਰ ਤੇ ਬਾਹਰ ਦੇ ਦਵੰਦ ਤੁਹਾਨੂੰ ਕਮਜ਼ੋਰ ਕਰਦੇ ਹਨ। ਤੁਸੀਂ ਐਨੇ ਕਮਜ਼ੋਰ ਪੈ ਜਾਂਦੇ ਹੋ ਕਿ ਤੁਸੀਂ ਆਪਣੇ ਸਕਾਰਾਤਮਕ ਗੁਣਾਂ ਦਾ ਵੀ ਅਨੰਦ ਨਹੀਂ ਮਾਣ ਸਕਦੇ।

ਤੁਹਾਨੂੰ ਕਦੀ ਵੀ ਆਪਣੇ ਆਪ ਨੂੰ ਕਿਸੇ ਵਿਚਾਰ ਲਈ ਨਖੇਧਣਾ ਨਹੀਂ ਚਾਹੀਦਾ। ਜੇ ਕਦੀ ਤੁਸੀਂ ਕਿਸੇ ਆਦਮੀ ਨੂੰ ਮਾਰਨ ਦਾ ਸੋਚੋ, ਯਾਦ ਰੱਖੋ ਕਿ ਤੁਸੀਂ ਕੇਵਲ ਸੋਚਿਆ ਹੀ ਹੈ, ਤੁਸੀਂ ਵਾਸਤਵ ਵਿਚ ਮਾਰਿਆ ਨਹੀਂ। ਤੁਸੀਂ ਕਿਸੇ ਵਿਚਾਰ ਨੂੰ ਵਾਪਸ ਨਹੀਂ ਲੈ ਸਕਦੇ ਤੁਸੀਂ ਕੇਵਲ ਉਸ ਨੂੰ ਲੰਘਣ ਦੇ ਸਕਦੇ ਹੋ। ਤੁਹਾਨੂੰ ਕਦੇ ਵੀ ਆਪਣੇ ਵਿਚਾਰਾਂ ਨਾਲ ਅਭੇਦ ਨਹੀਂ ਹੋਣਾ ਚਾਹੀਦਾ। ਤੁਸੀਂ ਕੋਈ ਕਸੂਰਵਾਰ ਨਹੀਂ ਹੋ, ਕੋਈ ਮੁਜਰਮ ਨਹੀਂ ਕਿ ਕਿ ਤੁਹਾਡੇ ਵਿਚਾਰ ਬੁਰੇ ਹਨ, ਮਾੜੇ ਹਨ, ਤੁਸੀਂ ਉਦੋਂ ਮੁਜਰਮ ਬਣਦੇ ਹੋ ਜਦੋਂ ਤੁਸੀਂ ਉਨ੍ਹਾਂ ਮਾੜੇ ਵਿਚਾਰਾਂ ਨਾਲ ਤਦ ਰੂਪ ਹੋ ਕੇ ਕਰਮ ਕਰਦੇ ਹੋ। ਉਸ ਤੋਂ ਪਹਿਲੇ ਤੁਸੀਂ ਕਸੂਰਵਾਰ ਨਹੀਂ ਹੋ, ਜੇ ਤੁਸੀਂ ਉਨ੍ਹਾਂ ਵਿਚਾਰਾਂ ਨੂੰ ਜਾਣ ਦਿਓ, ਉਹ ਚਲੇ ਜਾਂਦੇ ਹਨ। ਸੋ ਜਿਸ ਕਰਕੇ ਤੁਸੀਂ ਆਪਣੇ ਆਪ ਨੂੰ ਨਖੇਧ ਰਹੇ ਹੋ ਉਹ ਕੁਝ ਵੀ ਨਹੀਂ। ਤੁਸੀਂ ਨਿਖੇਧੀਪਨ ਤੇ ਕਾਬੂ ਕੇਵਲ ਆਪਣੇ ਅੰਤਰ ਨਾਲ ਹੀ ਪਾ ਸਕਦੇ ਹੋ। ਆਪਣੀ ਆਤਮਾ ਦੇ ਬਲ ਨਾਲ ਹੀ ਪਾ ਸਕਦੇ ਹੋ, ਆਪਣੀ ਆਤਮਾ ਦੇ ਵਿਰੁੱਧ ਚਲਣਾ ਆਤਮਘਾਤ ਹੈ।

ਕੋਈ ਵੀ ਸੰਵੇਗ ਐਸਾ ਨਹੀਂ ਜਿਹੜਾ ਕਿਸੇ ਹੋਰ ਚੀਜ਼ ਨਾਲ ਸਬੰਧ ਨਾ ਰਖਦਾ ਹੋਵੇ। ਕੋਈ ਨਾ ਕੋਈ ਬਾਹਰ ਦੀ ਚੀਜ਼ ਨਾਲ ਜ਼ਰੂਰ ਸਬੰਧ ਹੁੰਦਾ ਹੈ। ਕੋਈ ਵੀ ਸੰਵੇਗ ਤੁਹਾਡਾ ਆਪਣਾ ਨਹੀਂ ਹੁੰਦਾ। ਜਦੋਂ ਤੁਸੀਂ ਕੋਈ ਵੀ ਮਨੋਵਿਕਾਰ ਅਨੁਭਵ ਕਰਦੇ ਹੋ। ਉਹ ਮਨੋਵਿਕਾਰ ਸੰਵੇਗ ਵਿਚ ਬਦਲ ਜਾਂਦਾ ਹੈ। ਸੰਵੇਗ ਤੋਂ ਭਾਵ ਹੈ ਸਬੰਧ, ਸਬੰਧ ਤੋਂ ਭਾਵ ਹੈ ਜੀਵਨ। ਜਦੋਂ ਤਕ ਤੁਸੀਂ ਜੀਵਨ ਵਿਚ ਭਾਗ ਨਾ ਲਵੋ, ਸ਼ਾਮਲ ਨਾ ਹੋਵੋ ਤੁਸੀਂ ਇਕੱਲੇ ਪੈ ਜਾਓਗੇ। ਇਕੱਲਾਪਣ ਬਹੁਤ ਸਾਰੀਆਂ ਬਿਮਾਰੀਆਂ ਦੀ ਜੜ੍ਹ ਹੈ। ਇਕ ਤਰ੍ਹਾਂ ਨਾਲ ਤਾਂ ਸਾਰੇ ਹੀ ਇਕੱਲੇ ਹਨ। ਭਾਵੇਂ ਇਕ ਦੂਸਰੇ ਨੂੰ ਮਿਲਦੇ ਹਨ, ਗੱਲਬਾਤ ਕਰਦੇ ਹਨ, ਜੱਫੀਆਂ ਪਾਉਂਦੇ ਹਨ। ਕਹਿੰਦੇ ਹਨ, ਅਸੀਂ ਇਕ ਦੂਸਰੇ ਨੂੰ ਪਿਆਰ ਕਰਦੇ ਹਾਂ ਪਰ ਵਾਸਤਵ ਵਿਚ ਸਭ ਇਕੱਲੇ ਹਨ। ਜੇਕਰ ਤੁਸੀਂ ਇਕੱਲੇਪਨ ਦਾ ਵਿਸ਼ਲੇਸ਼ਨ ਕਰੋ, ਤੁਸੀਂ ਦੇਖੋਗੇ, ਤੁਹਾਨੂੰ ਹੈਰਾਨੀ ਹੋਵੇਗੀ ਜਿਹੜੇ ਤੁਹਾਨੂੰ ਪਿਆਰ ਕਰਦੇ ਹਨ, ਉਹ ਹੀ ਤੁਹਾਨੂੰ ਇਕੱਲਾਪਨ ਦਿੰਦੇ ਹਨ। ਕੋਈ ਵੀ ਪਰਾਇਆ ਤੁਹਾਡੇ ਨਾਲ ਇਸ ਤਰ੍ਹਾਂ ਨਹੀਂ ਕਰ ਸਕਦਾ, ਤੁਹਾਡੇ ਇਕੱਲੇਪਨ ਤੋਂ ਭਾਵ ਹੈ ਕਿ ਤੁਹਾਡੇ ਸੰਵੇਗ ਤੁਹਾਡੇ ਕੰਟਰੋਲ ਵਿਚ ਨਹੀਂ। ਤੁਹਾਡੇ ਰਿਸ਼ਤਿਆਂ ਵਿਚ, ਤੁਹਾਡੇ ਸਬੰਧਾਂ ਵਿਚ ਕਿਤੇ ਕੋਈ ਗਲਤੀ ਹੈ। ਤੁਹਾਨੂੰ ਤਕੜੇ ਹੋਣਾ ਚਾਹੀਦਾ ਹੈ, ਸ਼ਕਤੀਸ਼ਾਲ ਹੋਣਾ ਚਾਹੀਦਾ ਹੈ। ਸ਼ਕਤੀਸ਼ਾਲ ਤੋਂ ਭਾਵ ਹੈ ਕਿ ਤੁਹਾਨੂੰ ਕਿਸੇ ਦੀ ਸਲਾਹ ਤੇ ਨਹੀਂ ਚਲਣਾ ਚਾਹੀਦਾ। ਇਸ ਤਰ੍ਹਾਂ ਹੀ ਸਲਾਹ ਨਹੀਂ ਮਨ ਮੰਨ ਲੈਣੀ ਚਾਹੀਦੀ, ਦੂਸਰਿਆਂ ਦੇ ਪ੍ਰਭਾਵ ਦੇ ਥੱਲੇ ਨਹੀਂ ਆ ਜਾਣਾ ਚਾਹੀਦਾ। ਖਾਸ ਕਰਕੇ ਜੇ ਕਿਸੇ ਦੀ ਨਖੇਧੀ ਵਾਲੀ ਸਲਾਹ ਹੋਵੇ। ਸਕਾਰਾਤਮਕ ਸਲਾਹ ਸਿੱਖਣ ਦਾ ਕਾਰਣ ਬਣ ਜਾਂਦੀ ਹੈ ਪਰ ਨਕਾਰਾਤਮਕ ਸਲਾਹ ਬਰਬਾਦੀ ਦਾ ਕਾਰਣ ਬਣ ਜਾਂਦੀ ਹੈ। ਸਵੈਘਾਤਕ ਬਣ ਜਾਂਦੀ ਹੈ।

ਤੁਸੀਂ ਕਿਸੇ ਵੀ ਸੰਵੇਗਕ ਸਮੱਸਿਆ ਦਾ ਵਿਸ਼ਲੇਸ਼ਨ ਕਰ ਸਕਦੇ ਹੋ, ਕੇਵਲ ਵਿਸ਼ਲੇਸ਼ਨ ਤੁਹਾਡੇ ਵਿਅਕਤੀਤਵ ਨੂੰ ਸੁਧਾਰ ਨਹੀਂ ਸਕਦਾ। ਤੁਹਾਨੂੰ ਆਪਣੇ ਆਪ ਨੂੰ ਸਿਖਣਾ ਪਵੇਗਾ। ਆਪਣੀ ਆਤਮਾ ਨੂੰ ਸੁਣ ਕੇ ਉਸ ਅਨੁਸਾਰ ਚਲਣ ਨਾਲ ਤੁਸੀਂ ਆਪਣੇ ਆਪ ਨੂੰ ਸਲਾਹ ਸਕਦੇ ਹੋ। ਆਪਣੇ ਗੁਣ ਜਾਣ ਸਕਦੇ ਹੋ, ਆਪਣੇ ਆਪ ਨੂੰ ਹੋਰ ਨਿਖੇਧਤਾ ਤੋਂ ਬਚਾ ਸਕਦੇ ਹੋ। ਇਹ ਇਕ ਚੰਗਾ ਤੇ ਸੋਹਣਾ ਸ਼ੁਰੂਆਤ ਹੈ ਪਰ ਇਹ ਤੁਹਾਡੀ ਬਣ ਚੁੱਕੀ ਆਦਤ ਨੂੰ ਨਹੀਂ ਹਟਾ ਸਕਦਾ। ਸੋ ਲੋੜ ਹੈ ਆਪਣੇ ਆਪ ਸੋਧਣ ਦਾ ਪ੍ਰੋਗਰਾਮ ਬਨਾਉਣ ਦੀ, ਆਪਣੇ ਆਪ ਨੂੰ ਬਦਲਣ ਦੀ। ਜੇ ਤੁਸੀਂ ਆਪਣੇ ਆਪ ਨੂੰ ਨਹੀਂ ਸੋਧਦੇ, ਭਾਵੇਂ ਤੁਹਾਨੂੰ ਆਪਣੀ ਸਮੱਸਿਆ ਪਤਾ ਵੀ ਲਗ ਜਾਵੇ, ਤੁਸੀਂ ਜਾਣ ਵੀ ਜਾਓ, ਪਰ ਤੁਸੀਂ ਉਸ ਤੋਂ ਛੁਟਕਾਰਾ ਨਹੀਂ ਪਾ ਸਕਦੇ। ਮਿਸਾਲ ਵਜੋਂ ਜੇ ਤੁਹਾਨੂੰ ਪਤਾ ਹੋਵੇ, ਤੁਹਾਨੂੰ ਦਰਦ ਇਸ ਖਾਸ ਜਗ੍ਹਾ ਹੋ ਰਿਹਾ ਹੈ, ਇਹ ਜਾਨਣ ਨਾਲ ਤਾਂ ਕੁਝ ਨਹੀਂ ਹੋਵੇਗਾ। ਤੁਹਾਨੂੰ ਉਹ ਦਰਦ ਹਟਾਉਣ ਲਈ ਕੁਝ ਕਰਨਾ ਪਵੇਗਾ। ਹਰ ਇਕ ਦੇ ਅੰਦਰ ਇਹ ਸਮਰੱਥਾ ਹੈ, ਲੋੜ ਹੈ ਉਸ ਤੋਂ ਚੇਤਨ ਹੋਣ ਦੀ, ਉਸ ਸੱਚ ਨੂੰ ਜਾਨਣ ਦੀ। ਉਨ੍ਹਾਂ ਯੋਗਤਾਵਾਂ ਨੂੰ ਜਾਨਣ ਦੀ ਜਿਹੜੀਆਂ ਤੁਹਾਡੇ ਅੰਦਰ ਹਨ, ਜਿਨ੍ਹਾਂ ਨੂੰ ਜਾਣ ਕੇ, ਪਛਾਣ ਕੇ ਤੁਸੀਂ ਸਥਾਈ ਖੁਸ਼ੀ ਪ੍ਰਾਪਤ ਕਰ ਸਕਦੇ ਹੋ।

*ਚਲਦਾ............।'*

## ਰਤਵਾੜਾ ਸਾਹਿਬ ਅਸਥਾਨ ਦੇ ਪ੍ਰੋਗਰਾਮ

ਸਾਰੇ ਐਤਵਾਰ ਰਤਵਾੜਾ ਸਾਹਿਬ, ਸਮਾਂ–12.00 ਤੋਂ 4.00 ਵਜੇ ਤੱਕ ।

ਸੰਗਰਾਂਦ – ਵੈਸਾਖਿ, 13 ਅਪ੍ਰੈਲ, ਦਿਨ ਵੀਰਵਾਰ (ਸਮਾਂ ਸਵੇਰੇ 5.30 ਤੋਂ 8.00 ਵਜੇ ਤੱਕ)

ਪੂਰਨਮਾਸ਼ੀ – 11 ਅਪ੍ਰੈਲ, ਦਿਨ ਮੰਗਲਵਾਰ (ਸਮਾਂ – ਦੁਪਹਿਰ 12.00 ਤੋਂ 4.00 ਵਜੇ ਤੱਕ)

ਅੰਮ੍ਰਿਤ ਸੰਚਾਰ – ਮਹੀਨੇ ਦੇ ਪਹਿਲੇ ਐਤਵਾਰ ਨੂੰ ਗੁਰਦਵਾਰਾ ਈਸ਼ਰ ਪ੍ਰਕਾਸ਼ ਰਤਵਾੜਾ ਸਾਹਿਬ ਵਿਖੇ ਹੁੰਦਾ ਹੈ।

## INTERNET MEDIA AND LIVE TELECAST

**Website :- www.ratwarasahib.in**

**Website :- www.ratwarasahib.org**

**Instagram : - RATWARA SAHIB (https://instagram.com/ratwara.sahib/)**

**You Tube :- https://www.youtube.com/user/babalakhbirsingh**

**Facebook:- https://www.facebook.com/ratwarasahib1**

**Twitter:- https://mobile.twitter.com/ratwarasahib13**

**Live Audio Link 1 - https://www.awdio.com/Ratwara Sahib**

**Live Audio Link 2 - https://mixlr.com/ratwara-sahib**

**E-mail :- sratwarasahib.in@gmail.com**

***Contact - 9569455861, 9417912900, 9814612900***

# ਜ਼ਰੂਰੀ ਬੇਨਤੀ

'ਆਤਮ ਮਾਰਗ' ਮੈਗਜ਼ੀਨ ਦੀ ਮੈਂਬਰਸ਼ਿਪ/ਰਿਨਿਊਲ ਜਾਂ ਦਸਵੰਧ ਪੰਜਾਬ ਐਂਡ ਸਿੰਧ ਬੈਂਕ ਦੀ ਕਿਸੇ ਵੀ ਸ਼ਾਖਾ ਰਾਹੀਂ ਹੇਠ ਲਿਖੇ ਬੈਂਕ ਖਾਤਿਆਂ ਵਿਚ ਭੇਜ ਸਕਦੇ ਹੋ।

## ਭਾਰਤ (INDIA)

### ਆਤਮ ਮਾਰਗ ਮੈਗਜ਼ੀਨ ਦੀ ਮੈਂਬਰਸ਼ਿਪ/ਰਿਨਿਊਲ ਭੇਜਣ ਲਈ

**VGRMCT/Atam Marg Magazine**
**S/B A/C No. 12861000000003** **RTGS/IFSC Code - PSIB0021286**
**Branch Code - C1286**

### ਦਸਵੰਧ ਭੇਜਣ ਲਈ –

**Vishav Gurmat Roohani Mission Charitable Trust**
**SB A/C No. 12861100000005** **RTGS/IFSC Code - PSIB0021286**
**Branch Code - C1286**

## ਵਿਦੇਸ਼ (Abroad)

**Vishav Gurmat Roohani Mission Charitable Trust**
**Punjab National Bank**
**SB A/C No. 0779000100179603**
**RTGS/IFSC Code - PUNB0077900**
**Branch Code - 077900**

ਜੇਕਰ ਚੈਕ ਜਾਂ ਬੈਂਕ ਡਰਾਫਟ ਰਾਹੀਂ ਮਾਇਆ ਭੇਜਣੀ ਹੋਵੇ ਤਾਂ ਉਪਰੋਕਤ ਅਨੁਸਾਰ **Gurudwara Ishar Parkash Ratwara Sahib, P.O. Mullanpur Garibdas. Distt SAS Nagar (Mohali) - 140901** ਨੂੰ ਭੇਜਿਆ ਜਾਵੇ ਜੀ। ਜੇਕਰ **Online** ਮਾਇਆ ਭੇਜਣੀ ਹੋਵੇ ਤਾਂ ਮਾਇਆ ਦਾ ਵੇਰਵਾ ਦਿੰਦੇ ਹੋਏ, ਆਪਣਾ ਨਾਂ ਅਤੇ ਪੂਰਾ ਪਤਾ ਮੋਬਾਈਲ ਨੰ: +91 98889 10777 'ਤੇ **sms** ਕੀਤਾ ਜਾਵੇ।

**ਬੇਨਤੀ ਹੈ ਕਿ ਜੇ ਆਪ ਜੀ ਹੁਣ ਤੱਕ ਆਤਮ ਮਾਰਗ ਪਤ੍ਰਿਕਾ ਦੇ ਮੈਂਬਰ ਨਹੀਂ ਬਣੇ ਤਾਂ ਇਸ ਫਾਰਮ ਨੂੰ ਭਰ ਕੇ ਮੈਂਬਰਸ਼ਿਪ ਪ੍ਰਾਪਤ ਕਰਨ ਦੀ ਕ੍ਰਿਪਾਲਤਾ ਕਰੋ ਜੀ। ਜੇ ਤੁਸੀਂ ਪਹਿਲਾਂ ਮੈਂਬਰ ਹੋ ਅਤੇ ਰਿਨਿਊਵਲ ਦਾ ਸਮਾਂ ਆ ਗਿਆ ਹੈ ਤਾਂ ਤੁਸੀਂ ਇਸ ਫਾਰਮ ਨੂੰ ਭਰ ਕੇ ਚੈਕ ਦੇ ਨਾਲ ਭੇਜੋ ਜੀ।**
**ਕਿਰਪਾ ਕਰਕੇ ਚੈਕ ਜਾਂ ਬੈਂਕ ਡਰਾਫਟ "VGRMCT/ATAM MARG MAGAZINE" ਦੇ ਨਾਂ ਤੇ ਭੇਜਿਆ ਜਾਵੇ ਜੀ।**

☐ ਨਵੀਂ ਮੈਂਬਰਸ਼ਿਪ ☐ ਰਿਨਿਊਵਲ ☐ ਲਾਈਫ ਮੈਂਬਰਸ਼ਿਪ

**within India** | *Foreign Membership*

| Subscription Period | By Ordinary Post/Cheque | By Registered Post/Cheque | | Annual | Life |
|---|---|---|---|---|---|
| 1 Year | Rs. 300/320 | | U.S.A. | 60 US$ | 600 US$ |
| 3 Year | Rs. 750/770 | | U.K. | 40 £ | 400 £ |
| 5 Year | Rs. 1200/1220 | | Euro | 50 € | 500 € |
| Life | Rs 3000/3020 | | | | |

ਪੁਰਾਣੇ ਅੰਕ ਮੰਗਵਾਉਣ ਲਈ ਟਿਕ ਕਰੋ ਜੀ: ਜਨਵਰੀ ☐ ਫਰਵਰੀ ☐ ਮਾਰਚ ☐ ਅਪ੍ਰੈਲ ☐ ਮਈ ☐ ਜੂਨ ☐ ਜੁਲਾਈ ☐ ਅਗਸਤ ☐ ਸਤੰਬਰ ☐ ਅਕਤੂਬਰ ☐ ਨਵੰਬਰ ☐ ਦਸੰਬਰ ☐

ਨਾਮ/Name ਅਤੇ ਪਤਾAddress..........................................................................................................

..........................................................................................................................................

..............................Pin Code........................................Phone.......................... E-mail :..............................

ਮੈਂ......................ਰੁਪਏ ਮਨੀਆਰਡਰ/ਬੈਂਕ ਡਰਾਫਟ/ਚੈਕ ਨੰ.......................ਮਿਤੀ...........................ਰਾਹੀਂ ਭੇਜ ਰਿਹਾ ਹਾਂ।

ਦਸਖਤ......................

# ਸੰਤ ਵਰਿਆਮ ਸਿੰਘ ਚੈਰੀਟੇਬਲ ਹਸਪਤਾਲ, ਰਤਵਾੜਾ ਸਾਹਿਬ

**ਸਮਾਂ : ਸਵੇਰੇ 9.30 ਤੋਂ 2.00 ਤੱਕ (ਐਤਵਾਰ ਤੋਂ ਸ਼ੁਕਰਵਾਰ)**

**ਡਾਕਟਰਾਂ ਦਾ ਸਮਾਂ – ਸਵੇਰੇ 10.00 ਤੋਂ 12.00 ਤੱਕ**

**ਫੋਨ ਨੰ: 98786-95178, 92176-93845,**

| | ਡਾਕਟਰ ਦਾ ਨਾਮ | ਸਪੈਸ਼ਲਿਸਟ | ਦਿਨ |
|---|---|---|---|
| 1. | ਡਾ. ਸੁਖਦੇਵ ਕੌਰ ਗਰੇਵਾਲ | ਔਰਤਾਂ ਸਬੰਧੀ ਰੋਗਾਂ ਦੇ ਮਾਹਿਰ | ਸੋਮਵਾਰ |
| 2. | ਡਾ. ਜਸਬੀਰ ਕੌਰ | ਜਨਰਲ ਮੈਡੀਸਨ | " |
| 3. | ਡਾ. ਸਵੇਤਾ | ਫੀਜ਼ੀਓਥਰੈਪਿਸਟ | ਸੋਮਵਾਰ ਤੋਂ ਸ਼ੁਕਰਵਾਰ |
| 4. | ਡਾ. ਹਰਬੰਸ ਸਿੰਘ | ਹੱਡੀਆਂ ਅਤੇ ਜੋੜਾਂ ਦੇ ਮਾਹਿਰ | ਮੰਗਲਵਾਰ |
| 5. | ਡਾ. ਤੇਜਿੰਦਰ ਸਿੰਘ | ਜਨਰਲ ਮੈਡੀਸਨ | " |
| 6. | ਜੇ.ਪੀ.ਆਈ ਹਸਪਤਾਲ ਮੋਹਾਲੀ ਵਲੋਂ ਡਾਕਟਰ | ਅੱਖਾਂ ਦੇ ਮਾਹਿਰ | " |
| 7. | ਸ੍ਰੀ ਮਾਈਕਲ ਜੀ | ਐਕਸਰੇ ਸਪੈਸ਼ਲਿਸਟ | ਮੰਗਲਵਾਰ ਅਤੇ ਵੀਰਵਾਰ |
| 8. | ਡਾ. ਐਮ. ਐਲ. ਕਟਾਰੀਆ | ਜਨਰਲ ਮੈਡੀਸਨ/ਸਰਜਨ, ਐਮ.ਐਸ, ਡੀ.ਐਨ.ਬੀ., ਡੀ.ਓ.ਐਮ.ਐਸ, ਡੀ.ਐਮ.ਆਰ.ਈ, ਫੈਲੋ ਇੰਡੀਅਨ ਅਕੈਡਮੀ ਆਫ ਮੈਡੀਕਲ ਸਪੈਸ਼ਲਿਟੀਜ਼) | ਬੁੱਧਵਾਰ |
| 9. | ਡਾ. ਭਗਤ ਸਿੰਘ ਮੱਕੜ | ਜਨਰਲ ਮੈਡੀਸਨ/ਈ.ਐਨ.ਟੀ/ਬਲੱਡ ਸ਼ੂਗਰ ਆਦਿਕ | ਬੁੱਧਵਾਰ |
| 10. | ਡਾ. ਜੇ. ਐਸ. ਗੁਜਰਾਲ | ਜਨਰਲ ਮੈਡੀਸਨ/ਬੱਚਿਆਂ ਦੇ ਸਪੈਸ਼ਲਿਸਟ | " |
| 11. | ਡਾ. ਆਰ.ਐਸ ਸੰਧੂ | ਹੱਡੀਆਂ ਅਤੇ ਜੋੜਾਂ ਦੇ ਸਪੈਸ਼ਲਿਸਟ | ਵੀਰਵਾਰ |
| 12. | ਡਾ. ਸੰਤੋਸ਼ ਅਨੇਜਾ | ਜਨਰਲ ਮੈਡੀਸਨ | " |
| 13. | ਡਾ. ਐਸ.ਕੇ ਬਾਂਸਲ | ਜਨਰਲ ਮੈਡੀਸਨ | ਸ਼ੁਕਰਵਾਰ |
| 14. | ਡਾ. ਵਰਿੰਦਰ ਸਿੰਘ | ਜਨਰਲ ਮੈਡੀਸਨ ਅਤੇ ਚਮੜੀ ਰੋਗਾਂ ਲਈ, ਏਅਰੋ ਸਪੇਸ ਮੈਡੀਸਨ | " |
| 15. | ਡਾ. ਭਗਤ ਸਿੰਘ ਮੱਕੜ | ਜਨਰਲ ਮੈਡੀਸਨ/ਈ.ਐਨ.ਟੀ/ਬਲੱਡ ਸ਼ੂਗਰ | ਐਤਵਾਰ |
| 16. | ਡਾ. ਜਿੰਦਲ, ਡਾ. ਗਰਗ | ਜਨਰਲ ਮੈਡੀਸਨ | " |
| 17. | ਡਾ. ਗੁਰਪ੍ਰੀਤ ਕੌਰ ਗਿੱਲ | ਹੋਮਿਉਪੈਥਿਕ | ਬੁੱਧਵਾਰ |
| 18. | ਦੰਦਾਂ ਦੇ ਡਾਕਟਰ | | ਮੰਗਲਵਾਰ ਅਤੇ ਵੀਰਵਾਰ |

# ਲੈਬੋਰੇਟਰੀ ਟੈਸਟ ਅਤੇ ਹੋਰ ਸਹੂਲਤਾਂ

**1. ਬਲੱਡ ਟੈਸਟ, 2. ਸਾਰੇ ਬਲੱਡ ਸੈੱਲ ਕਾਊਂਟ ਟੈਸਟ 3. ਬਲੱਡ ਸ਼ੂਗਰ ਟੈਸਟ 4. ਕਿਡਨੀ ਟੈਸਟ 5. ਲਿਵਰ ਟੈਸਟ 6.ਲਿਪਿਡ ਪਰੋਫਾਈਲ ਟੈਸਟ 7. ਥਾਇਰਾਇਡ ਟੈਸਟ, 8. ਹਿਮਿਓਗਲੋਬਿਨ ਟੈਸਟ 9. ਪੇਸ਼ਾਬ ਟੈਸਟ (ਰੁਟੀਨ ਅਤੇ ਕਲਚਰ) 10. ਸਟੂਲ ਟੈਸਟ, 11. ਈ.ਸੀ.ਜੀ , 12. ਐਕਸਰੇ**

*** ਸਾਰੇ ਲੈਬੋਰੇਟਰੀ ਟੈਸਟ ਅੱਧੀ ਕੀਮਤ ਤੇ ਕੀਤੇ ਜਾਂਦੇ ਹਨ ਅਤੇ ਮਰੀਜ਼ਾਂ ਨੂੰ ਦਵਾਈਆਂ ਬਿਨਾਂ ਮੋਖ (ਫਰੀ) ਦਿਤੀਆਂ ਜਾਂਦੀਆਂ ਹਨ।**

## ਜ਼ਰੂਰੀ ਸੂਚਨਾ

**ਹਰ ਐਤਵਾਰ ਨੂੰ ਹਸਪਤਾਲ ਖੁੱਲ੍ਹਾ ਰਹਿੰਦਾ ਹੈ। ਸਮਾਂ 11.00 ਤੋਂ 1.00 ਤੱਕ।**
**ਹਰ ਸ਼ਨੀਵਾਰ ਨੂੰ ਛੁੱਟੀ ਹੁੰਦੀ ਹੈ ।**

# ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ ਵੱਲੋਂ ਲਿਖਤ ਅਤੇ ਪ੍ਰਕਾਸ਼ਿਤ ਪੁਸਤਕਾਂ ਜੋ ਕਿ ਰਤਵਾੜਾ ਸਾਹਿਬ ਉਪਲੱਬਧ ਹਨ।

| | ਪੁਸਤਕ ਦਾ ਨਾਮ | ਪੰਜਾਬੀ | ਹਿੰਦੀ |
|---|---|---|---|
| 1. | ਸੁਰਤਿ ਸਬਦਿ ਮਾਰਗ | 120/- | 70/- |
| 2. | ਕਿਵ ਕੂੜੈ ਤੁਟੈ ਪਾਲਿ | 120/- | 35/- |
| 3. | ਬਾਤ ਅਗੰਮ ਕੀ (ਸੱਤ ਭਾਗਾਂ ਦਾ ਸੰਗ੍ਰਹਿ) | 400/- | 400/- |
| 4. | ਕਿਵ ਸਚਿਆਰਾ ਹੋਈਐ - (ਤਿੰਨ ਭਾਗਾਂ ਦਾ ਸੰਗ੍ਰਹਿ) | 400/- | |
| 5. | ਹੋਵੈ ਅਨੰਦੁ ਘਣਾ | | 30/- |
| 6. | ਚਉਥੈ ਪਹਰਿ ਸਬਾਹ ਕੈ | 55/- | 60/- |
| 7. | ਸੁਰਤਿਆਂ ਉਪਜੈ ਚਾਉ | 40/- | 60/- |
| 8. | ਬਾਬਾਣੀਆਂ ਕਹਾਣੀਆਂ | 50/- | 50/- |
| 9. | ਸਰਬ ਪ੍ਰਿਅ ਗੁਰੂ ਗੋਬਿੰਦ ਸਿੰਘ | 10/- | 10/- |
| 10. | ਅੰਮ੍ਰਿਤ ਫੁਹਾਰ | 10/- | 10/- |
| 11. | ਅਗੰਮ ਅਗੋਚਰ ਦਾ ਮਾਰਗ | 60/- | 70/- |
| 12. | ਪੁਰਾਤਨ ਟੀਕਾ - ਜਪੁਜੀ ਸਾਹਿਬ | 30/- | |
| 13. | ਅਮਰ ਜੋਤਾਂ | 20/- | 15/- |
| 14. | ਹਿਮਾਲਿਆ ਦੇ ਸੰਤਾਂ ਦੇ ਸੰਗ ਨਿਵਾਸ | 100/- | |
| 15. | ਅਮਰ ਗਾਥਾ | 200/- | 100/- |
| 16. | ਧਰਮ ਯੁਧ ਕੇ ਚਾਇ | 50/- | |
| 17. | ਪਵਿੱਤਰ ਪੈਂਡਾ | 25/- | |
| 18. | ਭਗਤ ਪ੍ਰਹਿਲਾਦ | 10/- | 10/- |
| 19. | ਵੈਸਾਖੀ | 10/- | 10/- |
| 20. | ਸਾਜਨ ਚਲੇ ਪਿਆਰਿਆ | | 10/- |
| 21. | ਅਬਿਨਾਸੀ ਜੋਤ ਭਾਗ - 1 | 90/- | 90/- |
| 22. | ਅਬਿਨਾਸੀ ਜੋਤ ਭਾਗ - 2 | 90/- | |
| 23. | ਪੰਚ ਪਰਵਾਣ (ਦੋ ਭਾਗਾਂ ਦਾ ਸੰਗ੍ਰਹਿ) (ਰੂਹਾਨੀ ਗੁਲਦਸਤਾ ਭਾਗ 1 ਅਤੇ 2) | 200/ | |
| 24. | ਸੰਤ ਤੁਮਾਰੇ ਤੁਮਰੇ ਪ੍ਰੀਤਮ | 50/- | |
| 25. | ਗੁਰੂ ਅਮਰਦਾਸ ਪਰਸੀਐ | 100/- | |
| 26. | ਅਨੰਦਮਈ ਜੀਵਨ ਜਾਚ | 50/- | |
| 27. | ਪੱਤਰਕਾਰ ਦੇ ਪ੍ਰਸ਼ਨ ਮਹਾਂਪੁਰਸ਼ਾਂ ਵਲੋਂ ਉੱਤਰ | 60/- | |
| 28. | ਅਨੁਭਵੀ ਪ੍ਰਵਚਨ | 300/- | |
| 29. | ਅੰਦਰਲੀ ਖੋਜ | 300/- | |
| 30. | ਸਿਮਰਤ ਕਹਾਂ ਨਹੀਂ | 300/- | |
| 31. | ਰੂਹਾਨੀ ਪ੍ਰਵਚਨ | 35/- | |
| 32. | 'ਸੇਵਾ ਸਿਮਰਨ ਜੁਗਤੀਆਂ | 250/- | |
| 33. | 'ਮਾਨੁਖ ਤਨ ਦਾ ਪ੍ਰਯੋਜਨ' | 300/- | |
| 34. | ਜੀਵਨ ਜੁਗਤਿ | 440/- | |
| 35. | ਮਾਰਗ ਚੋਣ | 60/- | |
| 36. | ਮਨੋਭਾਵਾਂ ਦੀ ਰਚਨਾਤਮਕ ਵਰਤੋਂ | 50/- | |
| 37. | ਆਤਮ ਗਿਆਨ | 120/- | |
| 38. | ਜਨਮ ਪਦਾਰਥੁ ਸਫਲੁ ਹੋਇ | 120/- | |
| 39. | ਜਨ ਪਰਉਪਕਾਰੀ ਆਏ (ਭਾਗ -1) | 65/- | |
| 40. | ਜਨ ਪਰਉਪਕਾਰੀ ਆਏ (ਭਾਗ -2) | 65/- | |

| | ਪੁਸਤਕ ਦਾ ਨਾਮ | ਪੰਜਾਬੀ |
|---|---|---|
| 41. | ਗੁਰ ਅੰਗਦ ਅਮਰ ਨਿਧਾਨ | 10/- |
| 42. | ਕਲਜੁਗਿ ਜਹਾਜ ਅਰਜੁਨ ਗੁਰ | 100/- |
| 43. | ਧਰਮ ਹੇਤਿ ਸਾਕਾ | 20/- |
| 44. | ਮੰਝ ਗੁਰੂ ਕਾ ਬੋਹਿਥਾ | 30/- |
| 45. | ਜਾ ਕੈ ਮਨਿ ਗੁਰ ਕੀ ਪਰਤੀਤ | 30/- |
| 46. | ਗੁਰੂ ਗ੍ਰੰਥ ਜੀ ਮਾਨਿਓ | 10/- |
| 47. | ਬਾਬਾ ਬੰਦਾ ਸਿੰਘ ਬਹਾਦਰ | 10/- |
| 48. | ਤ੍ਰੈ ਸ਼ਤਾਬਦੀ | 20/- |

| | English Version | Price |
|---|---|---|
| 1. | Baisakhi (ਵੈਸਾਖੀ) | . 5/- |
| 2. | How Rend The Veil of Untruth (ਕਿਵ ਕੂੜੈ ਤੁਟੈ ਪਾਲਿ) | . 70/- |
| 3. | Discourses on the Beyond-1 (ਬਾਤ ਅਗੰਮ ਕੀ ਭਾਗ ੧) | 50/- |
| 4. | Discourses on the Beyond -2 (ਬਾਤ ਅਗੰਮ ਕੀ ਭਾਗ ੨) | 50/- |
| 5. | Discourses on the Beyond -3 (ਬਾਤ ਅਗੰਮ ਕੀ ਭਾਗ ੩) | 50/- |
| 6. | Discourses on the Beyond -4 (ਬਾਤ ਅਗੰਮ ਕੀ ਭਾਗ ੪) | 60/- |
| 7. | Discourses on the Beyond -5 (ਬਾਤ ਅਗੰਮ ਕੀ ਭਾਗ ੫) | 60/- |
| 8. | The way to the imperceptible (ਅਗੰਮ ਅਗੋਚਰ ਦਾ ਮਾਰਗ) | 80/- |
| 9. | The Lights Immortal (ਅਮਰ ਜੋਤਾਂ) | 20/- |
| 10. | Transcendental Bliss (ਚਉਥੈ ਪਹਿਰ ਸਬਾਹ ਕੈ) | 70/- |
| 11. | How to Know Thy Real Self-(Vol-1) (ਕਿਵ ਸਚਿਆਰਾ ਹੋਈਐ) | 80/- |
| 12. | How to Know Thy Real Self-(Vol-2) (ਕਿਵ ਸਚਿਆਰਾ ਹੋਈਐ) | 80/- |
| 13. | How to Know Thy Real Self-(Vol-3) (ਕਿਵ ਸਚਿਆਰਾ ਹੋਈਐ) | 110/- |
| 14. | The Dawn of Khalsa Ideals | . 10/- |
| 15. | A Glimpse of His Holiness - Baba ji | . 5/- |
| 16. | Divine Word Contemplation Path', (ਸੁਰਤਿ ਸਬਦਿ ਮਾਰਗ) | 150/– |
| 17. | The Story of Immortality (ਅਮਰ ਗਾਥਾ) | 260/– |
| 18. | Why not thy contemplate the Lord? (ਸਿਮਰਤ ਕਹਾ ਨਹੀਂ ?) | 200/– |

**ਉਪਰੋਕਤ ਪੁਸਤਕਾਂ ਆਪ ਜੀ ਮਨੀਆਰਡਰ,ਚੈਕ ਜਾਂ ਬੈਂਕ ਡਰਾਫਟ ਰਾਹੀਂ ਰਤਵਾੜਾ ਸਾਹਿਬ ਤੋਂ ਮੰਗਵਾ ਸਕਦੇ ਹੋ ਜਾਂ ਟਰਸਟ ਦੇ ਅਕਾਊਂਟ ਵਿੱਚ ਸਿੱਧੀ ਮਾਇਆ ਜਮਾਂ ਕਰਵਾ ਕੇ ਮੋਬਾਇਲ ਨੰਬਰ 9417214391, 9417214379, 8437812900 ਤੇ ਸੂਚਿਤ ਕਰ ਸਕਦੇ ਹੋ।**

**A/c Name : VGRMCT / Atam Marg Magazine**
Punjab & Sind Bank - **S/B A/C No. 12861000000003**
**RTGS/IFSC Code - PSIB0021286\ Branch Code - C1286**

**Our Address: VGRMCT, Gurdwara Ishar Parkash, Ratwara Sahib,
(Near New Chandigarh) P.o. Mullanpur Garibdas, Teh. Kharar, Distt. S.A.S Nagar (Mohali)
140901, Pb. India**

# How to Serve The Lord and Meditate on Him ?

*Sant Waryam Singh Ji*
*English Translation: Prof. Beant Singh*

*(Continued from P. 79, issue* March, *2017)*

The 'soul' is without any kind of alternative or substitute, while the mind is; the 'soul' is the master, while the 'mind' is its property. In this way, the sentient soul and the insentient mind are extremely different from each other. But owing to 'ignorance' or 'illusion' the two seem to be similar. The *'jeev'* (sentient being) has no knowledge of 'self', and neglecting its soul-aspect out of ignorance, considers itself to be the 'mind'. Such a crease or misapprehension in the mind is called 'asimita' torment. It is also called *'hirdaygranthi'* (a knot in the mind). This is the causative link to show a close and intimate relationship between incompatible soul and mind. Owing to this an illusion is created that the soul is in bondage which is totally without company and is desireless. Due to this torment, soul-aspect seems to be manifested in the sense organs and the body. Its two forms are 'pride' and 'attachment' which are called 'ego'. Owing to this ignorance, man becomes attached to things which afford joy and peace to his body and mind. This gives birth to the torment of *'raag'* (love and attachment) in man's mind.

## *'Raag'* Torment (Love and attachment)

After having obtained an object of pleasure, the desire left in the heart for indulging in it, is called 'attachment'. This means that the desire for these things and sensual delights which afford pleasure to the sense organs, and the longing, lust and greed for their acquisition and enjoyment leave residual proclivities in the mind. This is called the *'raag'* (attachment) torment. This attachment becomes the cause of *'dwesh'* (enmity) because since the proclivities of 'attachment' become firmly etched in the mind, man becomes extremely restless and impatient to acquire all those things and means which afford sensual pleasures. When some persons seem to create hurdles in his path, he develops enmity against them in his heart.

## *Dwesh* (Enmity)

When the desire for the acquisition of the means of pleasure is not fulfilled, man's mind becomes disturbed and unsettled. He tries to find out, if somebody has created hurdles in his path. Many thoughts and apprehensions invade his mind. Sometimes, he thinks that, perhaps. some hidden occult powers are creating hurdles. Sometimes, he attributes these difficulties and obstacles to his rivals or adversaries. Sometimes, he curses his fate and thinks that some inauspicious stars are creating hurdles in his undertakings which were running smoothly. As far as possible, he thinks of their remedies and solutions. Many times, he comes to know about the persons who are

creating difficulties for him. When this thought gains ground in the mind, he cannot be at peace. His mind is in a state of turmoil and confusion. He is filled with the desire for revenge, enmity and hostility. He becomes ready to stoop to the lowest level to take revenge. When the heart's desires are not fulfilled, he is filled with enmity, hostility and vindictive anger, which start destroying his body, and the mind is ever disturbed and distressed. Experiencing defeat and failure in life, he heaves long sighs and holds others responsible for his lot. Devoid of peace and contentment, his life becomes a virtual hell. The powerful proclivities in the mind for complete deliverance from sorrows and attainment of joy are also the cause of '*abhinivesh*' torment. In this way, this 'jeev' (sentient being), caught in the five torments, becomes an extrovert (a person concerned more with external reality than inner feelings). Owing to these proclivities, his cycle of birth and death does not end; that is, he does not gain liberation. His transmigration is not annulled. In these five tendencies of the mind, the whole world is divided. The aggregate of these five is the form and character of the world. There are many divisions in the innermost consciousness. The wise have divided these tendencies into fifty parts, which are called fifty streams. These are called fifty hunters also which is indicated in Gurbani too –

*'In the lake there is but one bird, but there are fifty snarers.*
*This body is caught in the waves of desires.*
*O True Lord! my hope is in Thee, alone.'*
*P. 1384*

*ਸਰਵਰ ਪੰਖੀ ਹੇਕੜੋ ਫਾਹੀਵਾਲ ਪਚਾਸ ॥*
*ਇਹੁ ਤਨੁ ਲਹਰੀ ਗਡੁ ਥਿਆ ਸਚੇ ਤੇਰੀ ਆਸ ॥*

In the sacred books on spiritualism, Sankracharya has divided them into six octets, which require detailed consideration. Therefore, I won't go into their detail. Similarly there is a lot of confusion about the tendencies in us. Chief among these tendencies are:

1. Parmaan
2. Viparjay
3. Nindra
4. Vikalup
5. Simriti

The following is their brief description:

**1.Parmaan:** It is like this that man gives up the contemplation of the all-pervasive God, who ever sees and hears, and about whom the Gurbani edict is –

*'He sees, hears, and is ever with me but I, a fool, deem Him to be distant.' P. 612*

*ਪੇਖਤ ਸੁਨਤ ਸਦਾ ਹੈ ਸੰਗੇ ਮੈ ਮੂਰਖ ਜਾਨਿਆ ਦੂਰੀ ਰੇ ॥*

He remains ever oblivious of the Lord's Supreme Existence, and his mind is all the 24 hours absorbed in the visible things of the empirical world experienced through the five senses—things he can see, smell, touch and taste. Even when urged, he does not wean away his mind's concentration from these things of the visible world which fall in the domains of speech, touch, form, relish and smell. Even by mistake, he does not focus his attention on the Lord who abides in all. This mental tendency is called '*Parmaanbirti*' (tendency to insist on proof) in which he depends on empirical proof or evidence only.

**2.Viparjay:** This is the mental tendency in which man regards what is true as untrue, and what is fake as true. If there is any 'True Existence' in the world that is of God Himself. All the creation based on

this True One has both 'name' and 'form' and is subject to change. It never remains the same or in the same state. A human being is first a child, then a youth and finally an old man. Old age is a disease in which man decays and dies. So, this body does not remain in the same state. It is changeable. Similarly, that which has a form other than that of God, whether they are subtle or material forces, all are changeable. Man's mind, completely overwhelmed by the darkness of ignorance, ever remains absorbed in and satisfied with transient sensual pleasures, and it does not take interest in God even by mistake. In this inclination of the mind, man considers the world to be real, and Lord Creator, unreal or untrue. The foolish *'jeev'* (sentient being) even goes to the extent of claiming that there is no entity by the name of God, and that it is an invention of the mind of clever persons to cheat and entrap simple and innocent people. Even after much explaining and reasoning, he does not change his opinion. As a result, this *'jeev'* (sentient being) continues to take birth and die again and again. He continues to go round and round in the cycle of birth and death like the pots of a persian wheel in a well. This mental tendency or state neither lets man realize the truth, nor become devoted to it.

**3.Nindra:** In the 'Three Qualities' of Maya (Mammon) is man ever asleep, and caught in five illusions is he ever wavering. Even on hearing the teachings of the holy, he does not wake up and his entire life is spent in sleep:

*'In the Three Qualities is the world wandering, asleep;*
*In sleep life's night is passed.'* *P. 920*
ਤਿਹੀ ਗੁਣੀ ਸੰਸਾਰੁ ਭ੍ਰਮਿ ਸੁਤਾ ਸੁਤਿਆ ਰੈਣਿ ਵਿਹਾਣੀ॥

This *'jeev'* (sentient being) does not wake up and lost in deep slumber and having many pleasant dreams of the world, he finally departs.

4. Fourth, mental tendency is called *'Vikalap'*. While doing God's devotional worship and Name meditation, this tendency pulls the mind's concentration towards things one has seen, heard and tested. It neither lets the mind focus on the holy Word melody, nor lets it reflect on the holy men's discourses with equability. It becomes a very big hurdle in the way of engaging in Divine Name meditation and God's devotional worship. Mind continues to wander, and going through joys and sorrows in the flights of imagination, it remains disturbed and distressed.

5. Fifth mental inclination is called *'Simritibirti'*. It is extremely dangerous. Man becomes so much absorbed in it that he never forgets things and experiences of the past. He remembers painful experiences which disturb his mental equilibrium and lead his mind into inimical and revengeful thoughts. He goes into depression which affects his physical health seriously and impairs it. This too gets added to his store of recollections. In the course of our life, we have had to deal with many persons who caused us pain, suffering and financial loss, and created social hurdles. Their memory, lying in some recess of our psyche, makes it foul-smelling. The moment we remember them, mind's concentration is disturbed and our blood boils with anger and agony, but we gain nothing from it. So, this mental tendency is a big hurdle in the path of practising Divine Name meditation and doing God's devotional worship. Therefore,

**concentrating our mind, we should recite the following -**

*Refrain: Sing laudations of the Lord, my dear,*
*By concentrating your mind.*

***ਧਾਰਨਾ – ਜਸ ਕਰੋ ਵਾਹਿਗੁਰੂ ਦਾ, ਪਿਆਰਿਓ,***
***ਚਿਤ ਨੂੰ ਇਕਾਗਰ ਕਰਕੇ***

*'Devotee friends! ever laud the Lord with minds awake and concentrated.'* *P. 295*

***ਪ੍ਰਭ ਕੀ ਉਸਤਤਿ ਕਰਹੁ ਸੰਤ ਮੀਤ ॥***
***ਸਾਵਧਾਨ ਏਕਾਗਰ ਚੀਤ ॥***

**So, kindly pay attention to the long submission I have made before you. For rising above these predilections of the mind, the Guru's holy congregation serves as a very big fort. It is very difficult for our enemy to enter this fort. Here, focusing your mind on the Guru Granth Sahib, you should listen to the discourses with your ears, and using the Guru-bestowed power of reflection, you should imbibe the auspicious parts of the holy discourses in your heart and mind. Thereby, shall you be fully benefited. I hope that my repeated submission must have been registered in your mind that you should focus your attention on the Guru's holy Word. So long as you do not pay attention, Gurbani will not have any impact on you. We are negligent in reflecting on Gurbani. If by reflecting on Gurbani, we imbibe all these teachings and principles in our heart and mind, then, it won't be difficult to gain complete knowledge. Guru Sahib describes the merit of listening to the holy teaching in *'Japu Ji'*. This state of listening to and imbibing holy teaching is attained by rising above all these mental inclinations and torments. Then comes the state of believing in it. The biggest hurdle in attaining to this state is layer after layer of the scum of the predilections of earlier births.**

*'The scum of multiple births is sticking to this soul and it has become pitch black. The oilman's rag turns not white by washing, even though it be washed a hundred times.'* *P. 651*

***ਜਨਮ ਜਨਮ ਕੀ ਇਸੁ ਮਨ ਕਉ ਮਲੁ ਲਾਗੀ***
***ਕਾਲਾ ਹੋਆ ਸਿਆਹੁ ॥***
***ਖੰਨਲੀ ਧੋਤੀ ਉਜਲੀ ਨ ਹੋਵਈ***
***ਜੇ ਸਉ ਧੋਵਣਿ ਪਾਹੁ ॥***

**These layers serve as a bad conductor and do not let even the best of holy teachings enter the innermost consciousness. As long as man attends the holy congregation, he is influenced a little by the power of the holy company and the holy Word, but it is very difficult to break through the layers of these impurities of earlier births. To pierce through these layers, man has to undertake earnest spiritual endeavours; he has to practise Divine Name meditation and engage in God's devotional worship. Under the guidance and loving care of an accomplished holy man, this process becomes easy. Take it like this: when we have to convey the Guru's word to the innermost consciousness through the layers of impurities, we act in the same manner as we do to reach water while making a bore into the earth. The holy men's opinion is that if we make a bore into the inner consciousness with sufferings, then piercing through man's frolics, they usher him into a state of joy and peace, otherwise, in normal circumstances, labouring under various influences, he does not listen to anyone. Therefore, suffering is like an injection in the vein, which affects immediately. Guru Sahib says:**

*'Suffering is turned the medicine, pleasure is malady; where pleasure is, devotion is not'.* *P. 469*

***ਦੁਖ ਦਾਰੂ ਸੁਖੁ ਰੋਗੁ ਭਇਆ***
***ਜਾ ਸੁਖੁ ਤਾਮਿ ਨ ਹੋਈ ॥***

**In this context, Guru Sahib advises us.**

**Recite with love and devotion –**

*Refrain: Attach thyself in love to the Lord, O my mind, attach thyself in Love to the Lord.*

ਧਾਰਨਾ – ਰਾਮ ਸਿਉ ਕਰ ਪ੍ਰੀਤ,
ਮੇਰੇ ਮਨ ਰਾਮ ਸਿਉ ਕਰਿ ਪ੍ਰੀਤ

*'O my mind! attach thyself in love to the Lord:*
*Let thy ears be ever attentive to the Lord's laudation,*
*And chant thou ever songs of His glory.*
*Seek ever holy company, bear ever in mind the Lord,*
*And be thus exalted from thy fallen state,'*
*P. 631*

ਰੇ ਮਨ ਰਾਮ ਸਿਉ ਕਰਿ ਪ੍ਰੀਤਿ ॥
ਸ੍ਰਵਨ ਗੋਬਿੰਦ ਗੁਨੁ ਸੁਨਉ
ਅਰੁ ਗਾਉ ਰਸਨਾ ਗੀਤਿ ॥
ਕਰਿ ਸਾਧ ਸੰਗਤਿ ਸਿਮਰੁ ਮਾਧੋ
ਹੋਹਿ ਪਤਿਤ ਪੁਨੀਤ ॥

**Impurity of multiple births is washed off by coming to the company of the holy–**

*'Brother! at God's holy feet offer worship,*
*Whereby may doubt and fear be destroyed.*
*Brother! in holy company purify the mind,*
*And in the Name Divine find lodgement.*
*Brother! thus shall darkness of ignorance be effaced,*
*And the lotus of the heart be illumined.*
*Brother! by the Master's teaching arises joy-*
*With the holy Preceptor lie all blessings.*
*Brother! discard thoughts of mine and thine-*
*Turn dust of feet of all.*
*In each being, brother! is the Supreme Being pervasive.*
*All He watches and hears in His presence.*
*Brother! on the day on which is the Supreme Being put out of mind,*
*Does one die pining.*
*Brother! Almighty is He, Lord of all faculties'.* *P. 639-40*

ਸਚੇ ਚਰਣ ਸਰੇਵੀਅਹਿ ਭਾਈ
ਭ੍ਰਮੁ ਭਉ ਹੋਵੈ ਨਾਸੁ ॥
ਮਿਲਿ ਸੰਤ ਸਭਾ ਮਨੁ ਮਾਂਜੀਐ
ਭਾਈ ਹਰਿ ਕੈ ਨਾਮਿ ਨਿਵਾਸੁ ॥
ਮਿਟੈ ਅੰਧੇਰਾ ਅਗਿਆਨਤਾ
ਭਾਈ ਕਮਲ ਹੋਵੈ ਪਰਗਾਸੁ ॥
ਗੁਰ ਬਚਨੀ ਸੁਖੁ ਊਪਜੈ ਭਾਈ
ਸਭਿ ਫਲ ਸਤਿਗੁਰ ਪਾਸਿ ॥
ਮੇਰਾ ਤੇਰਾ ਛੋਡੀਐ ਭਾਈ
ਹੋਈਐ ਸਭ ਕੀ ਧੂਰਿ ॥
ਘਟਿ ਘਟਿ ਬ੍ਰਹਮੁ ਪਸਾਰਿਆ
ਭਾਈ ਪੇਖੈ ਸੁਣੈ ਹਜੂਰਿ ॥
ਜਿਤੁ ਦਿਨਿ ਵਿਸਰੈ ਪਾਰਬ੍ਰਹਮੁ
ਭਾਈ ਤਿਤੁ ਦਿਨਿ ਮਰੀਐ ਝੂਰਿ ॥
ਕਰਨ ਕਰਾਵਨ ਸਮਰਥੋ ਭਾਈ
ਸਰਬ ਕਲਾ ਭਰਪੂਰਿ ॥

**By coming into the holy company does one fall in love with such a Lord. Countless are His attributes. He cherishes the meritless; He provides sustenance to all. Beloved and beautiful is His Name. He who meets the True Guru gains enlightenment. Living without such a holy Preceptor is meaningless and worthless. By keeping the company of the holy, man imbibes love and devotion for the Lord, the Possessor of all powers. Those who are bereft of God's love and devotion, die again and again.**

*'Brother! those that devotion to the Lord have not formed,*
*In sorrow ever suffer.'* *P. 640*

ਜਿਨਾ ਪ੍ਰੀਤਿ ਨ ਲਗੀਆ ਭਾਈ
ਸੇ ਨਿਤ ਨਿਤ ਮਰਦੇ ਝੂਰਿ ॥

**When by coming to the holy company, mind's impurity is washed off with the Guru's holy Word, it is scrubbed clean and it shines, then in it God's Name is illumined.**

**Those who have attended the earlier *'diwans'* (congregations) regularly, know that the subject had been explained in detail. There was a devotee named Bhai Tiloka Ji, who had attained to the perfect state of exaltation and come to be accepted and approved at the Divine Portal. He had acquired *'Brahmgyan'* (Knowledge of 'Brahm' or Ultimate Reality) at a young age. Guru Nanak Sahib bestowed his boundless**

grace upon him and he had got merged in the Guru. Crossing the region of time, he had become a denizen of the Region of Eternality or Timelessness. Rising from the bare earth, he was enjoying the bliss of heavens. Flying from a low state of the mind, he had started enjoying the bliss of the exalted state. Tenth Guru Sahib says that the ecstasy of this state is beyond description. In this state no difference is left between the Guru and the devotee; he becomes an image of the Guru.

*'The True Khalsa is one who has experienced the ecstasy of self-realization.'*
*Sarb Loh Granth*

ਆਤਮ ਰਸ ਜਿਹ ਜਾਨਹੀ ਸੋ ਹੈ ਖ਼ਾਲਸ ਦੇਵ।।

Tenth Guru Sahib says: "There is no difference between me and him who lives in the world enjoying the pleasure-giving swings of self-realization". Such a Guruward or Guru-directed person is described as one who has become one with the Guru. Tenth Guru Sahib has honoured such Gursikhs by calling them 'Khalsa'. They are totally merged in the Guru. Their own personal existence merges in the Guru's person and no difference is left between them, the Guru and God.

*'There is no difference between God, I and him.'* *Sarb Loh Granth*

ਪ੍ਰਭ ਮਹਿ ਮੋ ਮਹਿ ਤਾਸ ਮਹਿ ਰੰਚਕ ਨਾਹਨ ਭੇਵ॥

He has attained to the state of the *Khalsa* (the Pure). We have complete faith in him. The Guru is in him and he is in the Guru.

*'The servant of God is in the Supreme being absorbed, the Supreme Being in his self: The two without doubt are one'* *P. 287*

ਬ੍ਰਹਮ ਮਹਿ ਜਨੁ ਜਨ ਮਹਿ ਪਾਰਬ੍ਰਹਮੁ॥
ਏਕਹਿ ਆਪਿ ਨਹੀ ਕਛੁ ਭਰਮੁ॥

The similarity or identicalness between the saint and the Lord is not partial or a certain percent; it is complete. The two become indistinct from each other. No trace of egoism is left in the devotee. It is about such a Gursikh that Tenth Guru Sahib says-

*'The Khalsa is fashioned in my own characteristic image.*
*In the Khalsa do I abide.'* *Sarb Loh Granth*

ਖ਼ਾਲਸਾ ਮੇਰੋ ਰੂਪ ਹੈ ਖ਼ਾਸ॥
ਖ਼ਾਲਸੇ ਮਹਿ ਹੌਂ ਕਰੌ ਨਿਵਾਸ॥

These days, out of ignorance not understanding this exalted state of the Sikh, we address every Sikh as the Khalsa. Many persons use the appellation of *'Khalsa'* also after their name; but the *'Khalsa'* (The Pure) state is of those Sikhs about whom the Guru's edict is –

*'Those that never are forgetful of God—*
*What kind of men are they? Know, between them and the Lord no distinction is—The Lord's own aspect they bear.'* *P. 397*

ਜਿਨਾ ਨਾ ਵਿਸਰੈ ਨਾਮੁ ਸੇ ਕਿਨੇਹਿਆ॥
ਭੇਦੁ ਨ ਜਾਣਹੁ ਮੂਲਿ ਸਾਂਈ ਜੇਹਿਆ॥

So, such an exalted holy person of the age 22 years, named Bhai Tiloka Ji and blessed by Guru Nanak Sahib was leading a Guruward or Guru-directed life. He was the only son of Chaudhri Bhai Bhagirath Ji of Malsihan. When Guru Nanak Sahib was away on his long travels for the good and welfare of mankind, Gursikhs blessed by Guru Sahib pursued their spiritual journey by meeting one another. Two such exalted and blessed Sikhs named Bhai Jodh Ji and Bhai Phirna Ji used to live in the *'doab'* (region between two rivers) of the Ravi and the Chenab. It was to meet them that Bhai Tiloka Ji was going through a jungle. Seeing a water source flowing, he sat on an elevated spot in the tall grass. The daughter of a small Raja (ruler) of the region and her friends riding horses happened to come to

this beautiful spot, where Bhai Tiloka Ji sat lost in a spiritual trance. Absorbed in love and devotion for his Master, he was enjoying the bliss of deep meditation.

